# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. (ਲੋਕ ਪ੍ਰਸ਼ਾਸ਼ਨ) ਭਾਗ ਤੀਜਾ        ਸਮੈਸਟਰ ਛੇਵਾਂ

ਪੇਪਰ : ਵਿਕਾਸ ਪ੍ਰਸ਼ਾਸ਼ਨ (ਵਿਸ਼ੇਸ਼ਕਰ ਪੰਜਾਬ ਦੇ ਸੰਬੰਧ ਵਿੱਚ)

ਮੀਡੀਅਮ : ਪੰਜਾਬੀ        ਯੂਨਿਟ : 1

ਪਾਠ ਨੰ.


1.1 : ਵਿਕਾਸ ਪ੍ਰਸ਼ਾਸਨ : ਅਰਥ, ਉਦੇਸ਼, ਪ੍ਰਕਿਰਤੀ, ਖੇਤਰ

1.2 : ਵਿਕਸਤ ਦੇਸ਼ ਅਤੇ ਵਿਕਸਤ ਹੋ ਰਹੇ ਦੇਸ਼ਾਂ ਦੀਆਂ ਵਿਸ਼ੇਸ਼ਤਾਵਾਂ

1.3 : ਤੁਲਨਾਤਮਕ ਲੋਕ ਪ੍ਰਸ਼ਾਸਨ-ਅਰਥ, ਪ੍ਰਕ੍ਰਿਤੀ ਅਤੇ ਖੇਤਰ

1.4 : ਭਾਰਤ ਵਿਚ ਸਮਾਜਿਕ-ਆਰਥਿਕ ਯੋਜਨਾਬੰਦੀ ਦੇ ਉਦੇਸ਼

1.5 : ਕੇਂਦਰੀ ਪੱਧਰ ਤੇ ਯੋਜਨਾਬੰਦੀ ਮਸ਼ੀਨਰੀ-ਯੋਜਨਾਬੰਦੀ ਕਮਿਸ਼ਨ (ਨੀਤੀ ਆਯੋਗ)ਅਤੇ ਰਾਸ਼ਟਰੀ ਵਿਕਾਸ ਪਰਿਸ਼ਦ

1.6 : ਰਾਜ ਪੱਧਰ ਤੇ ਯੋਜਨਾਬੰਦੀ ਮਸ਼ੀਨਰੀ


***Department website : www.pbidde.org***

ਪਾਠ ਨੰ: 1.1

# ਵਿਕਾਸ ਪ੍ਰਸ਼ਾਸਨ-ਅਰਥ, ਪ੍ਰਕ੍ਰਿਤੀ ਅਤੇ ਖੇਤਰ

ਅਜੋਕੇ ਸਮੇਂ ਵਿਚ ਲਗਭਗ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਕਲਿਆਣਕਾਰੀ ਕਾਰਜਾਂ ਵੱਲ ਵਿਸ਼ੇਸ਼ ਅਤੇ ਵੱਧ ਤੋਂ ਵੱਧ ਧਿਆਨ ਦੇ ਰਹੀਆਂ ਹਨ ਜਿਸ ਕਾਰਨ ਇਨ੍ਹਾਂ ਨੂੰ ਕਲਿਆਣਕਾਰੀ ਰਾਜ ਹੀ ਕਿਹਾ ਜਾਣ ਲੱਗ ਪਿਆ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਹੁਤ ਸਾਰੇ ਅਫ਼ਰੀਕੀ, ਏਸ਼ੀਆਈ ਅਤੇ ਲਾਤੀਨੀ ਅਮਰੀਕੀ ਦੇਸ਼ ਆਜ਼ਾਦ ਹੋ ਗਏ ਪਰ ਇਹ ਬਹੁਤ ਪਛੜੇ ਹੋਏ ਅਤੇ ਗ਼ਰੀਬ ਹੋ ਚੁੱਕੇ ਸਨ। ਇਹ ਜਨਸੰਖਿਆ, ਭਾਸ਼ਾ, ਧਰਮ, ਪਦਾਰਥ, ਇਤਿਹਾਸ ਆਦਿ ਦੇ ਆਧਾਰ ਤੇ ਭਾਵੇਂ ਵੱਖ-ਵੱਖ ਹਨ ਪਰ ਕੁਝ ਅਜਿਹੀਆਂ ਗੰਭੀਰ ਸਮੱਸਿਆਵਾਂ ਜਿਵੇਂ ਕਿ ਅਥਾਹ ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਆਦਿ ਇਨ੍ਹਾਂ ਸਾਰੇ ਦੇਸ਼ਾਂ ਦੇ ਸਾਹਮਣੇ ਹਨ ਜਿਸ ਕਰਕੇ ਇਹਨਾਂ ਸਾਰੇ ਦੇਸ਼ਾਂ ਨੂੰ 'ਘੱਟ ਵਿਕਸਤ',– – 'ਵਿਕਸਤ ਹੋ ਰਹੇ' ਜਾਂ 'ਗ਼ਰੀਬ ਦੇਸ਼' ਕਿਹਾ ਜਾਂਦਾ ਹੈ। ਸਮਾਜਿਕ-ਆਰਥਿਕ ਵਿਕਾਸ ਇਹਨਾਂ ਦੇਸ਼ਾਂ ਦਾ ਮੁੱਖ ਮੁੱਦਾ ਹੈ। ਇਹ ਦੇਸ਼ ਨਾ ਤਾਂ ਪੂਰੀ ਤਰ੍ਹਾਂ ਪਰੰਪਰਾਵਾਦੀ ਖੇਤੀਬਾੜੀ ਵਾਲੇ ਦੇਸ਼ ਹਨ ਤੇ ਨਾ ਹੀ ਪੂਰੀ ਤਰ੍ਹਾਂ ਉਦਯੋਗਿਕ ਦੇਸ਼ ਹਨ ਬਲਕਿ ਇਹ ਪਰਿਵਰਤਨ ਦੀ ਸਥਿਤੀ ਵਿਚ ਹਨ। ਲੋਕ ਪ੍ਰਸ਼ਾਸਨ ਦੇਸ਼ ਦੇ ਆਰਥਿਕ ਸਮਾਜਿਕ ਵਿਕਾਸ ਲਈ ਬਹੁਰੂਪੀ ਕਾਰਜਾਂ ਨੂੰ ਸਹੀ ਦਿਸ਼ਾ ਦੇਣ ਵਿਚ ਮੁੱਖ ਭੂਮਿਕਾ ਅਦਾ ਕਰਦਾ ਹੈ।

ਸੰਮਿਊਲਸਨ ਅਨੁਸਾਰ, ''ਇਕ ਘੱਟ ਵਿਕਸਤ ਦੇਸ਼, ਉਹ ਦੇਸ਼ ਹੈ, ਜਿਸ ਵਿਚ ਪ੍ਰਤੀ ਵਿਅਕਤੀ ਵਾਸਤਵਿਕ ਆਮਦਨ ਕੈਨੇਡਾ, ਅਮਰੀਕਾ, ਗ੍ਰੇਟ ਬ੍ਰਿਟੇਨ ਅਤੇ ਆਮ ਤੌਰ 'ਤੇ ਪੱਛਮੀ ਯੂਰਪ ਦੇਸ਼ਾਂ ਦੀ ਵਰਤਮਾਨ ਪ੍ਰਤੀ-ਵਿਅਕਤੀ ਆਮਦਨ ਦੇ ਮੁਕਾਬਲੇ ਘੱਟ ਹੈ। ਆਸ਼ਾਵਾਦੀ ਰੂਪ ਵਿਚ ਇਹ ਸਮਝਿਆ ਜਾਂਦਾ ਹੈ ਕਿ ਘੱਟ ਵਿਕਸਿਤ ਦੇਸ਼ਾਂ ਵਿਚ ਆਪਣੀ ਆਮਦਨ ਦੇ ਪੱਧਰ ਵਿਚ ਲੋੜੀਂਦਾ ਸੁਧਾਰ ਕਰ ਸਕਣ ਦੀ ਸਮਰੱਥਾ ਰਹਿੰਦੀ ਹੈ।''

(According to Samuelson, "A less developed country is simply one with real per capita income that is low relative to the present day per capita income of such nations as Canada, the United State, Great Britain and Western Europe generally.")

Optimistically, less developed country is one regarded as being capable of substantial improvement in its income level.

ਏਲਿਸ ਅਤੇ ਬੁਚਾਨਨ ਦੇ ਮੁਤਾਬਿਕ ਇਕ ਦੇਸ਼ ਘੱਟ ਵਿਕਸਿਤ ਉਦੋਂ ਕਹਾਉਂਦਾ ਹੈ ਜਦੋਂ ਇਹ ਨਿਹਿਤ ਹੋਵੇ ਕਿ ਉਸ ਦੇ ਵਰਤਮਾਨ ਆਰਥਿਕ ਪ੍ਰਦਰਸ਼ਨ ਦੇ ਮੁਤਾਬਿਕ ਖਪਤ ਅਤੇ ਵਸਤੂ ਸੇਵਨ ਨੂੰ ਵਿਕਸਿਤ ਖੇਤਰਾਂ ਦੇ ਜਾਣੂ ਸੋਚੇ ਵਿਚਾਰੇ ਅਤੇ ਵਰਤੇ ਹੋਏ ਸਾਧਨਾਂ ਰਾਹੀਂ ਸੁਧਾਰਿਆ ਜਾ ਸਕਦਾ ਹੈ।

(According to Ellis and Buchanan, "To designate a country as underdeveloped implies that its present economic performance as evidenced by the average consumption and material well-being could be improved by means which are known, understood and practised in developed regions.")[1]

ਪਹਿਲੀ ਪੰਜ ਸਾਲਾ ਯੋਜਨਾ ਦੇ ਮੁਤਾਬਿਕ ਇਕ ਘੱਟ ਵਿਕਸਤ ਅਰਥ ਪ੍ਰਬੰਧ ਦੀ ਵਿਸ਼ੇਸ਼ਤਾ ਇਹ ਹੈ ਕਿ ਵਧੇਰੇ ਜਾਂ ਘੱਟ ਮਾਤਰਾ ਵਿਚ ਇਕ ਪਾਸੇ ਮਨੁੱਖੀ ਸ਼ਕਤੀ ਦੀ ਨਾਮਾਤਰ ਜਾਂ ਘੱਟ ਵਰਤੋਂ ਅਤੇ ਦੂਜੇ ਪਾਸੇ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਨਾ ਹੋਣ ਦੀ ਸਹਿਹੋਂਦ। ਅਜਿਹੀ ਸਥਿਤੀ

1. H.S. Ellis and Buchanan, Approach to Economic Development, New York.

ਤਕਨੀਕੀ ਸਥਿਰਤਾ ਜਾਂ ਕੁਝ ਵਿਘਨ ਪਾਉਣ ਵਾਲੇ ਸਮਾਜਿਕ, ਆਰਥਿਕ ਕਾਰਨ ਜਿਹੜੇ ਅਰਥ ਪ੍ਰਬੰਧ ਦੀ ਵਧੇਰੇ ਪ੍ਰਭਾਵਸ਼ੀਲ ਤਾਕਤਾਂ ਨੂੰ ਆਪਣਾ ਹੱਕ ਜਮਾਉਣ ਤੋਂ ਰੋਕਦੇ ਹਨ, ਕਾਰਨ ਹੋ ਸਕਦੀ ਹੈ।

(According to First Five Year Plan, "An under developed economy is characterised by the co-existence in greater or less degree of unutilised or underutilised manpower on the one hand and of unexploited national resources on the other. This state of affairs may be due to stagnancy of techniques or certain inhibiting socio-economic factors which prevent the more dynamic forces in the economy from asserting themselves.")[2]

ਜੈਕਬ ਵਾਇਨਰ ਦੇ ਸ਼ਬਦਾਂ ਵਿਚ ਇਕ ਘੱਟ ਵਿਕਸਿਤ ਦੇਸ਼ ਉਹ ਹੈ ਜਿਸ ਕੋਲ ਵਧੇਰੇ ਪੂੰਜੀ ਜਾਂ ਵਧੇਰੇ ਉਪਲਬਧ ਕੁਦਰਤੀ ਸਾਧਨਾਂ ਨੂੰ ਜਾਂ ਇਨ੍ਹਾਂ ਸਭ ਨੂੰ ਵਧੇਰੇ ਵਰਤਨ ਦੀ ਸੰਭਾਵਨਾ ਹੈ, ਤਾਂ ਜੋ ਵਰਤਮਾਨ ਜਨਸੰਖਿਆ ਨੂੰ ਉੱਚਾ ਜੀਵਨ ਪੱਧਰ ਜਾਂ ਪ੍ਰਤੀ ਵਿਅਕਤੀ ਆਮਦਨ ਦੇਣ 'ਚ ਸਹਾਈ ਹੋ ਸਕੇ, ਜਾਂ ਵਧੀ ਹੋਈ ਜਨਸੰਖਿਆ ਲਈ ਮੌਜੂਦਾ ਪ੍ਰਤੀ ਵਿਅਕਤੀ ਆਮਦਨ ਦੀ ਉੱਚ ਦਰ ਨੂੰ ਕਾਇਮ ਰੱਖ ਸਕੇ।

(Jacob Viner said that an underdeveloped country is that which has good potential prospects for using more capital or more available natural resources or all of these to support its present population on a higher level of living or of its per capita income or maintaining an existing high level of per capita income for an increased population.)[3]

ਉਪਰੋਕਤ ਪਰਿਭਾਸ਼ਾਵਾਂ ਇਹ ਦਰਸਾਉਂਦੀਆਂ ਹਨ ਕਿ ਅਜਿਹੇ ਦੇਸ਼ਾਂ ਦੀ ਮੁੱਖ ਸਮੱਸਿਆ ਇਹ ਹੈ ਕਿ ਇਹਨਾਂ ਦੀਆਂ ਮੌਲਿਕ ਜ਼ਰੂਰਤਾਂ ਬਹੁਤ ਜ਼ਿਆਦਾ ਹਨ ਪਰ ਇਨ੍ਹਾਂ ਨੂੰ ਪੂਰਾ ਕਰਨ ਦੇ ਸਾਧਨ ਇਹਨਾਂ ਜ਼ਰੂਰਤਾਂ ਦੇ ਮੁਕਾਬਲੇ ਵਿਚ ਬਹੁਤ ਘੱਟ ਹਨ। ਘੱਟ ਵਿਕਸਤ ਦੇਸ਼ ਉਹ ਹਨ ਜਿਨ੍ਹਾਂ ਦੀ ਰਾਸ਼ਟਰੀ ਆਮਦਨ ਦੀ ਦਰ ਘੱਟ ਹੈ ਅਤੇ ਪੂੰਜੀ ਨਿਵੇਸ਼ (investment) ਦੇ ਬਹੁਤ ਘੱਟ ਸਾਧਨ ਹਨ। ਰਾਸ਼ਟਰੀ ਧਨ ਅਤੇ ਆਮਦਨ ਦੀ ਵੰਡ ਵਿਚ ਅਸਮਾਨਤਾ ਹੈ। ਪ੍ਰਤੀ ਵਿਅਕਤੀ ਆਮਦਨ ਦਾ ਪੱਧਰ ਅਤੇ ਜੀਵਨ ਪੱਧਰ ਨੀਵਾਂ ਹੈ, ਖੇਤੀ 'ਤੇ ਵਧੇਰੇ ਨਿਰਭਰਤਾ ਅਤੇ ਉਚਿਤ ਉਦਯੋਗੀਕਰਣ ਦੀ ਘਾਟ ਹੈ, ਆਬਾਦੀ ਅਤੇ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਦਾ ਦਬਾਓ, ਉਪਲਬਧ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਨਾ ਹੋਣ ਅਤੇ ਨੀਵੇਂ ਪੱਧਰ ਦੀ ਤਕਨੀਕੀ ਅਤੇ ਮਨੁੱਖੀ ਪੂੰਜੀ, ਰਾਜਨੀਤੀਵਾਨਾਂ ਦਾ ਬਹੁਤਾ ਪ੍ਰਭਾਵਸ਼ਾਲੀ ਨਾ ਹੋਣਾ ਅਤੇ ਤਾਕਤਵਰ ਲੋਕ ਪ੍ਰਸ਼ਾਸਨ ਦਾ ਕਈ ਉਨਤਾਈਆਂ ਜਿਵੇਂ ਭ੍ਰਿਸ਼ਟਾਚਾਰ ਆਦਿ ਦਾ ਸ਼ਿਕਾਰ ਹੋਣਾ ਅਤੇ ਦੇਸ਼ ਦੇ ਨਾਗਰਿਕਾਂ ਦਾ ਦੇਸ਼ ਅਤੇ ਉਸ ਦੇ ਪ੍ਰਸ਼ਾਸਨ ਪ੍ਰਤੀ ਉਤਸ਼ਾਹਿਤ ਅਤੇ ਜਾਗਰੂਕ ਨਾ ਹੋਣਾ ਆਦਿ।

ਅਜਿਹੇ ਦੇਸ਼ ਕਿਉਂਕਿ ਪਰਿਵਰਤਨ ਦੀ ਸਥਿਤੀ ਵਿਚ ਹਨ ਅਤੇ ਆਪਣੇ ਆਰਥਿਕ ਸਮਾਜਿਕ ਵਿਕਾਸ ਲਈ ਉਪਰਾਲਾ ਕਰ ਰਹੇ ਹਨ ਇਸ ਲਈ ਇਨ੍ਹਾਂ ਨੂੰ 'ਪਛੜਿਆ ਹੋਇਆ' ਜਾਂ ਘੱਟ ਵਿਕਸਿਤ ਨਾਲੋਂ ਵਿਕਸਿਤ ਹੋ ਰਹੇ ਦੇਸ਼ ਕਹਿਣਾ ਵਧੇਰੇ ਉਚਿਤ ਹੋਵੇਗਾ।

**ਵਿਕਾਸ ਦੀ ਧਾਰਨਾ (Concept of Development) :**

ਵਿਦਵਾਨਾਂ ਨੇ ਵਿਕਾਸ ਦੀ ਧਾਰਨਾ ਨੂੰ ਸਪਸ਼ਟ ਕਰਨ ਲਈ ਵੱਖ-ਵੱਖ ਦ੍ਰਿਸ਼ਟੀਕੋਣ ਅਪਣਾਏ ਹਨ। ਕੁਝ ਵਿਦਵਾਨ ਵਿਕਾਸ ਦੀ ਤੁਲਨਾ ਉੱਨਤੀ ਨਾਲ ਕਰਦੇ ਹਨ, ਕੁਝ ਇਸ ਨੂੰ ਜ਼ਿੰਦਗੀ ਦਾ ਸਰੂਪ ਸਮਝਦੇ ਹਨ ਅਤੇ ਕੁਝ ਵਿਗਿਆਨ ਅਤੇ ਤਕਨਾਲੋਜੀ ਵਿਚ ਵਾਧਾ ਸਮਝਦੇ ਹਨ। ਵਿਕਾਸ ਨੂੰ ਆਰਥਿਕ ਉੱਨਤੀ ਦੇ ਰੂਪ ਵਿਚ ਗ੍ਰਾਸ ਨੈਸ਼ਨਲ ਪਰਾਡਕਟ (Gross National Products) ਰਾਹੀਂ ਨਾਪਿਆ ਜਾ ਸਕਦਾ ਹੈ। ਵਿਕਸਤ ਦੇਸ਼ ਦਾ ਟੋਟਲ ਗ੍ਰਾਸ ਨੈਸ਼ਨਲ ਪਰਾਡਕਟ ਜਾਂ ਰਾਸ਼ਟਰੀ ਆਮਦਨ ਅਤਿ ਅਧਿਕ ਹੁੰਦੀ ਹੈ। ਵਿਕਸਤ ਹੋ ਰਹੇ ਦੇਸ਼ ਦਾ ਟੋਟਲ ਗ੍ਰਾਸ ਨੈਸ਼ਨਲ ਪਰਾਡਕਟ ਬਹੁਤ ਘੱਟ

2. Planning Commission, First Five Plan, New Delhi, 1951.
3. Jacob Viner, International Trade and Economic Development.

ਹੁੰਦਾ ਹੈ। ਉਹ ਇਹ ਪਰਿਭਾਸ਼ਾ ਵਿਕਾਸ ਦੇ ਪੱਧਰ ਨੂੰ ਸਪੱਸ਼ਟ ਦਰਸਾਉਂਦੀ ਹੈ, ਪਰ ਇਹ ਕਿਸ ਚੀਜ਼ ਦਾ ਉਤਪਾਦਨ ਹੋ ਰਿਹਾ ਹੈ, ਵੱਲ ਧਿਆਨ ਨਾ ਦੇ ਕੇ ਉਤਪਾਦਨ ਦੀ ਮਾਤਰਾ ਨੂੰ ਮਹੱਤਵ ਦਿੰਦੀ ਹੈ।

ਵਿਗਿਆਨ ਅਤੇ ਤਕਨਾਲੋਜੀ ਦੀ ਉੱਨਤੀ ਕਾਰਨ ਉਤਪਾਦਨ ਅਤੇ ਇਸ ਦੀਆਂ ਵਿਧੀਆਂ ਵਿਚ ਵਾਧਾ ਹੋਇਆ ਹੈ। ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਕਰਕੇ ਕਈ ਤਰ੍ਹਾਂ ਦੀਆਂ ਵਸਤੂਆਂ ਦਾ ਉਤਪਾਦਨ ਕਰ ਸਕੇ ਅਤੇ ਸੇਵਾਵਾਂ ਪ੍ਰਦਾਨ ਕਰ ਸਕੇ। ਪਰ ਇਹ ਵਿਕਾਸ ਦੇ ਕਈ ਪੱਖਾਂ ਵਿਚੋਂ ਕੇਵਲ ਇਕ ਪੱਖ ਹੈ। ਇਸ ਕਾਰਨ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ ਜਿਵੇਂ ਬੇਰੁਜ਼ਗਾਰੀ ਅਥਾਹ ਗ਼ਰੀਬੀ, ਭੁੱਖਮਰੀ, ਪ੍ਰਦੂਸ਼ਣ, ਸ਼ਹਿਰੀਕਰਨ ਆਦਿ। ਵਿਕਾਸ ਦੇ ਖਪਤ ਜਾਂ ਜੀਵਨ ਪੱਧਰ ਦੇ ਆਧਾਰ ਤੇ ਵੀ ਵਿਚਾਰਿਆ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਜਿਹੜਾ ਜਿਤਨੀ ਖਪਤ ਕਰੇਗਾ, ਉਸ ਦਾ ਉਤਨਾ ਹੀ ਉੱਚਾ ਜੀਵਨ ਪੱਧਰ ਹੋਵੇਗਾ। ਪਰ ਇਸ ਤੱਤ ਨੂੰ ਵੀ ਸਹੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਖਪਤ ਦੀ ਕਿਸਮ ਤੇ ਜ਼ੋਰ ਨਾ ਦੇ ਕੇ, ਖਪਤ ਦੀ ਮਾਤਰਾ 'ਤੇ ਜ਼ੋਰ ਦਿੰਦਾ ਹੈ।

ਵਿਕਾਸ ਦਾ ਅਰਥ 'ਜ਼ਿੰਦਗੀ ਦੀ ਰਹਿਣੀ ਵਿਚ ਸੁਧਾਰ' ਵੀ ਲਿਆ ਜਾ ਸਕਦਾ ਹੈ। ਜਿਵੇ ਂ ਕਿ ਮਨੁੱਖ ਲਈ ਸਿਹਤ, ਸਿੱਖਿਆ ਆਦਿ ਖੇਤਰਾਂ ਵਿਚ ਵਾਧਾ ਅਤੇ ਸੁਧਾਰ ਤਾਂ ਜੋ ਮਨੁੱਖੀ ਜੀਵਨ ਹੋਰ ਚੰਗਾ ਬਣਾਇਆ ਜਾ ਸਕੇ।

ਵਿਕਾਸ ਨੂੰ ਰਾਸ਼ਟਰ ਨਿਰਮਾਣ ਜਾਂ ਆਧੁਨਿਕੀਕਰਣ ਅਤੇ ਸਮਾਜਿਕ, ਆਰਥਿਕ ਵਿਕਾਸ ਦੀ ਦਿਸ਼ਾ ਵਿਚ ਯੋਜਨਾਬੱਧ ਪਰਿਵਰਤਨ (Planned Change) ਕਿਹਾ ਜਾ ਸਕਦਾ ਹੈ। ਵਿਕਾਸ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ ਅਧੀਨ ਪਰੰਪਰਾਵਾਦੀ ਸਮਾਜਿਕ ਇਕਾਈਆਂ ਆਧੁਨਿਕ ਉਦਯੋਗਿਕ ਦੇਸ਼ਾਂ ਦੇ ਦਬਾਓ ਹੇਠ ਆਪਣੇ ਸਮਾਜ ਵਿਚ ਸਮਾਜਿਕ ਆਰਥਿਕ ਬਦਲਾਓ ਜਾਂ ਪਰਿਵਰਤਨ ਲਿਆਉਣ ਲਈ ਮਜਬੂਰ ਹਨ। ਵਿਕਾਸ ਵਿਵਸਥਾ ਦੀ ਨਵੇਂ ਅਤੇ ਨਿਰੰਤਰ ਬਦਲਾਓ ਨਾਲ ਨਜਿੱਠਣ ਦੀ ਯੋਗਤਾ ਦੀ ਦੀਰਘਕਾਲਿਕ ਉੱਨਤੀ ਦੁਆਰਾ ਪ੍ਰਗਤੀਸ਼ੀਲ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਉਦੇਸ਼ਾਂ ਦੀ ਪ੍ਰਾਪਤੀ ਦੀ ਪ੍ਰਕ੍ਰਿਆ ਹੈ। ਵਿਕਾਸ ਦੀ ਉਪਰੋਕਤ ਵਿਸਤ੍ਰਿਤ ਅਤੇ ਬਹੁਗ੍ਰਾਹੀ ਪਰਿਭਾਸ਼ਾ ਹਾਨ ਬੀਨਲੀ ਦੁਆਰਾ ਦਿੱਤੀ ਗਈ ਹੈ।''

(Development is a process of acquiring a sustained growth of a system's capability to cope with new, continuous change towards the achievement of progressive, political, economic and social objectives — Han Beenlee)[4]

ਉਪਰੋਕਤ ਵਿਚਾਰ ਵਟਾਂਦਰੇ ਤੋਂ ਇਹ ਸਾਬਤ ਹੁੰਦਾ ਹੈ ਕਿ ਵਿਕਾਸ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ ਦੁਆਰਾ ਪਰੰਪਰਾਵਾਦੀ ਸਮਾਜਿਕ ਇਕਾਈਆਂ ਖਾਸ ਕਰਕੇ ਏਸ਼ੀਆਈ, ਅਫ਼ਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਆਦਿ ਖੇਤਰਾਂ ਵਿਚ ਨਾ ਕੇਵਲ ਗੁਣਾਤਮਕ ਬਲਕਿ ਸੰਖਿਆਤਮਕ ਪਰਿਵਰਤਨ ਲਿਆਉਣ ਵਿਚ ਜੁਟੇ ਹਨ। ਕਿਉਂਕਿ ਇਹ ਇਕ ਕੁਦਰਤੀ ਪ੍ਰਕ੍ਰਿਆ ਹੈ ਜਿਸ ਵਿਚ ਦੋਹਾਂ ਵਿਚੋਂ (ਬਦਲਾਵ, ਉੱਨਤੀ) ਕੋਈ ਇਕ ਇਕੱਲੀ ਨਿਰੰਤਰ ਨਹੀਂ ਚਲ ਸਕਦੀ। ਇਸ ਲਈ ਵਿਕਾਸ ਦਾ ਅਰਥ ਬਦਲਾਵ ਅਤੇ ਉੱਨਤੀ (Change+Growth) ਕਹਿਣਾ ਵਾਜਿਬ ਹੋਵੇਗਾ।

**ਵਿਕਾਸ ਪ੍ਰਸ਼ਾਸਨ ਦਾ ਅਰਥ :**

ਇਸ ਵਿਸ਼ੇ ਉੱਤੇ ਮੌਜੂਦਾ ਲਿਟਰੇਚਰ ਵਿਕਾਸ ਪ੍ਰਸ਼ਾਸਨ ਦੀ ਸੰਤੋਖਜਨਕ ਪਰਿਭਾਸ਼ਾ ਦੇਣ ਦੇ ਅਸਮਰਥ ਹੈ। ਫਿਰ ਵੀ ਇਸ ਗੱਲ ਉੱਤੇ ਬਹੁਤ ਸਾਰੇ ਵਿਦਵਾਨਾਂ ਦੀ ਇਕ ਰਾਏ ਹੈ ਕਿ ਇਸ ਦਾ ਸੰਬੰਧ ਉਦੇਸ਼ ਅਤੇ ਕਿਰਿਆ ਦੇ ਵਿਕਾਸਸ਼ੀਲ ਪ੍ਰਸ਼ਾਸਕੀ ਪ੍ਰਬੰਧ ਨਾਲ ਹੈ। ਐਡਵਰਡ ਵੇਡਵਰਡ (Edward weidner) ਜੋ ਇਸ ਸਿਧਾਂਤ ਦੇ ਮੁੱਢਲੇ ਵਿਚਾਰਕਾਂ ਵਿੱਚੋਂ ਇੱਕ ਹੈ, ਦੇ ਅਨੁਸਾਰ ਇਸ

4. Han Beenlee, *The Role of Higher Civil Service Under paid Social and Political Change in Weidner.*

ਨੂੰ ਵਿਕਾਸਸ਼ੀਲ ਕਿਰਿਆ ਦਾ ਢਾਂਚਾ ਕਿਹਾ ਜਾਂਦਾ ਹੈ। ਉਦੇ ਅਨੁਸਾਰ, ''ਵਿਕਾਸ ਪ੍ਰਸ਼ਾਸਨ ਦੀ ਧਾਰਨਾ ਦਾ ਭਾਵ ਹੈ ਕਿਸੇ ਸੰਗਠਨ ਦੀ ਅਗਵਾਈ ਕਰਨ ਦੀ ਕਿਰਿਆ, ਜਿਸ ਦਾ ਮਨੋਰਥ ਅਗਾਂਹਵਧੂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਉਦੇਸ਼ ਦੀ ਪੂਰਤੀ ਕਰਨੀ ਹੋਵੇ ਜਿਹੜੇ ਕਿ ਨਿਰਦੇਸ਼ਾਤਮਕ ਰੂਪ ਵਿੱਚ ਕਿਸੇ ਵੀ ਢੰਗ ਨਾਲ ਨਿਸ਼ਚਿਤ ਕੀਤੇ ਹੋਣ।''

ਵਿਕਾਸ ਰੂਪ ਪਰਿਵਰਤਨ ਦੀ ਇੱਕ ਕਿਰਿਆ ਹੋਣ ਕਰਕੇ ਕਦੇ ਵੀ ਸੰਪੂਰਨ ਨਹੀਂ ਹੁੰਦੀ। ਇਹ ਇੱਕ ਤੁਲਨਾਤਮਕ ਸ਼ਬਦ ਹੈ ਜਿਸ ਨੂੰ ਦੋ ਵੱਖੋ-ਵੱਖਰੀਆਂ ਪ੍ਰਣਾਲੀਆਂ ਦੇ ਸਮੂਹ ਨੂੰ ਸ਼ਨਾਖਤ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਅਜਿਹੀ ਪ੍ਰਣਾਲੀ ਵਿੱਚ ਇਸ ਲਈ ਜ਼ਰੂਰੀ ਹੈ ਕਿ ਉਹ ਦੂਜੀ ਨਾਲੋਂ ਜ਼ਿਆਦਾ ਸ੍ਰੇਸ਼ਠ ਹੋਵੇ। ਵਿਕਾਸ ਅਸਲੀਅਤ ਵਿਚ ਮਨ ਦੀ ਇੱਕ ਦਸ਼ਾ ਹੈ। ਇੱਕ ਪ੍ਰਵ੍ਰਿਤੀ ਹੈ ਨਾ ਕਿ ਇੱਕ ਨਿਸ਼ਚਿਤ ਉਦੇਸ਼, ਇੱਕ ਖਾਸ ਦਿਸ਼ਾ ਵੱਲ ਤਬਦੀਲੀ ਦੀ ਰਫ਼ਤਾਰ ਹੈ। ਇਹ ਗੱਲ ਧਿਆਨ ਵਿੱਚ ਰੱਖਣੀ ਬਹੁਤ ਜ਼ਰੂਰੀ ਹੈ ਕਿ ਤਬਦੀਲੀ ਉਸ ਦਿਸ਼ਾ ਵੱਲ ਹੋਵੇ ਜਿਸ ਦੀ ਇੱਛਾ ਕੀਤੀ ਜਾ ਰਹੀ ਹੈ। ਇਸ ਦੀ ਸਰਸਰੀ ਤੌਰ 'ਤੇ ਭਵਿੱਖਬਾਣੀ ਕੀਤੀ ਜਾਂਦੀ ਹੈ ਜਾਂ ਇਸ ਨੂੰ ਯੋਜਨਾਬੱਧ ਕੀਤਾ ਹੁੰਦਾ ਹੈ ਜਾਂ ਘੱਟੋ-ਘੱਟ ਇਹ ਸਰਕਾਰੀ ਕਿਰਿਆਵਾਂ ਦੇ ਅਸਰ ਅਧੀਨ ਹੁੰਦੀ ਹੈ।

ਫੈਰਲ ਹੈਡੀ ਇਸ ਤੱਥ ਉੱਤੇ ਜ਼ੋਰ ਦਿੰਦੇ ਹੋਏ ਕਹਿੰਦਾ ਹੈ ਕਿ ਵਿਕਾਸ ਪ੍ਰਸ਼ਾਸਨ ਵਿੱਚ ਵਿਕਾਸ ਸ਼ਬਦ ਉੱਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ, ਭਾਵ, ਇੱਕ ਖੋਜੀ ਵੱਲੋਂ ਵਿਕਾਸ ਉਦੇਸ਼ਾਂ ਦੀ ਪਸੰਦ ਨਹੀਂ, ਇਸ ਵਿੱਚ ਨਿਰਦੇਸ਼ਾਤਮਕ ਆਪਸੀ ਸੰਬੰਧ ਹੈ।

ਪਾਨਡੀਕਰ ਸਮਾਜਿਕ ਸਰੂਪ ਦੇ ਦ੍ਰਿਸ਼ਟੀਕੋਣ ਤੋਂ ਵਿਕਾਸ ਦੀ ਪੜਚੋਲ ਕਰਦੇ ਹੋਏ ਮਹਿਸੂਸ ਕਰਦਾ ਹੈ ਕਿ ਇਸ ਨੂੰ ਅਗਵਾਈ ਕੀਤੀ ਹੋਈ ਤਬਦੀਲੀ ਹੀ ਸਮਝਣਾ ਚਾਹੀਦਾ ਹੈ। ਪਰ ਜ਼ਿਆਦਾ ਜ਼ੋਰ ਯੋਜਨਾਬੱਧ ਉਦੇਸ਼ਾਂ ਦੀ ਪ੍ਰਾਪਤੀ ਉੱਤੇ ਦੇਣਾ ਚਾਹੀਦਾ ਹੈ।

ਐਡਵਰਡ ਵੀਡਨਰ ਦੇ ਅਨੁਸਾਰ ਵਿਕਾਸ ਪ੍ਰਸ਼ਾਸਨ ਦਾ ਸੰਬੰਧ ਵਿਕਾਸ ਲਈ ਨਵੀਂ ਪੱਧਤੀ ਨੂੰ ਪਰਮ ਸੰਖਿਆ ਤੱਕ ਵਧਾਉਣਾ ਹੈ।

ਪ੍ਰੋ. ਬੀ. ਐਸ. ਖੰਨਾ ਦੇ ਸ਼ਬਦਾਂ ਵਿਚ ਵਿਕਾਸ ਪ੍ਰਸ਼ਾਸਨ ਇਕ ਅਜਿਹਾ ਪ੍ਰਸ਼ਾਸਨ ਹੈ ਜੋ ਕਿ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਵਿਕਾਸ ਦੇ ਕੰਮਾਂ ਨੂੰ ਤੇਜ਼ ਕਰਦਾ ਹੈ। ਇਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਵਿਕਾਸ ਪ੍ਰਸ਼ਾਸਨ ਦਾ ਸਬੰਧ ਦੋ ਮੁੱਖ ਗੱਲਾਂ ਨਾਲ ਹੈ। ਪਹਿਲਾ ਇਸ ਦਾ ਸੰਬੰਧ ਸਥਾਪਿਤ ਸਮੁੱਚੀ ਪ੍ਰਣਾਲੀ ਵਿੱਚ ਤਬਦੀਲੀ ਨਾਲ ਅਤੇ ਦੂਸਰਾ ਇਹ ਬੇਹਤਰ ਅਤੇ ਵਿਕਸਿਤ ਵੱਲ ਵੱਧਣ ਦਾ ਇੱਕ ਯਤਨ ਹੈ।

**ਵਿਕਾਸ ਪ੍ਰਸ਼ਾਸਨ ਦੀ ਲੋੜ (Need for Development Administration) :**

ਤਬਦੀਲੀ ਕੁਦਰਤ ਦਾ ਕਾਨੂੰਨ ਹੈ (Change is the law of Nature) ਸਮੇਂ ਦੇ ਅਨੁਸਾਰ ਹਰ ਇੱਕ ਚੀਜ਼ ਬਦਲਦੀ ਰਹਿੰਦੀ ਹੈ ਭਾਵੇਂ ਉਹ ਜਾਨਦਾਰ ਹੋਵੇ ਜਾਂ ਬੇਜਾਨ, ਵਿਕਾਸ ਪ੍ਰਸ਼ਾਸਨ ਤੋਂ ਪਹਿਲਾਂ ਸਿਰਫ਼ ਸਾਡੇ ਵਿਦਿਆਰਥੀਆਂ ਨੂੰ ਲੋਕ ਪ੍ਰਸ਼ਾਸਨ ਬਾਰੇ ਹੀ ਪੜ੍ਹਾਇਆ ਜਾਂਦਾ ਸੀ ਪਰ ਅਜੋਕੀ ਦੁਨੀਆਂ ਵਿੱਚ ਜਦੋਂ ਕਿ ਕਈ ਦੇਸ਼ ਜਿਨ੍ਹਾਂ ਨੂੰ ਉੱਨਤ ਦੇਸ਼ ਜਾਂ ਵਿਕਸਤ ਦੇਸ਼ (Developed Countries) ਦਾ ਨਾਂ ਦਿੱਤਾ ਹੈ ਅਤੇ ਕੁਝ ਦੂਸਰੇ ਅਜਿਹੇ ਦੇਸ਼ ਹਨ ਜਿਨ੍ਹਾਂ ਵਿਚ ਭਾਰਤ ਵੀ ਇਕ ਹੈ ਜਿਨ੍ਹਾਂ ਨੂੰ ਕਿ ਵਿਕਾਸਸ਼ੀਲ ਜਾਂ ਵਿਕਾਸ ਕਰ ਰਹੇ ਦੇਸ਼ (Developing Countries) ਦਾ ਨਾਂ ਦਿੱਤਾ ਗਿਆ ਹੈ। ਇਸ ਲਈ ਵਿਕਾਸ ਪ੍ਰਸ਼ਾਸਨ ਦਾ ਅਧਿਐਨ ਅਤਿ ਆਵੱਸ਼ਕ ਹੋ ਗਿਆ ਹੈ। ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ ਕਿ ਭਾਰਤ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਸੁਤੰਤਰਤਾ ਪ੍ਰਾਪਤ ਕੀਤੀ ਹੈ। ਹੁਣ ਅਸੀਂ ਸੁਤੰਤਰ ਰੂਪ ਵਿੱਚ ਵਿਕਾਸ ਕਰਨ ਲਈ ਯਤਨ ਕਰ ਰਹੇ ਹਾਂ। ਵਿਕਾਸ ਅਧੀਨ ਜਾਂ ਵਿਕਾਸ ਕਰਨ ਵਿੱਚ ਜਿਹੜੇ ਤੱਤਾਂ ਦਾ ਮੁੱਖ ਰੋਲ ਹੈ, ਉਨ੍ਹਾਂ ਦਾ ਵਰਣਨ ਹੇਠਾਂ ਦਰਸਾਇਆ ਗਿਆ ਹੈ।

**1. ਰਾਜ ਦੀ ਵਿਚਾਰਧਾਰਾ ਵਿੱਚ ਪਰਿਵਰਤਨ (Change in the Concept of Government) :** ਅਜੋਕੇ ਯੁੱਗ ਵਿੱਚ ਰਾਜ ਦੀ ਵਿਚਾਰਧਾਰਾ ਵਿੱਚ ਬਹੁਤ ਪਰਿਵਰਤਨ ਆ ਗਿਆ ਹੈ। ਪਹਿਲਾਂ ਅਸੀਂ ਸਿਰਫ਼ ਆਪਣੇ ਵਿਦਿਆਰਥੀਆਂ ਨੂੰ ਰਾਜ ਅਤੇ ਇਸ ਦੇ ਜ਼ਰੂਰੀ ਤੱਤਾਂ ਬਾਰੇ ਹੀ ਦੱਸਦੇ ਸੀ ਪਰ 'ਰਾਜ' ਸ਼ਬਦ ਦੀ ਥਾਂ ਰਾਜਨੀਤਿਕ ਪ੍ਰਣਾਲੀ ਦੀ ਵਿਆਖਿਆ ਹੋਣ ਲੱਗ ਪਈ ਹੈ। ਅੱਜ ਅਸੀਂ

ਸਿਰਫ਼ ਆਪਣੇ ਦੇਸ਼ ਦੀ 'ਰਾਜਨੀਤਿਕ ਪ੍ਰਣਾਲੀ' ਬਾਰੇ ਗਿਆਨ ਹਾਸਿਲ ਨਹੀਂ ਕਰਦੇ ਬਲਕਿ ਵਿਸ਼ਵ ਦੀ ਸਮੂਹਿਕ 'ਰਾਜਨੀਤਿਕ ਪ੍ਰਣਾਲੀ' ਦਾ ਅਧਿਐਨ ਵੀ ਕਰਦੇ ਹਾਂ। ਇਸ ਕਰਕੇ ਸਮੇਂ ਦੀ ਤਬਦੀਲੀ ਨਾਲ ਰਾਜ ਦੀ ਵਿਚਾਰਧਾਰਾ ਵਿੱਚ ਵੀ ਪਰਿਵਰਤਨ ਆ ਗਿਆ ਹੈ।

**2. ਸਰਕਾਰ ਦੇ ਕੰਮਾਂ ਵਿੱਚ ਪਰਿਵਰਤਨ (Change in the Functions of the Government) :** ਅਜੋਕੇ ਯੁੱਗ ਵਿੱਚ ਰਾਜ ਦੀ ਵਿਚਾਰਧਾਰਾ ਵਿੱਚ ਪਰਿਵਰਤਨ ਆਉਣ ਦੇ ਕਾਰਨ ਸਰਕਾਰ ਦੇ ਕੰਮਾਂ ਵਿੱਚ ਵੀ ਪਰਿਵਰਤਨ ਆ ਗਿਆ ਹੈ। ਪਹਿਲੇ ਪਹਿਲ ਸਰਕਾਰ ਦਾ ਕੰਮ ਨਾਗਰਿਕਾਂ ਲਈ ਅਮਨ ਅਮਾਨ ਕਾਇਮ ਰੱਖਣਾ ਅਤੇ ਕਰ ਇਕੱਠਾ ਕਰਨ ਤੱਕ ਹੀ ਸੀਮਿਤ ਸੀ। ਪਰ ਅਜੋਕੀ ਸਰਕਾਰ ਵਿੱਚ ਨਾਗਰਿਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕਰ ਲਿਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਨਾਗਰਿਕਾਂ ਦੀ ਸਰਕਾਰ ਅਤੇ ਇਸ ਦੇ ਰਾਜ ਪ੍ਰਬੰਧ ਵਿੱਚ ਸਹਿਹੋਂਦ (Direct Participation) ਹੋ ਗਈ ਹੈ। ਵਿਕਸਤ ਹੋ ਰਹੇ ਦੇਸ਼ਾਂ ਨੇ ਆਪਣੇ ਨਾਗਰਿਕਾਂ ਦੀ ਇੱਛਾ, ਲੋੜ ਅਤੇ ਸੁਭਾਅ ਦੇ ਅਨੁਕੂਲ ਰਾਜਸੀ ਪ੍ਰਣਾਲੀ ਸਥਾਪਿਤ ਕਰ ਲਈ ਹੈ। (Developing countries have their own system of Governnance in accordance with the wishes and requirement of the people) ਇਸ ਕਰਕੇ ਆਧੁਨਿਕ ਯੁੱਗ ਇਕ ਕਲਿਆਣਕਾਰੀ ਯੁੱਗ ਬਣ ਗਿਆ ਹੈ।

**3. ਵਿਕਾਸ ਕਰ ਰਹੇ ਦੇਸ਼ਾਂ ਦੀ ਸੋਚਣ ਸ਼ਕਤੀ ਵਿੱਚ ਪਰਿਵਰਤਨ (Change in Perception/ thinking of the New Emerging Nations)[5] :** ਵਿਕਸਤ ਹੋ ਚੁੱਕੇ ਦੇਸ਼ਾਂ ਦੇ ਰਾਜ ਪ੍ਰਬੰਧ ਅਤੇ ਰਾਜਨੀਤਿਕ ਪ੍ਰਣਾਲੀ ਵੱਲ ਵੇਖ ਕੇ ਵਿਕਾਸ ਕਰ ਰਹੇ ਦੇਸ਼ਾਂ ਦੇ ਸੋਚਣ ਵਿੱਚ ਬਹੁਤ ਪਰਿਵਰਤਨ ਆ ਗਿਆ ਹੈ। ਅੱਜ ਸਰਕਾਰ ਦੁਆਰਾ ਸਾਰੇ ਫੈਸਲੇ ਤਰਕ ਅਤੇ ਨਿਰਪੱਖਤਾ (Rational and Secular Consideration) ਦੇ ਆਧਾਰ 'ਤੇ ਲਏ ਜਾਂਦੇ ਹਨ। ਵਿਕਸਤ ਹੋ ਚੁੱਕੇ ਦੇਸ਼ਾਂ ਵਿੱਚ ਮਜ਼ਬੂਤ ਰਾਜਨੀਤਿਕ ਪਾਰਟੀਆਂ, ਯੋਗ ਰਾਜਨੀਤਕ ਸੰਸਥਾਵਾਂ ਅਤੇ ਪਾਏਦਾਰ ਰਾਜਨੀਤਕ ਪ੍ਰਣਾਲੀ ਹੈ। ਇਸੇ ਲਈ ਉਥੇ ਅਫ਼ਸਰਸ਼ਾਹੀ (Bureaucracy) ਲੋਕਾਂ ਦੀ ਸੇਵਾ ਲਈ ਹੈ ਨਾ ਕਿ ਵੱਧ ਸ਼ਕਤੀਆਂ, ਸਨਮਾਨ ਅਤੇ ਸਤਾ ਹਥਿਆਉਣ ਲਈ, ਪਰ ਅਵਿਕਸਤ ਅਤੇ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਯੋਗ ਰਾਜਨੀਤਿਕ ਪਾਰਟੀਆਂ, ਚੰਗੀਆਂ ਸੰਸਥਾਵਾਂ ਅਤੇ ਪਾਏਦਾਰ ਰਾਜਨੀਤਿਕ ਪ੍ਰਣਾਲੀ ਜੋ ਕਿ ਲੋਕ ਇੱਛਾਵਾਂ ਵੱਲ ਚੱਲ ਸਕੇ, ਦੀ ਘਾਟ ਪਾਈ ਜਾਂਦੀ ਹੈ। ਪਰ ਹੌਲੀ-ਹੌਲੀ ਵਿਕਸਤ ਹੋ ਰਹੇ ਦੇਸ਼ ਇਸ ਪਾਸੇ ਵੱਧ ਧਿਆਨ ਦੇਣ ਲੱਗ ਪਏ ਹਨ।

**4. ਸਰਕਾਰੀ ਖੇਤਰ ਦਾ ਨਿਰਮਾਣ ਅਤੇ ਇਨ੍ਹਾਂ ਰਾਹੀਂ ਆਰਥਿਕ ਯੋਜਨਾਵਾਂ ਨੂੰ ਅਪਣਾਉਣਾ (Emergence of Public Sector and Adoption of Economic Planning) :** ਨਾ ਸਿਰਫ਼ ਭਾਰਤ ਵਿੱਚ ਸਗੋਂ ਲਗਭਗ ਹਰੇਕ ਦੇਸ਼ ਵਿੱਚ ਅਸੀਂ ਇਹ ਵੇਖ ਸਕਦੇ ਹਾਂ ਕਿ ਪਬਲਿਕ ਸੈਕਟਰ ਦੇਸ਼ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ। ਜਾਪਾਨ ਵਿੱਚ ਕਾਰਪੋਰੇਸ਼ਨਾਂ ਹੈਰਾਨ ਕਰ ਦੇਣ ਵਾਲੇ ਢੰਗ ਨਾਲ ਬਿਖਰੇ ਰੂਪ ਵਿੱਚ ਸਥਾਪਤ ਹਨ। ਉਹ ਸਰਕਾਰੀ ਮਾਲਕੀ ਪ੍ਰਬੰਧ ਅਤੇ ਮੰਤਵਾਂ ਦੇ ਪੱਖ ਤੋਂ ਇੰਨੀਆਂ ਜ਼ਿਆਦਾ ਭਿੰਨ ਹਨ ਕਿ ਉਹ ਉਥੋਂ ਦੀ ਸਰਕਾਰ ਦਾ ਵਿਸ਼ੇਸ਼ ਲੱਛਣ ਬਣ ਗਈਆਂ ਹਨ। ਇਹ ਸਥਿਤੀ ਬਰਤਾਨੀਆਂ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਵਿਖਾਈ ਜਾਂਦੀ ਹੈ, ਸੋਵੀਅਤ ਰੂਸ, ਚੀਨ, ਯੋਗੋਸਲਾਵੀਆ ਆਦਿ ਵਰਗੇ ਕੁਝ ਦੇਸ਼ਾਂ ਵਿੱਚ ਤਾਂ ਸਾਰਾ ਉਤਪਾਦਨ ਅਤੇ ਵੰਡ ਪਬਲਿਕ ਸੈਕਟਰ ਦੇ ਹੱਥਾਂ ਵਿੱਚ ਹੀ ਹੈ। ਅਜਿਹੇ ਮੁਲਕਾਂ ਵਿੱਚ ਨਿੱਜੀ ਅਦਾਰਿਆਂ ਲਈ ਕੋਈ ਸਥਾਨ ਨਹੀਂ ਹੈ ਕਿਉਂਕਿ ਉਥੇ ਹਰ ਚੀਜ਼ ਦਾ ਸਮਾਜੀਕਰਣ ਕੀਤਾ ਗਿਆ ਹੈ।

ਭਾਰਤੀ ਆਰਥਿਕਤਾ ਵਿੱਚ ਪਬਲਿਕ ਸੈਕਟਰ ਦੀ ਧਾਰਨਾ ਕੇਵਲ ਇਕ ਆਦਰਸ਼ਕ ਫਿਲਾਸਫ਼ੀ

---

5. All Decisions are taken on rational and secular considerations which are healthy signs in the developed world. Caste considerations are not so rigid rather do not have any place in the administrative system.

ਹੀ ਨਹੀਂ ਸੀ ਜੋ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਦਿਮਾਗ਼ ਦੀ ਉਪਜ ਸੀ ਸਗੋਂ ਇਹ ਸਮੇਂ ਦੀ ਜ਼ਰੂਰਤ ਸੀ। ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਪਹਿਲਾਂ ਹੀ ਪਬਲਿਕ ਸੈਕਟਰ ਰੋਲ ਅਦਾ ਕਰ ਰਿਹਾ ਸੀ ਜਦੋਂ ਜਵਾਹਰ ਲਾਲ ਨਹਿਰੂ ਨੇ ਜ਼ੋਰ ਦਿੱਤਾ ਕਿ ਪਬਲਿਕ ਸੈਕਟਰ ਨੂੰ ਮਜ਼ਬੂਤੀ ਨਾਲ ਸਥਾਪਿਤ ਕੀਤਾ ਜਾਵੇ ਅਤੇ ਇਹ ਭਾਰਤੀ ਆਰਥਿਕਤਾ ਨੂੰ ਭਾਰੀ ਉਚਿਤਾ ਵੱਲ ਲੈ ਕੇ ਜਾਵੇ ਤਾਂ ਉਹ ਵਾਸਤਵ ਵਿੱਚ ਭਾਰਤ ਦੇ ਭਵਿੱਖ ਵੱਲ ਸੰਕੇਤ ਕਰ ਰਹੇ ਸਨ ਜਿਸ ਦਾ ਆਧਾਰ ਪਬਲਿਕ ਸੈਕਟਰ ਨੇ ਹੀ ਬਣਨਾ ਸੀ। ਉਦੋਂ ਤੋਂ ਹੀ ਪਬਲਿਕ ਸੈਕਟਰ ਦੀ ਧਾਰਨਾ ਵਿਕਸਤ ਹੋ ਰਹੇ ਭਾਰਤ ਵਿੱਚ ਦੇਸ਼ ਦੀ ਆਰਥਿਕਤਾ ਦਾ ਇਕ ਮਹੱਤਵਪੂਰਨ ਭਾਗ ਹੈ ਅਤੇ ਇਹ ਉੱਨਤੀ ਦਾ ਚਿੰਨ੍ਹ ਬਣ ਗਿਆ ਹੈ।

**5. ਸਮਾਜਿਕ ਬੁਰਾਈਆਂ ਦਾ ਖਾਤਮਾ (To Eradicate Social evils and to make the people's outlook progressive) :** ਵਿਕਾਸ ਪ੍ਰਸ਼ਾਸਨ ਸਮਾਜਿਕ ਬੁਰਾਈਆਂ, ਸਮਾਜਿਕ ਰੀਤੀ-ਰਿਵਾਜ਼ਾਂ, ਜਾਤਪਾਤ ਨੂੰ ਰੋਕਣ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਅਜੋਕੇ ਯੁੱਗ ਵਿੱਚ ਨਾ ਸਿਰਫ਼ ਇਨ੍ਹਾਂ ਸਮਾਜਿਕ ਬੁਰਾਈਆਂ ਦੀ ਆਲੋਚਨਾ ਹੀ ਕੀਤੀ ਜਾਂਦੀ ਹੈ ਸਗੋਂ ਨਾਗਰਿਕਾਂ ਨੂੰ ਇਨ੍ਹਾਂ ਤੋਂ ਸੁਚੇਤ ਵੀ ਕੀਤਾ ਗਿਆ ਹੈ। ਭਾਰਤ ਵਰਗੇ ਵਿਕਸਤ ਹੋ ਰਹੇ ਦੇਸ਼ ਵਿੱਚ ਪਹਿਲੇ ਸਮੇਂ ਇਨ੍ਹਾਂ ਸਮਾਜਿਕ ਬੁਰਾਈਆਂ ਦਾ ਬਹੁਤ ਬੋਲਬਾਲਾ ਸੀ ਪਰ ਨਾਗਰਿਕਾਂ ਨੂੰ ਰਾਜਨੀਤਿਕ ਸਿੱਖਿਆ ਪ੍ਰਾਪਤ ਹੋਣ ਨਾਲ ਹੁਣ ਇਹ ਬੁਰਾਈਆਂ ਸਿਫਰ ਦੇ ਬਰਾਬਰ ਰਹਿ ਗਈਆਂ ਹਨ।

**ਵਿਕਾਸ ਪ੍ਰਸ਼ਾਸਨ ਲਈ ਜ਼ਰੂਰੀ ਤੱਤ (Essential Factors for Development Administration):**

1. ਲੋਕਾਂ ਦੀ ਪ੍ਰਸ਼ਾਸਨ ਤੇ ਸਰਕਾਰ ਵਿੱਚ ਮੌਜੂਦਗੀ (Active participation of the people in administration)
2. ਯੋਗ ਅਤੇ ਤਜ਼ਰਬੇਕਾਰ ਸਿਵਲ ਪ੍ਰਬੰਧਕ (Efficient and trained civil servants)
3. ਅਫਸਰਸ਼ਾਹੀ, ਨੇਤਾਵਾਂ ਅਤੇ ਲੋਕਾਂ ਵਿਚ ਮਿਲਵਰਤਨ (Close cooperation between the people, Leaders and Bureaucracy)
4. ਅਰਪਿਤ ਲੀਡਰ (Dedicated leadership)
5. ਆਰਥਿਕਤਾ ਦਾ ਨਵੀਨੀਕਰਣ (Modernisation of Economy)

**ਵਿਕਾਸ ਪ੍ਰਸ਼ਾਸਨ ਅਤੇ ਪ੍ਰਸ਼ਾਸਕੀ ਵਿਕਾਸ ਦੀ ਪ੍ਰਕ੍ਰਿਤੀ (Development Administration and Administrative Development) :**

ਆਮ ਤੌਰ 'ਤੇ ਵਿਕਾਸ ਪ੍ਰਸ਼ਾਸਨ ਅਤੇ ਪ੍ਰਸ਼ਾਸਕੀ ਵਿਕਾਸ ਸ਼ਬਦਾਂ ਵਿੱਚ ਭੁਲੇਖਾ ਲੱਗ ਜਾਂਦਾ ਹੈ। ਚਾਹੇ ਇਹ ਇਕ ਦੂਜੇ ਨਾਲੋਂ ਸੰਕਲਪਵਾਦੀ ਰੂਪ ਵਿੱਚ ਵੱਖਰੇ ਸ਼ਬਦ ਹਨ। ਪ੍ਰਸ਼ਾਸਕੀ ਵਿਕਾਸ ਦਾ ਭਾਵ ਹੈ ਪ੍ਰਸ਼ਾਸਨ ਦਾ ਵਿਕਾਸ। ਇਹ ਪ੍ਰਸ਼ਾਸਕੀ ਕਿਰਿਆਵਾਂ ਵਿੱਚ ਸੁਧਾਰ ਲਿਆਉਣ ਦਾ ਯਤਨ ਹੈ, ਤਾਂ ਕਿ ਦੇਸ਼ ਨੂੰ ਚੰਗੇਰਾ ਪ੍ਰਸ਼ਾਸਨ ਦਿੱਤਾ ਜਾ ਸਕੇ। ਵਿਕਾਸ ਪ੍ਰਸ਼ਾਸਨ ਕੇਵਲ ਪ੍ਰਸ਼ਾਸਕੀ ਪ੍ਰਣਾਲੀ ਵਿੱਚ ਹੀ ਤਬਦੀਲੀ ਨਹੀਂ ਹੈ ਬਲਕਿ ਸਮਾਜਿਕ, ਆਰਥਿਕ, ਰਾਜਨੀਤਿਕ, ਸੰਸਕ੍ਰਿਤਕ, ਸੰਸਕ੍ਰਿਤਕ ਢਾਂਚੇ ਵਿੱਚ ਸਮੁੱਚੀ ਤਬਦੀਲੀ ਹੈ। ਇਸ ਦਾ ਉਦੇਸ਼ ਸਮੁੱਚੀ ਪ੍ਰਣਾਲੀ ਵਿੱਚ ਤਬਦੀਲੀ ਲਿਆਉਣਾ ਹੈ। ਇਸ ਲਈ ਇਹ ਇਕ ਲਗਾਤਾਰ ਚੱਲਣ ਵਾਲੀ ਕਿਰਿਆ ਹੈ। ਪ੍ਰਸ਼ਾਸਕੀ ਵਿਕਾਸ ਪ੍ਰਸ਼ਾਸਨ ਦੀ ਧਾਰਨਾ ਦੇ ਦੋ ਮੁੱਖ ਪਹਿਲੂ ਹਨ। ਪ੍ਰਸ਼ਾਸਨ ਕੇਵਲ ਸੁਧਾਰ ਹੀ ਨਹੀਂ ਬਲਕਿ ਤਬਦੀਲੀ ਵੀ ਹੈ। ਲੋਕ ਪ੍ਰਸ਼ਾਸਨ ਪ੍ਰਣਾਲੀ, ਸਮਾਜ ਵਿੱਚ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤਬਦੀਲੀ ਲਿਆਉਣ ਦਾ ਨਿਰਦੇਸ਼ ਦਿੰਦੀ ਹੈ ਤੇ ਦੂਜਾ ਇਹ ਇਕ ਪ੍ਰਸ਼ਾਸਕੀ ਪ੍ਰਣਾਲੀ ਵਿੱਚ ਤਬਦੀਲੀ ਦੀਆਂ ਕਿਰਿਆ ਦਾ ਅਧਿਐਨ ਕਰਦੀ ਹੈ। ਪਹਿਲੀ ਦਾ ਸੰਬੰਧ ਵਿਕਾਸ ਦੇ ਪ੍ਰਸ਼ਾਸਨ ਜਾਂ ਵਿਕਾਸ ਪ੍ਰਸ਼ਾਸਨ ਨਾਲ ਹੈ ਜਦਕਿ ਦੂਜੀ ਦਾ ਪ੍ਰਸ਼ਾਸਕੀ ਵਿਕਾਸ ਦੀ ਕਿਰਿਆ ਨਾਲ ਹੈ।

**ਵਿਕਾਸ ਦੇ ਪਹਿਲੂ :**

ਵਿਕਾਸ ਦਾ ਸਰੂਪ ਸਥਾਈ ਨਾ ਹੋ ਕੇ ਹਮੇਸ਼ਾਂ ਬਦਲਦਾ ਰਹਿੰਦਾ ਹੈ। ਇਹ ਸਰਲ ਪ੍ਰਕ੍ਰਿਆ ਨਾ ਹੋ ਕੇ ਇੱਕ ਜਟਿਲ, ਉੱਦਮੀ, ਪ੍ਰਬਲ, ਧੀਮੀ ਚੱਲਣ ਵਾਲੀ ਅਤੇ ਮਹਿੰਗੀ ਪ੍ਰਕ੍ਰਿਆ ਹੈ।

ਸ਼ੁਰੂ ਵਿੱਚ ਵਿਕਾਸ ਦਾ ਅਰਥ ਕੇਵਲ ਆਰਥਿਕ ਖੇਤਰ ਦਾ ਵਿਕਾਸ ਹੀ ਲਿਆ ਜਾਂਦਾ ਸੀ ਤੇ ਤਕਨਾਲੋਜੀ, ਅਦਾਰੇ, ਵਾਤਾਵਰਣ ਆਦਿ ਦੇ ਵਿਕਾਸ ਜਾਂ ਬਦਲਾਓ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਸੀ। ਇਹ ਬਹੁਤ ਜ਼ਰੂਰੀ ਹੈ ਕਿ ਤਰੀਕੇ ਅਤੇ ਸਾਧਨ ਪੈਦਾ ਕੀਤੇ ਜਾਣ ਜੋ ਦੁਨੀਆਂ ਵਿੱਚ ਨਵੀਆਂ ਆਰਥਿਕ, ਸਮਾਜਿਕ ਪਰੰਪਰਾਵਾਂ ਨੂੰ ਸਥਾਪਿਤ ਕਰਨ ਅਤੇ ਲੋਕਾਂ ਨੂੰ ਆਪਣੇ ਨਸੀਬ ਵਿੱਚ ਲਿਖਿਆ ਪ੍ਰਾਪਤ ਕਰਨ ਵਿੱਚ ਸਹਾਈ ਹੋਣ (Which Would enable all people to achieve their destiny)। ਇਸ ਲਈ ਕਿਹਾ ਜਾ ਸਕਦਾ ਹੈ ਕਿ ਵਿਕਾਸ ਇੱਕ ਬਹੁਮੁੱਖੀ ਫਲਸਫਾ ਹੈ। ਇਹ ਕੇਵਲ ਆਰਥਿਕ ਵਿਕਾਸ ਜਾਂ ਵਿਗਿਆਨ ਅਤੇ ਤਕਨਾਲੋਜੀ ਵਿੱਚ ਵਾਧੇ ਨਾਲ ਹੀ ਸੰਬੰਧਿਤ ਨਹੀਂ ਹੈ ਬਲਕਿ ਸਮਾਜਿਕ ਨਿਆਂ, ਬੇਹਤਰ ਜੀਵਨ, ਮਨੁੱਖੀ ਅਤੇ ਖਣਿਜ ਪਦਾਰਥਾਂ ਦੀ ਉਚਿਤ ਵਰਤੋਂ ਆਦਿ ਤੋਂ ਵੀ ਪੂਰਾ ਧਿਆਨ ਕੇਂਦਰਿਤ ਕਰਦਾ ਹੈ। ਵਿਕਾਸ ਦੇ ਕਈ ਪਹਿਲੂ ਜਿਵੇਂ ਕਿ ਆਰਥਿਕ, ਸਮਾਜਿਕ, ਪ੍ਰਸ਼ਾਸਕੀ, ਰਾਜਨੀਤਿਕ ਅਤੇ ਸਭਿਆਚਾਰਕ ਆਦਿ ਹਨ :

**ਆਰਥਿਕ ਵਿਕਾਸ :** ਆਰਥਿਕ ਵਿਕਾਸ ਦਾ ਅਰਥ ਸੀਮਿਤ ਸਾਧਨਾਂ ਵਿੱਚ ਵਾਧੇ ਤੋਂ ਹੁੰਦਾ ਹੈ। ਕਿਸੇ ਦੇਸ਼ ਦੇ ਸੀਮਿਤ ਸਾਧਨਾਂ ਜਿਵੇਂ ਭੋਜਨ, ਕੱਪੜਾ, ਮਕਾਨ, ਮਸ਼ੀਨਾਂ ਦੀ ਉਤਪਾਦਨ ਸ਼ਕਤੀ ਵਿੱਚ ਵਾਧਾ ਆਰਥਿਕ ਵਿਕਾਸ ਕਹਾਉਂਦਾ ਹੈ। ਪਰ ਉਤਪਾਦਨ ਵਿੱਚ ਵਾਧਾ ਅਤੇ ਉਸ ਦੀ ਸਮਾਨ ਵੰਡ ਨਾਲ-ਨਾਲ ਹੋਣੀ ਚਾਹੀਦੀ ਹੈ, ਇਸ ਲਈ ਇਸ ਦਾ ਅਰਥ ਪ੍ਰਤੀ ਵਿਅਕਤੀ ਉਤਪਾਦਨ ਵਿੱਚ ਵਾਧੇ ਦੀ ਪ੍ਰਕ੍ਰਿਆ ਵੀ ਲਿਆ ਜਾਂਦਾ ਹੈ। ਅਸਲ ਵਿੱਚ ਆਰਥਿਕ ਵਿਕਾਸ ਵਧੇਰੇ ਵਿਆਪਕ ਸ਼ਬਦ ਹੈ। ਅਜਿਹੀ ਸਥਿਤੀ ਵਿੱਚ ਦੇਸ਼ ਦੀ ਰਾਸ਼ਟਰੀ ਆਮਦਨ ਦੇ ਵੱਧਣ ਦੇ ਨਾਲ-ਨਾਲ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਢਾਂਚੇ ਵਿੱਚ ਵੀ ਪਰਿਵਰਤਨ ਹੁੰਦਾ ਹੈ।

ਉਦਾਹਰਣ ਲਈ ਰਾਸ਼ਟਰੀ ਆਮਦਨ (Agriculture) ਖੇਤੀ ਖੇਤਰ ਦਾ ਯੋਗਦਾਨ ਘੱਟ ਜਾਂਦਾ ਹੈ ਅਤੇ ਉਦਯੋਗਾਂ ਅਤੇ ਸੇਵਾਵਾਂ ਦਾ ਤੁਲਨਾਤਮਕ ਯੋਗਦਾਨ ਵੱਧ ਜਾਂਦਾ ਹੈ।

**ਸਮਾਜਿਕ ਵਿਕਾਸ :** 'ਸਮਾਜਿਕ ਵਿਕਾਸ' ਵਿਕਾਸ ਦਾ ਇੱਕ ਮਹੱਤਵਪੂਰਨ ਪਹਿਲੂ ਹੈ। ਇਸ ਦਾ ਅਰਥ ਹੈ ਸਿੱਖਿਆ, ਵਿਗਿਆਨ, ਤਕਨਾਲੋਜੀ, ਜਨ ਸਹਿਤ ਦੇ ਕੰਮਾਂ ਵਿੱਚ ਵਿਕਾਸ ਅਤੇ ਵਾਧਾ, ਆਮ ਜਨਤਾ ਦੇ ਸਮਾਜਿਕ ਪੱਧਰ ਨੂੰ ਉੱਚਾ ਉਠਾਉਣਾ, ਔਰਤਾਂ, ਬੱਚਿਆਂ ਅਤੇ ਮਜ਼ਦੂਰਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਦੇ ਯਤਨ ਕਰਨਾ, ਸਮਾਜਿਕ ਅਦਾਰਿਆਂ ਦਾ ਵਿਕਾਸ ਅਤੇ ਬਿਹਤਰ ਸਮਾਜਿਕ ਸੰਬੰਧ ਅਤੇ ਸਮਾਜਿਕ ਨਿਆਂ ਆਦਿ। ਜ਼ਿਆਦਾਤਰ ਸਮਾਜ ਦੇ ਵਿੱਚ ਬਦਲਾਓ ਨੂੰ ਹੀ ਸਮਾਜਿਕ ਵਿਕਾਸ ਦਾ ਨਾਂ ਦਿੱਤਾ ਜਾਂਦਾ ਹੈ ਪਰ ਇਹ ਉਚਿਤ ਨਹੀਂ। ਇਸ ਦਾ ਕਾਰਨ ਇਹ ਹੈ ਕਿ ਸਮਾਜ ਦੇ ਵਿੱਚ ਬਦਲਾਓ ਚੰਗਾ ਵੀ ਹੋ ਸਕਦਾ ਹੈ ਅਤੇ ਹਾਨੀਕਾਰਕ ਵੀ। ਪਰ ਵਿਕਾਸ ਸ਼ਬਦ ਦਾ ਪ੍ਰਯੋਗ ਉਦੋਂ ਹੀ ਕੀਤਾ ਜਾਂਦਾ ਹੈ ਜਦੋਂ ਕਿਸੇ ਚੀਜ਼ ਵਿੱਚ ਇਜ਼ਾਫ਼ਾ ਹੋਵੇ ਅਤੇ ਉਹ ਵੀ ਚੰਗੇ ਲਈ ਹੋਵੇ, ਉਸ ਨੂੰ ਬਿਹਤਰ ਬਣਾਉਣ ਲਈ ਹੋਵੇ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਵਿਕਾਸ ਦਾ ਅਰਥ ਹੈ ਸਮਾਜ ਵਿੱਚ ਹੋ ਰਹੇ ਪਰਿਵਰਤਨ ਨੂੰ ਸਹੀ ਦਿਸ਼ਾ ਦੇਣੀ ਅਤੇ ਮਨੁੱਖ ਅਤੇ ਕਿਰਤੀ ਨੂੰ ਸਮਝਣ ਦੀ ਸ਼ਕਤੀ ਵਿੱਚ ਸੁਧਾਰ ਲਿਆਉਣਾ।

**ਰਾਜਨੀਤਿਕ ਵਿਕਾਸ :** ਰਾਜਨੀਤਿਕ ਵਿਕਾਸ ਦਾ ਅਰਥ ਹੈ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਜਾਂ ਵਿਵਸਥਾ ਵਿੱਚ ਸੁਧਾਰ ਲਿਆਉਣਾ। ਜ਼ਿੰਦਗੀ ਦੇ ਯਥਾਉਚਿਤ ਦ੍ਰਿਸ਼ਟੀਕੋਣ ਤੇ ਆਧਾਰਿਤ ਸੰਸਾਰਿਕ ਸਭਿਆਚਾਰ ਦਾ ਪ੍ਰਸਾਰ, ਸਮਾਜਿਕ ਸੰਬੰਧਾਂ ਪ੍ਰਤੀ ਵਿਵਹਾਰਿਕ ਪਹੁੰਚ, ਲੋਕ ਮਾਮਲਿਆਂ ਨੂੰ ਨਿਆਂਪੂਰਨ ਢੰਗ ਨਾਲ ਨਿਪਟਾਉਣ ਅਤੇ ਰਾਸ਼ਟਰਵਾਦ ਤੇ ਲੋਕਤੰਤਰ ਦੀ ਭਾਵਨਾ ਨੂੰ ਲੋਕਾਂ ਦੇ ਦਿਲਾਂ ਵਿੱਚ ਹੋਰ ਮਜ਼ਬੂਤ ਕਰਨਾ। ਲੁਸੀਅਨ ਪਾਈ ਦੇ ਮੁਤਾਬਿਕ ਰਾਜਨੀਤਿਕ ਵਿਕਾਸ ਦਾ ਅਰਥ ਹੈ ਸਭਿਆਚਾਰ ਅਤੇ ਭਾਈਚਾਰੇ ਦਾ ਪ੍ਰਸਾਰ ਪੁਰਾਣੇ ਚਲੇ ਆ ਰਹੇ ਢਾਂਚੇ ਨੂੰ ਉੱਭਰਦੀਆਂ ਅਤੇ ਨਵੀਆਂ ਮੰਗਾਂ ਦੇ ਮੁਤਾਬਿਕ ਢਾਲਣਾ ਅਤੇ ਅਨੁਕੂਲ ਬਣਾਉਣਾ (Lucian Pye analysed the concept of political development in terms of cultural diffusion and adoption, fusing and adjusting the old pattern of life to new demands.)

ਕਿਸੇ ਵੀ ਚਲੀ ਆ ਰਹੀ ਰਾਜਨੀਤਿਕ ਵਿਵਸਥਾ ਦੇ ਵਿਕਾਸ ਲਈ ਚੁਣੌਤੀਆਂ ਦਾ ਸਾਹਮਣਾ

ਕਰਨਾ ਪੈਂਦਾ ਹੈ। ਇਹ ਚੁਣੌਤੀਆਂ ਅੰਦਰੂਨੀ ਵੀ ਹੋ ਸਕਦੀਆਂ ਹਨ ਅਤੇ ਬਾਹਰੀ ਵੀ। ਇਹ ਬਾਹਰੀ ਉਸ ਵਕਤ ਕਹਾਉਂਦੀਆਂ ਹਨ ਜਦੋਂ ਹੋਰ ਦੇਸ਼ਾਂ ਤੇ ਪ੍ਰਭਾਵ ਹੇਠ ਕਿਸੇ ਇੱਕ ਦੇਸ਼ ਦੇ ਰਾਜਨੀਤਿਕ, ਪ੍ਰਸ਼ਾਸਕੀ ਆਦਿ ਢਾਂਚੇ ਵਿੱਚ ਪਰਿਵਰਤਨ ਹੁੰਦਾ ਹੈ ਜਿਵੇਂ ਭਾਰਤ ਵਿੱਚ ਯੂਰਪੀ ਦੇਸ਼ ਖਾਸ ਕਰਕੇ ਬ੍ਰਿਟੇਨ ਦਾ ਬਹੁਵਿਆਪੀ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਜਦੋਂ ਚਲਦੇ ਆ ਰਹੇ ਢਾਂਚੇ ਤੋਂ ਆਮ ਜਨਤਾ ਉਦਾਸੀਨ ਹੋ ਜਾਵੇ ਤਾਂ ਇਹ ਅੰਦਰੂਨੀ ਕਾਰਨ ਕਹਾਉਂਦੇ ਹਨ। ਰਾਜਨੀਤਿਕ ਵਿਕਾਸ ਦੇ ਜ਼ਰੂਰੀ ਤੱਤ ਹਨ ਯੋਗਤਾ (capability), ਸਮਾਨਤਾ (equality) ਅਤੇ ਵਿਭੇਦੀਕਰਨ (differentiation) ਅਤੇ ਸਹਿਭਾਗਿਤਾ ਤੇ ਕੌਮੀ ਏਕਤਾ ਮੂਲ ਤੱਤ ਹਨ।

ਰਾਜਨੀਤਿਕ ਸਮਾਨਤਾ ਦਾ ਭਾਵ ਸਮੂਹਿਕ ਸਹਿਭਾਗਤਾ ਅਤੇ ਆਮ ਜਨਤਾ ਦੀ ਰਾਜਨੀਤਿਕ ਕਾਰਨਾਂ ਵਿੱਚ ਰੁਚੀ ਅਤੇ ਕਾਨੂੰਨ ਦੇ ਰਾਜ ਤੋਂ ਹੈ। ਰਾਜਨੀਤਿਕ ਵਿਭੇਦੀਕਰਨ ਦਾ ਅਰਥ ਹੈ ਸੰਸਥਾਵਾਂ ਅਤੇ ਅਦਾਰਿਆਂ ਦਾ ਵਿਸ਼ਲੇਸ਼ਣ ਅਰਥਾਤ ਹਰ ਇੱਕ ਰੋਲ ਦਾ ਵਿਸ਼ੇਸ਼ ਵਿਵਰਣ ਅਤੇ ਏਕੀਕਰਣ ਨਾ ਕਿ ਅਲਹਿਦਗੀ।

**ਪ੍ਰਸ਼ਾਸਕੀ ਵਿਕਾਸ ਜਾਂ ਪ੍ਰਸ਼ਾਸਨ ਦਾ ਵਿਕਾਸ :** ਇਸ ਦਾ ਅਰਥ ਹੈ ਪ੍ਰਸ਼ਾਸਕੀ ਸਮੱਰਥਾ ਨੂੰ ਮਜ਼ਬੂਤ ਕਰਨਾ। ਵਿਕਾਸ ਦੇ ਹੋਰ ਪਹਿਲੂਆਂ ਦੀ ਤਰ੍ਹਾਂ ਇਹ ਵੀ ਇੱਕ ਮਹੱਤਵਪੂਰਨ ਪਹਿਲੂ ਹੈ। ਇਹ ਲੋਕ ਪ੍ਰਸ਼ਾਸਨ ਦੀ ਯੋਗਤਾ, ਇਸ ਦੇ ਮਸ਼ੀਨੀ ਅਤੇ ਪ੍ਰਬੰਧਕੀ ਔਜ਼ਾਰ ਨੂੰ ਬੇਹਤਰ ਬਣਾਉਣ ਨਾਲ ਸਬੰਧਿਤ ਹੈ। ਅਜਿਹੀਆਂ ਕਾਰਜ ਵਿਧੀਆਂ ਦਾ ਵਿਕਾਸ ਕਰਨਾ ਜਿਨ੍ਹਾਂ ਦੁਆਰਾ ਕਾਰਜ ਨਿਪੁੰਨਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਇਆ ਜਾ ਸਕੇ।

ਉਪਰੋਕਤ ਵੇਰਵੇ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਵਿਕਾਸ ਦਾ ਅਰਥ ਹੈ 'ਵਾਧਾ'। ਕੇਵਲ ਵਿਕਾਸਸ਼ੀਲ ਦੇ ਸ਼ਹੀ ਨਹੀਂ ਬਲਕਿ ਵਿਕਸਤ ਦੇਸ਼ ਵੀ ਆਪਣੇ ਦੇਸ਼ ਨੂੰ ਹੋਰ ਬੇਹਤਰ ਬਣਾਉਣ ਲਈ ਇਸ ਪ੍ਰਕ੍ਰਿਆ ਨਾਲ ਜੁੜੇ ਹੋਏ ਹਨ।

ਬਦਲਦੇ ਸਮੇਂ ਦੇ ਨਾਲ-ਨਾਲ ਸਮੱਸਿਆਵਾਂ ਅਤੇ ਜ਼ਰੂਰਤਾਂ ਦਾ ਸਰੂਪ ਵੀ ਬਦਲ ਜਾਂਦਾ ਹੈ। ਆਰੰਭ ਵਿੱਚ ਕੇਵਲ 'ਵਿਕਾਸ' ਸ਼ਬਦ 'ਤੇ ਜ਼ੋਰ ਦਿੱਤਾ ਜਾਂਦਾ ਸੀ ਪਰ ਹੁਣ 'ਕਾਇਮ ਰੱਖਣ ਯੋਗ ਵਿਕਾਸ' (Sustainable development) ਅਤੇ ਮਨੁੱਖੀ ਜ਼ਰੂਰਤਾਂ ਤੇ ਕੇਂਦਰਿਤ ਵਿਕਾਸ (Human needs centred development) ਦੇ ਮਾਡਲ 'ਤੇ ਧਿਆਨ ਦਿੱਤਾ ਜਾ ਰਿਹਾ ਹੈ। 'ਕਾਇਮ ਰੱਖਣ ਯੋਗ ਵਿਕਾਸ' ਦਾ ਅਰਥ ਹੈ ਕੁਦਰਤੀ ਸਾਧਨਾਂ ਦਾ ਅਜਿਹਾ ਪ੍ਰਬੰਧ ਅਤੇ ਸੰਭਾਲ ਅਤੇ ਤਕਨੀਕੀ ਤੇ ਸੰਸਥਾਗਤ ਬਦਲਵਾਂ ਦਾ ਦਿਸ਼ਾਮਾਨ ਤਾਂ ਜੋ ਵਰਤਮਾਨ ਅਤੇ ਆਉਣ ਵਾਲੀ ਪੀੜ੍ਹੀਆਂ ਦੀ ਜ਼ਰੂਰਤਾਂ ਦੀ ਪੂਰਤੀ ਅਤੇ ਨਿਰੰਤਰ ਸੰਤੁਸ਼ਟਤਾ ਨੂੰ ਯਕੀਨੀ ਬਣਾਇਆ ਜਾ ਸਕੇ, ਅਜਿਹਾ ਕਾਇਮ ਰੱਖਣ ਯੋਗ ਵਿਕਾਸ (ਖੇਤੀ, ਜੰਗਲਾਤ, ਮੱਛਲੀ ਪਾਲਣ ਦੇ ਖੇਤਰ), ਭੂਮੀ, ਜਲ ਜੀਵ ਜੰਤੂ ਦੀ ਸੰਭਾਲ ਕਰਨ ਯੋਗ ਵਾਤਾਵਰਣ ਦੇ ਅਨੁਕੂਲ, ਤਕਨੀਕੀ ਪੱਖੋਂ ਉਚਿਤ, ਸਮਾਜਿਕ ਤੌਰ ਤੇ ਪ੍ਰਵਾਨਿਤ ਅਤੇ ਵਿੱਤੀ ਪੱਖੋਂ ਸਮਰੱਥ ਹੈ।

ਇਸ ਤਰ੍ਹਾਂ ਕਾਇਮ ਰੱਖਣ ਯੋਗ ਵਿਕਾਸ ਸਰਵੋਪਰੀ ਇੱਕ ਸਮਾਜਿਕ ਆਰਥਿਕ ਧਾਰਨਾ ਹੈ ਜਿਸ ਦੇ ਮੂਲ ਤੱਤ ਸਮਾਂ ਅਤੇ ਸੰਸਕ੍ਰਿਤੀ ਅਨੁਸਾਰ ਬਦਲਦੇ ਰਹਿੰਦੇ ਹਨ ਅਤੇ ਇਸ ਨੂੰ ਕੇਵਲ ਏਕੀਕ੍ਰਿਤ ਦ੍ਰਿਸ਼ਟੀਕੋਣ ਅਪਣਾ ਕੇ ਹੀ ਸਮਝਿਆ ਜਾ ਸਕਦਾ ਹੈ।

**ਵਿਕਾਸ ਪ੍ਰਸ਼ਾਸਨ ਦਾ ਖੇਤਰ :**

ਰਿਗਜ਼ (Riggs) ਅਨੁਸਾਰ, ''ਵਿਕਾਸ ਪ੍ਰਸ਼ਾਸਨ ਦਾ ਸੀਮਾ-ਖੇਤਰ ਉਨ੍ਹਾਂ ਸਾਰੇ ਖੇਤਰਾਂ ਤੱਕ ਫੈਲਿਆ ਹੋਇਆ ਹੈ ਜਿਨ੍ਹਾਂ ਵਿੱਚ ਸਰਕਾਰੀ ਪ੍ਰਯਤਨ ਆਪਣੇ ਭੌਤਿਕ, ਮਾਨਵੀ ਅਤੇ ਸਾਂਸਕ੍ਰਿਤਕ ਵਾਤਾਵਰਣ ਨੂੰ ਰੂਪਾਂਤਰਨ ਕਰਨ ਲਈ ਅਤੇ ਅਜਿਹੇ ਪ੍ਰੋਗਰਾਮਾਂ ਵਿੱਚ ਰੁਝ ਜਾਣ ਵਾਲੀ ਸਰਕਾਰੀ ਸਮਰੱਥਾ ਵਧਾਉਣ ਦੇ ਸੰਘਰਸ਼ ਸੰਬੰਧੀ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਲਈ ਨਿਰਧਾਰਤ ਹੁੰਦੇ ਹਨ।''

1. ਵਿਕਾਸ ਸਬੰਧੀ ਉਦੇਸ਼ ਅਤੇ ਨੀਤੀਆਂ ਨੂੰ ਲੜੀਬੱਧ ਕਰਨਾ ਅਤੇ ਤਰਜੀਹ ਦੇਣੀ।
2. ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਉਚਿਤ ਅਤੇ ਲੋੜੀਂਦਾ ਪ੍ਰਸ਼ਾਸਕੀ ਪ੍ਰਬੰਧ ਕਰਨਾ।
3. ਪ੍ਰਸ਼ਾਸਕੀ ਪ੍ਰਬੰਧ ਤੋਂ ਭਾਵ ਮਸ਼ੀਨਰੀ ਅਤੇ ਕਾਰਜ ਪ੍ਰਣਾਲੀ ਨਿਰਧਾਰਿਤ ਕਰਨਾ।
4. ਪ੍ਰਸ਼ਾਸਕੀ ਪ੍ਰਕਿਰਿਆ ਨਿਰਧਾਰਿਤ ਕਰਨੀ ਅਤੇ ਚੱਲ ਰਹੇ ਕਾਰਜਕ੍ਰਮਾਂ ਅਤੇ ਪ੍ਰਾਜੈਕਟਾਂ ਦਾ ਮੁਲਾਂਕਣ

ਕਰਨਾ। ਪ੍ਰਾਜੈਕਟਾਂ ਨੂੰ ਲਾਗੂ ਕਰਨ ਵਿੱਚ ਆਈਆਂ ਊਣਤਾਈਆਂ ਦਾ ਵਿਸਤਾਰਪੂਰਵਕ ਅਧਿਐਨ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਲਈ ਉਚਿਤ ਕਦਮ ਚੁੱਕਣਾ।

5. ਅਜੋਕੇ ਸਮੇਂ ਦੇਸ਼ ਦੀਆਂ ਕੇਵਲ ਅੱਜ ਦੀਆਂ ਹੀ ਜ਼ਰੂਰਤਾਂ ਨੂੰ ਪੂਰਾ ਕਰਨ ਸੰਬੰਧੀ ਕਾਰਜ ਕਰਨਾ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਿਆਨ ਵਿੱਚ ਰੱਖ ਕੇ ਦੇਸ਼ ਦੇ ਮੌਜੂਦਾ ਸ੍ਰੋਤਾਂ ਦੇ ਉਚਿਤ ਇਸਤੇਮਾਲ ਦਾ ਪ੍ਰਬੰਧ ਕਰਨਾ।

ਕਿਸੇ ਵੀ ਪ੍ਰਾਜੈਕਟ ਜਾਂ ਕਾਰਜਕ੍ਰਮ ਸਬੰਧੀ ਯੋਜਨਾ ਤਿਆਰ ਕਰਨੀ, ਉਸ ਨੂੰ ਲਾਗੂ ਕਰਵਾਉਣਾ, ਉਸ ਲਈ ਆਵੱਸ਼ਕ ਕਰਮਚਾਰੀ ਅਤੇ ਵਿੱਤ ਅਤੇ ਹੋਰ ਸਾਧਨ ਜੁਟਾਣੇ।

**ਪਰੰਪਰਾਵਾਦੀ ਅਤੇ ਵਿਕਾਸ ਪ੍ਰਸ਼ਾਸਨ-ਇੱਕ ਤੁਲਨਾਤਮਕ ਪੁਨਰ ਨਿਰੀਖਣ :**

ਪ੍ਰਸ਼ਾਸਨ ਦੇ ਪਰੰਪਰਾਵਾਦੀ ਸਿਧਾਂਤ ਦੀ ਉਤਪੱਤੀ ਦਾ ਆਧਾਰ ਪੱਛਮੀ ਦੇਸ਼ਾਂ ਦਾ ਤਜ਼ਰਬਾ ਹੈ। ਇਹ ਉਚੇਰੀਆਂ ਪਰਿਭਾਸ਼ਾਵਾਂ ਅਤੇ ਖੰਡਿਤ ਸੰਗਠਨ ਦੀਆਂ ਕਿਰਿਆਵਾਂ ਤੱਕ ਸੀਮਿਤ ਸੀ। ਇਸ ਲਈ ਤਰਕਵਾਦੀ ਅਤੇ ਪ੍ਰੇਰਣਾਤਮਕ ਪ੍ਰਣਾਲੀਆਂ ਰਾਹੀਂ ਭਿੰਨ-ਭਿੰਨ ਸੰਗਠਨਾਤਮਕ ਹਾਲਤਾਂ ਵਿੱਚ ਵਿਸ਼ਲੇਸ਼ਣ ਕਰਨ ਦੇ ਯੋਗ ਇੱਕ ਪ੍ਰਸ਼ਾਸਕੀ ਸਿਧਾਂਤ ਦਾ ਵਿਕਾਸ ਕਰਨਾ ਕਾਫ਼ੀ ਕਠਿਨ ਸੀ। ਪਰੰਪਰਾਵਾਦੀ ਸਿਧਾਂਤ ਇਸ ਵਿਚਾਰਧਾਰਾ ਉਤੇ ਆਧਾਰਿਤ ਹੈ ਕਿ ਸਾਰੀਆਂ ਪ੍ਰਸ਼ਾਸਕੀ ਕਿਰਿਆਵਾਂ ਨੂੰ ਇਕ ਜਬਤੀ ਸੰਗਠਨ ਦੇ ਆਦਰਸ਼ਾਂ ਅਧੀਨ ਲਿਆਇਆ ਜਾ ਸਕਦਾ ਹੈ। ਪੁਰਾਤਨ ਪ੍ਰਸ਼ਾਸਕੀ ਵਿਚਾਰਕਾਂ ਨੇ ਪ੍ਰਸ਼ਾਸਨ ਦੇ ਸਿਧਾਂਤਾਂ ਦਾ ਸਮਰਥਨ ਕਰਦੇ ਹੋਏ ਇਹ ਧਾਰਨਾ ਬਣਾਈ ਹੈ ਕਿ ਇਹਨਾਂ ਸਿਧਾਂਤਾਂ ਦੇ ਆਧਾਰ ਉੱਤੇ ਇਕ ਅਜਿਹਾ ਸੰਗਠਨ ਬਣਾਇਆ ਜਾ ਸਕਦਾ ਹੈ ਜੋ ਕੁਝ ਕੁ ਵਿਕਾਸਸ਼ੀਲ ਕਿਰਿਆਵਾਂ ਨੂੰ ਪੂਰਾ ਕਰ ਸਕਦਾ ਹੈ। ਟੇਲਰ ਦੀ 'ਵਿਗਿਆਨਕ ਪ੍ਰਬੰਧ, ਮੂਨੇ ਦਾ 'ਸਕੇਲਰ ਸਿਧਾਂਤ', ਵੈਬਰ ਦੀ 'ਆਦਰਸ਼ ਕਿਸਮ ਦੀ ਨੌਕਰਸ਼ਾਹੀ' ਅਤੇ ਗੁਲਿਕ ਦਾ 'ਪੋਸਡਕਾਰਬ' (Posdcord) ਸਾਰੇ ਹੀ ਇਸ ਧਾਰਨਾ ਉੱਤੇ ਆਧਾਰਿਤ ਹਨ ਕਿ ਸੰਗਠਨ ਪ੍ਰਭਾਵਸ਼ਾਲੀ ਰੂਪ ਵਿੱਚ ਉਸ ਵਕਤ ਕੰਮ ਕਰ ਸਕਦਾ ਹੈ ਜੇ ਉਹ ਕੁਝ ਸਿਧਾਂਤਾਂ ਦੀ ਪਾਲਣਾ ਕਰੇ। ਪ੍ਰਸ਼ਾਸਕੀ ਵਿਹਾਰ ਇਤਨਾਂ ਬਹੁ-ਮੁਖੀ ਹੈ ਕਿ ਇਸ ਨੂੰ ਇਤਨੀ ਆਸਾਨੀ ਨਾਲ ਪਛਾਣਿਆ ਨਹੀਂ ਜਾ ਸਕਦਾ ਅਤੇ ਇਸ ਲਈ ਕੋਈ ਨਿਯਮਤ ਨਮੂਨਾਂ ਜਾਂ ਸਰੂਪ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਵਿਕਾਸ ਪ੍ਰਸ਼ਾਸਨ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਵੱਖ-ਵੱਖ ਤੱਤਾਂ ਦੇ ਵਿਹਾਰ ਜਾਂ ਉਨ੍ਹਾਂ ਦੀਆਂ ਕਿਰਿਆਵਾਂ ਦਾ ਇਕੋ ਜਿਹੇ ਪ੍ਰਤਿਰੂਪ ਵਿੱਚ ਨਿਰੀਖਣ ਕਰਨਾ ਮੁਸ਼ਕਿਲ ਹੈ। ਕਈ ਅਜਿਹੇ ਖੇਤਰ ਹਨ ਜਿਥੇ ਅਲੱਗ-ਅਲੱਗ ਪ੍ਰਸ਼ਾਸਕੀ ਸੰਸਥਾਵਾਂ ਦੀ ਨਿਸ਼ਚਿਤ ਜ਼ਿੰਮੇ ਵਾਰੀਆਂ ਨਿਯਤ ਕਰਨਾ ਅਸੰਭਵ ਹੈ।

ਕੁਝ ਪ੍ਰਸ਼ਾਸਕੀ ਵਿਚਾਰਕਾਂ ਦਾ ਖਿਆਲ ਹੈ ਕਿ ਪਰੰਪਰਾਵਾਦੀ ਅਤੇ ਵਿਕਾਸ ਪ੍ਰਸ਼ਾਸਨ ਵਿੱਚ ਕੋਈ ਅੰਤਰ ਨਹੀਂ ਹੈ। ਹਰ ਸੰਗਠਨ ਭਾਵੇਂ ਉਹ ਵੱਡਾ ਜਾਂ ਛੋਟਾ, ਪਬਲਿਕ ਜਾਂ ਪ੍ਰਾਈਵੇਟ ਪਹਿਲੇ ਮਿਥੇ ਹੋਏ ਉਦੇਸ਼ਾਂ ਦੇ ਅਨੁਸਾਰ ਹੀ ਕੁਝ ਕੰਮ ਪੂਰੇ ਕਰਦਾ ਹੈ। ਇਸ ਲਈ ਉਦੇਸ਼ ਪ੍ਰਾਪਤੀ ਦੇ ਸਿਧਾਂਤ ਅਨੁਸਾਰ ਹਰ ਸੰਗਠਨ ਵਿਕਾਸ ਸੰਗਠਨ ਦਾ ਦਾਅਵਾ ਕਰ ਸਕਦਾ ਹੈ। ਜੇਕਰ ਅਸੀਂ ਵੱਖ-ਵੱਖ ਸੰਗਠਨਾਂ ਦੁਆਰਾ ਕੀਤੇ ਗਏ ਕੰਮਾਂ ਦਾ ਡੂੰਘਾਈ ਵਿੱਚ ਵਿਸ਼ਲੇਸ਼ਣ ਕਰੀਏ ਤਾਂ ਅਸੀਂ ਦੋਨਾਂ ਵਿੱਚ ਅੰਤਰ ਲੱਭ ਸਕਦੇ ਹਾਂ। ਇਹ ਗੱਲ ਦੇਖਣ ਵਿੱਚ ਉਚਿਤ ਹੈ ਪਰ ਜ਼ਰੂਰੀ ਨਹੀਂ ਕਿ ਪਰੰਪਰਾਵਾਦੀ ਪ੍ਰਸ਼ਾਸਨ ਵਿਕਾਸਾਤਮਕ ਹੋਵੇ ਪਰ ਵਿਕਾਸ ਵਿੱਚ ਪਰੰਪਰਾਵਾਦੀ ਪ੍ਰਸ਼ਾਸਨ ਦੇ ਲੱਛਣ ਜ਼ਰੂਰ ਮਿਲ ਜਾਂਦੇ ਹਨ। ਜਿਥੋਂ ਤੱਕ ਵਿਕਾਸ ਪ੍ਰਸ਼ਾਸਨ ਦਾ ਸਬੰਧ ਸਰਕਾਰੀ ਸੰਗਠਨਾਂ ਰਾਹੀਂ ਲਾਗੂ ਕੀਤੀਆਂ ਗਈਆਂ ਨੀਤੀਆਂ, ਨਿਯਮ ਅਤੇ ਆਦਰਸ਼ਾਂ ਨਾਲ ਹੈ, ਇਹ ਅਵਿਕਾਸ ਜਾਂ ਪਰੰਪਰਾਵਾਦੀ ਪ੍ਰਸ਼ਾਸਨ ਨਾਲ ਮਿਲਦਾ ਜੁਲਦਾ ਹੈ। ਪਰ ਜਿਥੋਂ ਤੱਕ ਇਸ ਦਾ ਸਬੰਧ ਅਮਲੀ ਰੂਪ ਵਿੱਚ ਉਦੇਸ਼ਾਂ, ਖੇਤਰ, ਪੇਚੀਦਾਪਨ ਅਤੇ ਨਵੀਆਂ ਰੀਤਾਂ ਨਾਲ ਹੈ। ਇਹ ਪਰੰਪਰਾਵਾਦੀ ਪ੍ਰਸ਼ਾਸਨ ਨਾਲੋਂ ਬਹੁਤ ਹੀ ਭਿੰਨ ਹੈ। ਇਹਨਾਂ ਦੋਨਾਂ ਕਿਸਮਾਂ ਦੇ ਪ੍ਰਸ਼ਾਸਨਾਂ ਨੂੰ ਬਹੁਤ ਸਾਰੇ ਆਧਾਰਾਂ 'ਤੇ ਭਿੰਨ ਕੀਤਾ ਜਾ ਸਕਦਾ ਹੈ ਜੋ ਕਿਸਮ ਵਿੱਚ ਨਹੀਂ ਬਲਕਿ ਦਰਜੇ ਦੇ ਆਧਾਰ 'ਤੇ ਹੋ ਸਕਦਾ ਹੈ।

**1. ਉਦੇਸ਼ :**

ਪਰੰਪਰਾਵਾਦੀ ਪ੍ਰਸ਼ਾਸਨ ਮੁੱਖ ਰੂਪ ਵਿੱਚ ਅਨੁਰੂਪ, ਸਾਦਾ ਅਤੇ ਪਛਾਣੇ ਜਾਣ ਵਾਲੀਆਂ ਕਿਰਿਆਵਾਂ

ਨਾਲ ਹੀ ਸਬੰਧਤ ਸੀ। ਇਸ ਦਾ ਮੁੱਖ ਉਦੇਸ਼ ਉਹਨਾਂ ਕੰਮਾਂ ਨੂੰ ਪੂਰਾ ਕਰਨਾ ਹੈ ਜਿਸ ਵਾਸਤੇ ਸੰਸਥਾ ਸਥਾਪਿਤ ਕੀਤੀ ਗਈ ਹੈ। ਇਨ੍ਹਾਂ ਕੰਮਾਂ ਨੂੰ ਆਮ ਤੌਰ 'ਤੇ ਜ਼ਬਾਨੀ ਜਾਂ ਲਿਖਤੀ ਦਸਤਾਵੇਜ਼ ਦੇ ਰੂਪ ਵਿੱਚ ਨਿਸ਼ਚਿਤ ਕਰ ਦਿੱਤਾ ਜਾਂਦਾ ਹੈ। ਇਹ ਸੰਗਠਨ ਕੁਝ ਮੁੱਢਲੇ ਕੰਮਾਂ ਨੂੰ ਪੂਰਾ ਕਰਨ ਜਾਂ ਇਕ ਦੇਸ਼ ਦੇ ਲੋਕਾਂ ਨੂੰ ਕੁਝ ਸੇਵਾਵਾਂ ਪ੍ਰਦਾਨ ਕਰਨ ਵਿੱਚ ਰੁੱਝੇ ਹੁੰਦੇ ਹਨ। ਇਸ ਦੇ ਉਲਟ ਵਿਕਾਸ ਪ੍ਰਸ਼ਾਸਨ ਦਾ ਉਦੇਸ਼ ਕੇਵਲ ਕੁਝ ਪ੍ਰਦਾਨ ਕਰਨਾ ਹੀ ਨਹੀਂ ਹੈ ਬਲਕਿ ਇਸ ਦਾ ਮੁੱਖ ਉਦੇਸ਼ ਸਮੁੱਚੇ ਢਾਂਚੇ ਵਿੱਚ ਤਬਦੀਲੀ ਲਿਆਉਣਾ ਹੈ। ਵਿਕਾਸ ਪ੍ਰਸ਼ਾਸਨ ਦੀ ਵਾਸਤਵਿਕਤਾ ਏਕੀਕਰਣ, ਸੰਗਠਿਤ ਅਤੇ ਸਹੀ ਨਿਰਦੇਸ਼ਨ ਵਾਲੇ ਸਰਕਾਰੀ ਕਾਰਜਾਂ ਰਾਹੀਂ ਸਮੁੱਚੀ ਤਬਦੀਲੀ ਲਿਆਉਣਾ ਹੈ। ਦੋਹਾਂ ਪ੍ਰਸ਼ਾਸਨਾਂ ਦੀ ਇਕ ਸਰਲ ਉਦਾਹਰਣ ਹੈ ਕਿ ਵਿਭਾਗ ਜੋ ਲੋਕਾਂ ਲਈ ਪੀਣ ਦੇ ਪਾਣੀ ਦੀ ਵਿਵਸਥਾ ਕਰ ਰਿਹਾ ਹੈ ਅਤੇ ਇਕ ਸੰਗਠਨ ਜੋ ਗ਼ਰੀਬਾਂ ਦੇ ਵਿਕਾਸ ਜਾਂ ਪੇਂਡੂ ਵਿਕਾਸ ਨਾਲ ਸੰਬੰਧਿਤ ਹੈ ਪਹਿਲੀ ਕਿਸਮ ਪਰੰਪਰਾਵਾਦੀ ਸੰਗਠਨ ਨਾਲ ਮਿਲਦੀ ਜੁਲਦੀ ਹੈ ਅਤੇ ਦੂਜੀ ਵਿਕਾਸਵਾਦੀ ਨਾਲ। ਰਾਜਸਥਾਨ ਸਰਕਾਰ ਦੀ 'ਅੰਤੋਦਿਆ' ਸਕੀਮ (ਜੋ ਕਿ ਹੋਰ ਵੀ ਰਾਜਾਂ ਨੇ ਅਪਣਾ ਲਈ ਹੈ) ਵਿਕਾਸ ਪ੍ਰਸ਼ਾਸਨ ਦੀ ਇਕ ਚੰਗੀ ਉਦਾਹਰਣ ਹੈ ਕਿਉਂਕਿ ਇਸ ਦਾ ਉਦੇਸ਼ ਗ਼ਰੀਬੀ ਪੱਧਰ ਤੋਂ ਹੇਠ ਰਹਿ ਰਹੇ ਲੋਕਾਂ ਨੂੰ ਉਪਰ ਚੁੱਕਣਾ ਹੈ।

### 2. ਪ੍ਰਕ੍ਰਿਤੀ ਅਤੇ ਖੇਤਰ :

ਪਰੰਪਰਾਵਾਦੀ ਪ੍ਰਸ਼ਾਸਨ ਦਾ ਖੇਤਰ ਕਾਫ਼ੀ ਹੱਦ ਤੱਕ ਸੀਮਿਤ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਹ ਖੰਡਿਤ, ਨਿਰਧਾਰਿਤ ਜਾਂ ਸ਼ਨਾਖਤ ਕੀਤੀਆਂ ਜਾਣ ਵਾਲੀਆਂ ਪ੍ਰਸ਼ਾਸਕੀ ਕਿਰਿਆਵਾਂ ਤੱਕ ਹੀ ਸੀਮਿਤ ਹੈ। ਵਿਕਾਸ ਪ੍ਰਸ਼ਾਸਨ ਦੀਆਂ ਕਿਰਿਆਵਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਤਰ੍ਹਾਂ ਇਸ ਦਾ ਖੇਤਰ ਪਰੰਪਰਾਵਾਦੀ ਪ੍ਰਸ਼ਾਸਨ ਨਾਲੋਂ ਵੀ ਜ਼ਿਆਦਾ ਹੈ। ਇਸ ਦੀਆਂ ਕਿਰਿਆਵਾਂ ਨੂੰ ਆਸਾਨੀ ਨਾਲ ਨਿਰਧਾਰਿਤ ਜਾਂ ਸ਼ਨਾਖਤ ਨਹੀਂ ਕੀਤਾ ਜਾ ਸਕਦਾ। ਅਸਲੀਅਤ ਵਿੱਚ ਨਵੀਆਂ ਕਾਢਾਂ ਵਿਕਾਸ ਪ੍ਰਸ਼ਾਸਨ ਦੀ ਵਾਸਤਵਿਕਤਾ ਹਨ।

ਇਸ ਤੋਂ ਉਪਰੰਤ ਕਿਹਾ ਜਾ ਸਕਦਾ ਹੈ ਕਿ ਪਰੰਪਰਾਵਾਦੀ ਪ੍ਰਸ਼ਾਸਨ ਦੀ ਪ੍ਰਕਿਰਤੀ ਸਥਾਈ ਹੈ। ਇਹ ਸਮਾਜਿਕ ਸਰੂਪ ਦੇ ਮੁੱਢਲੇ ਸੰਸਥਾਪਤ ਰੂਪ ਦਾ ਨਿਰੀਖਣ ਕਰਦਾ ਹੈ ਅਤੇ ਉਹਨਾਂ ਹਾਲਤਾਂ ਦਾ ਨਿਰੀਖਣ ਨਹੀਂ ਕਰਦਾ ਜਿਨ੍ਹਾਂ ਕਰਕੇ ਇਸ ਸਰੂਪ ਦੀ ਉਤਪੱਤੀ ਹੋਈ ਹੈ ਜਾਂ ਜਿਨ੍ਹਾਂ ਕਰਕੇ ਇਸ ਦਾ ਅਸਤਿਤਵ ਬਣਿਆ ਹੋਇਆ ਹੈ ਜਾਂ ਜਿਨ੍ਹਾਂ ਕਰਕੇ ਕੋਈ ਤਬਦੀਲੀ ਆਈ ਹੈ। ਇਸ ਦੇ ਉਲਟ ਵਿਕਾਸ ਪ੍ਰਸ਼ਾਸਨ ਲਚਕੀਲਾ ਹੈ ਕਿਉਂਕਿ ਇਹ ਨਵੀਆਂ ਪੈਦਾ ਹੋਈਆਂ ਸਮੱਸਿਆਵਾਂ ਜਾਂ ਹਾਲਾਤਾਂ ਦਾ ਬਿਆਨ ਕਰਦਾ ਸੀ। ਵਿਕਾਸ ਪ੍ਰਸ਼ਾਸਨ ਦੇ ਵਿਦਵਾਨ ਲਗਾਤਾਰ ਵਿਕਾਸ ਦੇ ਸਿਧਾਂਤ ਦੇ ਵੱਖਰੇ -ਵੱਖਰੇ ਪਹਿਲੂਆਂ ਨਾਲ ਸਬੰਧ ਕਾਇਮ ਰੱਖਦੇ ਹਨ। ਉਹਨਾਂ ਦੇ ਮੁੱਖ ਉਦੇਸ਼ ਵਿਕਾਸ ਦੀ ਜ਼ਰੂਰਤ, ਵਿਕਾਸ ਦੇ ਸਿਧਾਂਤ, ਵਿਕਾਸ ਦੇ ਪ੍ਰਭਾਵ (ਨਾਕਾਰਾਤਮਕ ਅਤੇ ਸਾਕਾਰਾਤਮਕ) ਅਤੇ ਵਿਕਾਸ ਦੀ ਵਿਚਾਰਧਾਰਾ ਵਿੱਚ ਸਬੰਧ ਕਾਇਮ ਕਰਨਾ ਹੈ।

### 3. ਪੇਚੀਦਾਪਣ ਅਤੇ ਲਚਕੀਲਾਪਣ :

ਵਿਕਾਸਵਾਦੀ ਅਤੇ ਪਰੰਪਰਾਵਾਦੀ ਪ੍ਰਸ਼ਾਸਨ ਵਿੱਚ ਅੰਤਰ ਉਨ੍ਹਾਂ ਦੇ ਸਰੂਪ ਵਿੱਚ ਪੇਚੀਦਾਪਣ ਦੇ ਆਧਾਰ ਤੇ ਵੀ ਕੀਤਾ ਜਾ ਸਕਦਾ ਹੈ। ਪਰੰਪਰਾਵਾਦੀ ਸੰਗਠਨ ਆਮ ਤੌਰ 'ਤੇ ਸਾਦੇ ਸੰਗਠਨ ਹੁੰਦੇ ਹਨ ਜਿਥੇ ਸੰਗਠਨ ਦੇ ਸਿਧਾਂਤ ਜਿਵੇਂ ਕਿ ਸੰਸਥਾ ਦੀ ਸ਼੍ਰੇਣੀ ਵੰਡ, ਕਮਾਂਡ ਦੀ ਏਕਤਾ, ਨਿਯੰਤਰਣ ਦੀ ਮਿਆਦ ਆਦਿ ਕਾਫ਼ੀ ਹੱਦ ਤੱਕ ਲਾਗੂ ਕੀਤੇ ਜਾ ਸਕਦੇ ਹਨ। ਵਿਕਾਸ ਪ੍ਰਸ਼ਾਸਨ ਤੁਲਨਾਤਮਕ ਰੂਪ ਵਿੱਚ ਵਧੇਰੇ ਪੇਚੀਦਾ ਹੈ ਅਤੇ ਅਜਿਹੇ ਸਿਧਾਂਤ ਪੂਰਨ ਰੂਪ ਵਿੱਚ ਲਾਗੂ ਨਹੀਂ ਕੀਤੇ ਜਾ ਸਕਦੇ।

ਇਸ ਤਰ੍ਹਾਂ ਤੁਲਨਾਤਮਕ ਰੂਪ ਵਿੱਚ ਵਿਕਾਸ ਸੰਗਠਨ ਪਰੰਪਰਾਵਾਦੀਆਂ ਨਾਲੋਂ ਵਧੇਰੇ ਲਚਕੀਲੇ ਹੁੰਦੇ ਹਨ। ਉਹ ਕਠੋਰ ਨਿਯਮਾਂ ਜਾਂ ਵਿਧੀਆਂ ਨਾਲ ਨਹੀਂ ਜੁੜੇ ਰਹਿੰਦੇ। ਉਹਨਾਂ ਦੇ ਸੰਗਠਨ ਦਾ ਸਰੂਪ ਅਤੇ ਕੰਮ ਇਸ ਤਰੀਕੇ ਨਾਲ ਬਣਾਏ ਜਾਂਦੇ ਹਨ ਕਿ ਉਹ ਸਮੇਂ ਅਤੇ ਕੰਮ ਦੀ ਮੰਗ ਅਨੁਸਾਰ

ਆਪਣੇ ਆਪ ਨੂੰ ਬਦਲ ਸਕਦੇ ਹਨ। ਵਿਕਾਸ ਪ੍ਰਸ਼ਾਸਨ ਦਾ ਸੰਬੰਧ ਢਾਂਚੇ ਨਾਲ ਨਹੀਂ ਬਲਕਿ ਕਿਰਿਆ ਨਾਲ ਹੁੰਦਾ ਹੈ। ਇਕ ਵਿਕਸਿਤ ਪ੍ਰਸ਼ਾਸਕੀ ਪ੍ਰਣਾਲੀ ਵਿੱਚ ਵੱਖ-ਵੱਖ ਪ੍ਰਕਾਰ ਦੇ ਢਾਂਚੇ ਅਤੇ ਸੰਸਥਾਵਾਂ ਹੁੰਦੀਆਂ ਹਨ। ਇਹਨਾਂ ਵਿੱਚ ਪੁਰਾਣੇ ਅਤੇ ਨਵੇਂ ਪਰੰਪਰਾਵਾਦੀ ਅਤੇ ਆਧੁਨਿਕ ਦੋਹਾਂ ਪ੍ਰਕਾਰ ਦੇ ਸੰਗਠਨ ਮੌਜੂਦ ਹੁੰਦੇ ਹਨ। ਪੇਚੀਦਾਪਣ ਵੀ ਕੇਵਲ ਢਾਂਚੇ ਵਿੱਚ ਹੀ ਮੌਜੂਦ ਨਹੀਂ ਹੁੰਦਾ ਬਲਕਿ ਕੰਮ ਕਰਨ ਦੇ ਢੰਗ ਵਿਚ ਹੀ ਹੁੰਦਾ ਹੈ।

**4. ਤਬਦੀਲੀ ਅਤੇ ਉਦੇਸ਼ ਨਿਰਧਾਰਣ :**

ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਵਿਕਾਸ ਪ੍ਰਸ਼ਾਸਨ ਦੀ ਵਾਸਤਵਿਕਤਾ ਤਬਦੀਲੀ ਹੈ। ਇਸ ਦਾ ਉਦੇਸ਼ ਸਾਰੇ ਢਾਂਚੇ ਵਿੱਚ ਸਮੁੱਚੀ ਤਬਦੀਲੀ ਲਿਆਉਣਾ ਹੈ। ਪਰੰਪਰਾਵਾਦੀ ਪ੍ਰਸ਼ਾਸਨ ਕੁਝ ਉਦੇਸ਼ਾਂ ਦੀ ਪ੍ਰਾਪਤੀ ਲਈ ਕੁਝ ਕੰਮ ਪੂਰਨ ਕਰਦਾ ਹੈ ਅਤੇ ਸੇਵਾ ਹੀ ਇਸ ਦਾ ਲੱਛਣ ਹੈ ਨਾ ਕਿ ਤਬਦੀਲੀ। ਇਸ ਪ੍ਰਕਾਰ ਪ੍ਰਸ਼ਾਸਨ ਨੂੰ ਪਰਜਾਤਮਕ ਨਿਰਧਾਰਤ ਪ੍ਰਸ਼ਾਸਨ ਵੀ ਕਿਹਾ ਜਾਂਦਾ ਹੈ। ਇਹ ਲੋਕਾਂ ਦੇ ਇਕ ਖਾਸ ਭਾਗ ਦੀ ਭਲਾਈ ਲਈ ਕੰਮ ਕਰਦਾ ਹੈ ਜਿਨ੍ਹਾਂ ਉੱਤੇ ਵਿਕਾਸ ਸੰਗਠਨ ਦਾ ਪ੍ਰਤੱਖ ਪ੍ਰਭਾਵ ਪੈਂਦਾ ਹੈ।

**ਵਿਕਾਸਵਾਦੀ ਅਤੇ ਅਵਿਕਾਸਵਾਦੀ ਪ੍ਰਸ਼ਾਸਨ :**

ਇਹ ਵਾਦ ਵਿਵਾਦ ਦਾ ਵਿਸ਼ਾ ਬਣ ਚੁੱਕਿਆ ਹੈ ਕਿ ਅਸੀਂ ਸਪਸ਼ਟ ਰੂਪ ਵਿੱਚ ਵਿਕਾਸਵਾਦੀ ਪ੍ਰਸ਼ਾਸਨ ਅਤੇ ਗ਼ੈਰ-ਵਿਕਾਸਵਾਦੀ ਪ੍ਰਸ਼ਾਸਨ ਵਿੱਚ ਭੇਦ ਕਰ ਸਕਦੇ ਹਾਂ ਕਿ ਨਹੀਂ। ਕਈ ਵਿਚਾਰਕ ਵਿਕਾਸਵਾਦੀ ਕਿਰਿਆ ਨੂੰ ਰਾਜਨੀਤਿਕ ਆਜ਼ਾਦੀ ਨਾਲ ਜੋੜ ਦਿੰਦੇ ਹਨ। ਉਹਨਾਂ ਅਨੁਸਾਰ ਕਿਰਿਆ ਉਸ ਵਕਤ ਸ਼ੁਰੂ ਹੁੰਦੀ ਹੈ ਜਦੋਂ ਕਿ ਇਕ ਦੇਸ਼ ਰਾਜਨੀਤਿਕ ਤੌਰ ਉੱਤੇ ਆਜ਼ਾਦ ਹੁੰਦਾ ਹੈ। ਪਰ ਇਹ ਧਾਰਨਾ ਗ਼ਲਤ ਹੈ। ਇਥੋਂ ਤੱਕ ਕਿ ਨੌ ਆਬਾਦੀ ਦੇਸ਼ਾਂ ਵਿੱਚ ਵੀ ਜਿਥੇ ਵਿਦੇਸ਼ੀ ਤਾਕਤ ਰਾਜ ਕਰਦੀ ਹੈ, ਵਿਕਾਸ ਪ੍ਰੋਗਰਾਮ ਅਪਣਾਏ ਜਾ ਸਕਦੇ ਹਨ। ਇਸੇ ਪ੍ਰਕਾਰ ਇਹ ਸੰਭਵ ਹੈ ਕਿ ਕਿਸੇ ਸੁਤੰਤਰ ਦੇਸ਼ ਵਿੱਚ ਅਜਿਹੇ ਪ੍ਰੋਗਰਾਮ ਜਾਂ ਯੋਜਨਾਵਾਂ ਅਮਲ ਵਿੱਚ ਲਿਆਂਦੀਆਂ ਜਾਣ ਜਿਨ੍ਹਾਂ ਨੂੰ ਵਿਕਾਸਮਈ ਕਿਹਾ ਜਾ ਸਕਦਾ ਹੋਵੇ।

ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਵਿਕਾਸ ਪ੍ਰਸ਼ਾਸਨ ਦਾ ਸੰਬੰਧ ਵਿਕਸਤ ਹੋ ਰਹੇ ਦੇਸ਼ਾਂ ਨਾਲ ਹੈ ਨਾ ਕਿ ਵਿਕਸਤ ਦੇਸ਼ਾਂ ਨਾਲ। ਇਹ ਧਾਰਨਾ ਵੀ ਗਲਤ ਹੈ, ਕਿਉਂਕਿ ਵਿਕਸਤ ਦੇਸ਼ ਵੀ ਕਈ ਵਿਕਾਸਮਈ ਕੰਮ ਕਰਦੇ ਹਨ। ਅਮਰੀਕਾ ਵਿੱਚ ਪੈਦਾ ਹੋਈ 'ਨਵੀਨ ਲੋਕ ਪ੍ਰਸ਼ਾਸਨ' ਦੀ ਧਾਰਨਾ ਦਾ ਸੰਬੰਧ ਪ੍ਰਸ਼ਾਸਨ ਨਾਲ ਹੀ ਹੈ ਫਿਰ ਵੀ ਇਹ ਗੱਲ ਠੀਕ ਹੈ ਕਿ ਤਬਦੀਲੀ ਵਾਲੇ ਪ੍ਰਸ਼ਾਸਨ ਦੀ ਜ਼ਰੂਰਤ ਵਿਕਸਤ ਹੋ ਰਹੇ ਦੇਸ਼ਾਂ ਵਿੱਚ ਜ਼ਿਆਦਾ ਹੈ ਅਤੇ ਵਿਕਸਤ ਦੇਸ਼ਾਂ ਵਿੱਚ ਘੱਟ ਹੁੰਦੀ ਹੈ।

ਨਵੀਆਂ ਕਾਢਾਂ ਦੇ ਸਰੂਪ ਦੇ ਆਧਾਰ ਉੱਤੇ ਵੀ ਵਿਕਾਸਵਾਦੀ ਗ਼ੈਰ-ਵਿਕਾਸਵਾਦੀ ਭੇਦ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ। ਕਾਟਜ ਦੇ ਅਨੁਸਾਰ ਵਿਕਾਸ ਪ੍ਰਸ਼ਾਸਨ ਦਾ ਸਰੂਪ ਹੀ ਨਵੀਆਂ ਕਾਢਾਂ ਹੈ। ਪਰ ਇਸ ਦਾ ਇਹ ਮਤਲਬ ਨਹੀਂ ਲੈਣਾ ਚਾਹੀਦਾ ਕਿ ਪਰੰਪਰਾਵਾਦੀ ਪ੍ਰਸ਼ਾਸਨ ਵਿੱਚ ਨਵੀਆਂ ਕਾਢਾਂ ਦੀ ਕਮੀ ਹੈ। ਇਹ ਅੰਤਰ ਕੇਵਲ ਪੱਧਰ ਦਾ ਹੈ ਨਾ ਕਿ ਕਿਸਮ ਦਾ।

ਦੋਨਾਂ ਵਿੱਚ ਕਠੋਰ ਭੇਦ ਕਰਨਾ ਨਾਮੁਮਕਿਨ ਹੈ। ਅਜਿਹਾ ਕੋਈ ਪ੍ਰਸ਼ਾਸਨ ਨਹੀਂ ਹੈ ਜਿਹੜਾ ਪੂਰਨ ਰੂਪ ਵਿੱਚ ਅਵਿਕਾਸਵਾਦੀ ਹੋਵੇ। ਪ੍ਰਸ਼ਾਸਕੀ ਪ੍ਰਣਾਲੀ ਦੇ ਅੰਦਰ ਵਿਕਾਸਵਾਦੀ ਅਤੇ ਗ਼ੈਰ-ਵਿਕਾਸਵਾਦੀ ਵਿੱਚ ਭੇਦ ਕਰਨ ਦੀ ਕੋਸ਼ਿਸ਼ ਉਨ੍ਹਾਂ ਦੀ ਜਿਨ੍ਹਾਂ ਨੂੰ ਗ਼ੈਰ-ਵਿਕਾਸਵਾਦੀ ਕਿਹਾ ਜਾਂਦਾ ਹੈ, ਪਹਿਲ ਕਦਮੀ ਅਤੇ ਹੌਸਲੇ ਨੂੰ ਖ਼ਤਮ ਕਰ ਦੇਵੇਗੀ। ਅਜਿਹਾ ਅੰਤਰ ਕੁਝ ਸੰਗਠਨਾਂ ਨੂੰ ਜ਼ਿਆਦਾ ਮਹੱਤਵਪੂਰਨ ਬਣਾ ਦੇਵੇਗਾ ਅਤੇ ਕੁਝ ਨੂੰ ਮਹੱਤਵਹੀਣ। ਅਜਿਹਾ ਸਮੁੱਚੀ ਪ੍ਰਣਾਲੀ ਦੇ ਕੰਮ ਵਿੱਚ ਰੁਕਾਵਟ ਬਣ ਜਾਵੇਗਾ। ਇਸ ਤੋਂ ਇਲਾਵਾ ਇਹ ਵਿਚਾਰਨਾ ਵੀ ਜ਼ਰੂਰੀ ਹੈ ਕਿ ਪ੍ਰਸ਼ਾਸਨ ਵਿਕਾਸਵਾਦੀ ਹੈ ਜਾਂ ਪਰੰਪਰਾਵਾਦੀ ਜਾਂ ਗ਼ੈਰ-ਵਿਕਾਸਵਾਦੀ। ਉਹ ਉਸ ਦੇਸ਼ ਉੱਤੇ ਨਿਰਭਰ ਕਰਦਾ ਹੈ ਜਿਸ ਬਾਬਤ ਅਸੀਂ ਸੋਚ ਰਹੇ ਹਾਂ ਕਿ ਪ੍ਰਸ਼ਾਸਕੀ ਵਿਭਾਗ ਜੋ ਕਿ ਬਹੁਤ ਵਿਕਸਿਤ ਦੇਸ਼ ਵਿੱਚ ਗ਼ੈਰ-ਵਿਕਾਸਵਾਦੀ ਜਾਂ ਪਰੰਪਰਾਵਾਦੀ ਸਮਝਿਆ ਜਾਂਦਾ ਹੈ, ਕਿਸੇ ਘੱਟ ਵਿਕਸਿਤ ਜਾਂ ਵਿਕਾਸ ਕਰ ਰਹੇ ਦੇਸ਼ ਵਿੱਚ ਵਿਕਾਸਵਾਦੀ ਹੋ ਸਕਦਾ

ਹੈ। ਇਸ ਲਈ ਇਹ ਉਸ ਦੇਸ਼ ਦੇ ਮੁੱਢਲੇ ਲੱਛਣਾਂ ਅਤੇ ਉਸ ਦੇ ਵਿਕਾਸ ਦੀ ਪੱਧਰ ਦੇ ਉਪਰ ਨਿਰਭਰ ਕਰਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਦੂਜੇ ਵਿਸ਼ਵ ਯੁੱਧ ਬਾਅਦ ਆਜ਼ਾਦ ਹੋਏ ਦੇਸ਼ ਅਤੇ ਵਿਕਸਤ ਦੇਸ਼ ਦੋਹੋਂ ਹੀ ਵਿਕਾਸ ਪ੍ਰਤਿ ਵਿਸ਼ੇਸ਼ ਧਿਆਨ ਦੇ ਰਹੇ ਹਨ ਪਰ ਕੋਈ ਵੀ ਵਿਕਾਸ ਸੰਬੰਧੀ ਕਾਰਜ ਕਿਸੇ ਵੀ ਰਾਸ਼ਟਰ ਦੀ ਹੋਂਦ ਨੂੰ ਖਤਰੇ ਵਿੱਚ ਪਾਉਣ ਵਾਲਾ ਨਾ ਹੋਵੇ। (ਭਾਵ ਉਸ ਦੀ ਭੂਮੀ, ਜਲ, ਜੰਗਲਾਤ ਅਤੇ ਹੋਰ ਕੁਦਰਤੀ ਸਾਧਨਾਂ ਦੀ ਕੁਵਰਤੋਂ ਜਾਂ ਕੁਪ੍ਰਬੰਧ ਵੱਲ ਲਿਜਾਉਣ ਵਾਲਾ ਨਾ ਹੋਵੇ) ਕਿਉਂਕਿ ਅਜਿਹਾ ਕਾਰਜ ਉਸ ਸਮੇਂ ਭਾਵੇਂ ਲਾਭਦਾਇਕ ਜਾਪਦਾ ਹੋਵੇ ਪਰ ਲੰਬੇ ਸਮੇਂ ਦੌਰਾਨ ਹਾਨੀਕਾਰਕ ਹੀ ਸਿੱਧ ਹੋਵੇਗਾ। ਮੋਟੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਅਜਿਹਾ ਕਾਰਜ ਵਾਤਾਵਰਣ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਦੀ ਵਿਕਾਸ ਪਹੁੰਚ ਵਿਕਾਸ ਦੇ ਆਰਥਿਕ, ਤਕਨੀਕੀ, ਮਨੁੱਖੀ ਅਤੇ ਸੰਸਥਾਗਤ ਪੱਖਾਂ ਨੂੰ ਇਕ ਸੂਤਰ ਵਿਚ ਪਿਰੋਣ ਦੀ ਕੋਸ਼ਿਸ਼ ਹੈ ਭਾਰਤੀ ਲੋਕਤੰਤਰ ਯੋਜਨਾਬੰਦੀ ਨੂੰ ਵਧੇਰੇ ਉਤਪਾਦਨ ਅਤੇ ਉਸ ਦੀ ਵੰਡ ਵਿੱਚ ਸਮਾਨਤਾ, ਉਦਯੋਗੀਕਰਨ ਅਤੇ ਵਿਸ਼ੇਸ਼ ਕਰ ਘਰੇਲੂ ਉਦਯੋਗਾਂ ਦਾ ਵਿਕਾਸ ਪਰੰਪਰਾਵਾਦੀ ਤਕਨੀਕਾਂ ਦਾ ਵਿਕਾਸ ਅਤੇ ਉੱਚ ਤਕਨਾਲੋਜੀ ਦਾ ਪ੍ਰਚਲਨ ਅਤੇ ਮਨੁੱਖੀ ਆਦਰਸ਼ਾਂ ਨੂੰ ਮੁੱਖ ਰੱਖਦਿਆਂ ਹੋਇਆਂ ਪਦਾਰਥਕ ਪ੍ਰਾਪਤੀ ਨਾਲ ਇੱਕ ਸਾਰ ਕਰਨ ਦਾ ਯਤਨ ਕਰ ਰਿਹਾ ਹੈ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਕਾਸ ਇੱਕ ਬਹੁ-ਦਿਸ਼ਾਵੀ ਧਾਰਨਾ ਹੈ ਅਤੇ ਇਹ ਕੇਵਲ ਵਰਤਮਾਨ ਸਮੇਂ ਲਈ ਹੀ ਨਹੀਂ ਬਲਕਿ ਆਉਣ ਵਾਲੀਆਂ ਪੀੜ੍ਹੀ ਦਾ ਵੀ ਧਿਆਨ ਰੱਖਣ ਨਾਲ ਸਬੰਧਤ ਹੈ।

ਉਪਰ ਕੀਤੇ ਗਏ ਵਰਣਨ ਤੋਂ ਸਾਨੂੰ ਇਹ ਸਮਝਣਾ ਆਸਾਨ ਹੋ ਜਾਂਦਾ ਹੈ ਕਿ ਵਿਕਾਸ ਪ੍ਰਸ਼ਾਸਨ ਕੀ ਹੈ ਅਤੇ ਇਹ ਪਰੰਪਰਾਵਾਦੀ ਜਾਂ ਗ਼ੈਰ-ਪਰੰਪਰਾਵਾਦੀ ਪ੍ਰਸ਼ਾਸਨ ਤੋਂ ਕਿਤਨਾ ਵੱਖਰਾ ਹੈ, ਹਰ ਦੇਸ਼ ਵਿੱਚ ਦੋਵੇਂ ਕਿਸਮਾਂ ਦੇ ਸੰਗਠਨ ਮੌਜੂਦ ਹੁੰਦੇ ਹਨ ਅਤੇ ਦੋਨਾਂ ਦੀ ਸਫ਼ਲਤਾ ਇੱਕ ਦੂਜੇ ਉਪਰ ਨਿਰਭਰ ਕਰਦੀ ਹੈ। ਫਿਰ ਵੀ ਵਿਕਾਸ ਪ੍ਰਸ਼ਾਸਨ ਦੀ ਧਾਰਨਾ ਦਾ ਉਨ੍ਹਾਂ ਪ੍ਰਸ਼ਾਸਕੀ ਪ੍ਰਣਾਲੀਆਂ ਨਾਲ ਸਬੰਧ ਹੈ ਜਿਹੜੀਆਂ ਆਰਥਿਕ ਅਤੇ ਸਮਾਜਿਕ ਤਬਦੀਲੀ ਵੱਲ ਕਦਮ ਚੁੱਕ ਰਹੀਆਂ ਹਨ।

## SUGGESTED READINGS

R.K. Arora : *Comparative Public Administration*

Ferrel Heady : *Public Administration : A Comparative perspective*

United Nations : *Measures for Economic Development of under Developed countries.*

Edward Weidner : *Development Administration : A New Focus on Research in ferrel Heady and Stockers.*

Henry Maddick : *Democracy, Decentralisation and Development*

R., Hope Kemle : *Some problems of Administering Development in Developing Nations, the Indian Journal of Public Administration, Overseas, July 1966*

ਸੁਵਿੰਦਰ ਸਿੰਘ : *ਉਚੇਰਾ ਲੋਕ ਪ੍ਰਸ਼ਾਸਨ*

K.K. Puri and G.S. Brara : *Development Administration in India*

ਸਾਹਿਬ ਸਿੰਘ, ਸੁਵਿੰਦਰ ਸਿੰਘ : *ਵਿਕਾਸ ਪ੍ਰਸ਼ਾਸਨ*

ਹਰਬੀਰ ਸਿੰਘ : *Development Administration (Punjabi Medium)*

ਪਾਠ ਨੰ: 1.2

## ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਵਿਸ਼ੇਸ਼ਤਾਵਾਂ

ਵਰਤਮਾਨ ਸਮੇਂ ਦੁਨੀਆਂ ਵਿੱਚ ਕੁਝ ਅਜਿਹੇ ਦੇਸ਼ ਹਨ ਜਿਨ੍ਹਾਂ ਨੂੰ ਵਿਕਸਿਤ ਦੇਸ਼ (Developed Countries) ਕਿਹਾ ਜਾਂਦਾ ਹੈ ਅਤੇ ਕੁਝ ਦੂਸਰੇ ਦੇਸ਼ ਅਜਿਹੇ ਹਨ ਜਿਨ੍ਹਾਂ ਨੂੰ ਵਿਕਾਸ ਅਧੀਨ ਜਾਂ ਵਿਕਾਸਸ਼ੀਲ (Developing Countries) ਦਾ ਨਾਮ ਦਿੱਤਾ ਜਾਂਦਾ ਹੈ। ਆਮ ਕਰਕੇ ਉੱਨਤ ਦੇਸ਼ਾਂ ਨੂੰ ਅਮੀਰ ਦੇਸ਼ ਅਤੇ ਵਿਕਾਸ ਅਧੀਨ ਦੇਸ਼ਾਂ ਨੂੰ ਗ਼ਰੀਬ ਦੇਸ਼ ਵੀ ਕਿਹਾ ਜਾਂਦਾ ਹੈ। ਵਿਕਾਸ-ਅਧੀਨ ਦੇਸ਼ਾਂ ਦੀ ਸੂਚੀ ਵਿੱਚ ਵਧੇਰੇ ਗਿਣਤੀ ਉਹਨਾਂ ਏਸ਼ੀਆਈ, ਅਫ਼ਰੀਕੀ ਅਤੇ ਲੇਟਿਨ ਅਮਰੀਕੀ ਦੇਸ਼ਾਂ ਦੀ ਹੈ ਜਿਨ੍ਹਾਂ ਨੇ ਵੀਹਵੀਂ ਸਦੀ ਵਿੱਚ ਸਾਮਰਾਜੀ ਦੇਸ਼ਾਂ ਦੀ ਗੁਲਾਮੀ ਜਾਂ ਬਸਤੀਵਾਦ (Colonialism) ਤੋਂ ਸੁਤੰਤਰਤਾ ਪ੍ਰਾਪਤ ਕੀਤੀ ਹੈ। ਸਾਮਰਾਜੀ ਲੁੱਟ ਕਾਰਨ ਇਨ੍ਹਾਂ ਦੇਸ਼ਾਂ ਦੀ ਅਰਥ ਵਿਵਸਥਾ ਬਹੁਤ ਪਛੜੀ ਹੋਈਆਂ ਹਨ ਅਤੇ ਇਹ ਦੇਸ਼ ਵਿਕਾਸ ਕਰਨ ਲਈ ਯਤਨ ਕਰ ਰਹੇ ਹਨ। ਅਜਿਹੇ ਦੇਸ਼ਾਂ ਨੂੰ ਸਮੂਹਿਕ ਰੂਪ ਵਿੱਚ ਤੀਜੇ ਸੰਸਾਰ (Third world) ਦਾ ਨਾਮ ਦਿੱਤਾ ਗਿਆ ਹੈ। ਆਧੁਨਿਕ ਯੁੱਗ ਵਿੱਚ ਕਲਿਆਣਕਾਰੀ ਅਤੇ ਵਿਕਸਿਤ ਦੇਸ਼ਾਂ ਦੀ ਵਿਸ਼ੇਸ਼ ਮਹੱਤਤਾ ਅਤੇ ਵਿਸ਼ੇਸ਼ ਭੂਮਿਕਾ ਹੈ। ਵਿਕਾਸ ਅਧੀਨ ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਪਰਿਵਰਤਨ ਲਿਆਉਣ ਅਤੇ ਵਿਕਾਸ ਕਰਨ ਵਿੱਚ ਜਿਹੜੇ ਤੱਤਾਂ ਦਾ ਮੁੱਖ ਰੋਲ ਹੈ ਉਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ :

**ਵਿਕਾਸ ਅਧੀਨ ਜਾਂ ਵਿਕਾਸਸ਼ੀਲ ਦੇਸ਼ (The Developing Countries) :** ਸਾਰੇ ਵਿਕਾਸ-ਅਧੀਨ ਦੇਸ਼ਾਂ ਨੂੰ ਇਕ ਹੀ ਦਰਜੇ ਵਿੱਚ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਸਾਰੇ ਵਿਕਾਸ-ਅਧੀਨ ਦੇਸ਼ਾਂ ਦੀਆਂ ਸਮੱਸਿਆਵਾਂ ਅਤੇ ਵਿਸ਼ੇਸ਼ਤਾਵਾਂ ਇਕੋ ਜਿਹੀਆਂ ਨਹੀਂ ਹਨ। ਫਿਰ ਵੀ ਆਮ ਕਰਕੇ ਜਿਨ੍ਹਾਂ ਦੇਸ਼ਾਂ ਵਿੱਚ ਅੱਗੇ ਲਿਖੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਵਿਕਾਸਸ਼ੀਲ ਜਾਂ ਵਿਕਾਸ ਅਧੀਨ ਦੇਸ਼ ਕਿਹਾ ਜਾਂਦਾ ਹੈ।

(i) ਪੱਛੜੀ ਅਰਥ ਵਿਵਸਥਾ,
(ii) ਪ੍ਰਤੀ ਵਿਅਕਤੀ ਉਤਪਾਦਨ ਦੀ ਬਹੁਤ ਘੱਟ ਦਰ,
(iii) ਪ੍ਰਤੀ ਵਿਅਕਤੀ ਵਾਰਸ਼ਿਕ ਆਮਦਨ ਦੀ ਬਹੁਤ ਥੋੜ੍ਹੀ ਦਰ,
(iv) ਪੱਛੜੀ ਖੇਤੀਬਾੜੀ ਅਤੇ ਪੱਛੜੇ ਉਦਯੋਗ,
(v) ਪੂੰਜੀ ਦੀ ਬਹੁਤ ਜ਼ਿਆਦਾ ਘਾਟ,
(vi) ਰਾਸ਼ਟਰੀ ਅਰਥ ਵਿਵਸਥਾ ਦੇ ਹਰੇਕ ਖੇਤਰ ਵਿੱਚ ਉੱਨਤ ਤਕਨੀਕੀ ਅਤੇ ਵਿਗਿਆਨਕ ਮਸ਼ੀਨਰੀ ਦੀ ਘਾਟ,
(vii) ਰਾਜਨੀਤਿਕ ਪਛੜਾਪਨ,
(viii) ਉੱਦਮ ਦੀ ਕਮੀ ਅਤੇ ਵਸੋਂ ਦੇ ਵਾਧੇ ਦੀ ਉੱਚ ਦਰ,
(ix) ਆਮ ਲੋਕਾਂ ਵਿੱਚ ਗ਼ਰੀਬੀ, ਅਨਪੜ੍ਹਤਾ ਅਤੇ ਪੱਛੜੇਪਣ ਦੀ ਹੋਂਦ,
(x) ਸਮੇਂ ਦੀ ਚਾਲ ਦੇ ਉਲਟ ਪਰੰਪਰਾਗਤ ਸਮਾਜਿਕ ਤੇ ਰਾਜਨੀਤਿਕ ਪ੍ਰਣਾਲੀਆਂ ਦੀ ਹੋਂਦ।

ਜਿਸ ਵਿੱਚ ਉਪਰੋਕਤ ਵਰਣਿਤ ਸਾਰੀਆਂ ਜਾਂ ਇਨ੍ਹਾਂ ਵਿਚੋਂ ਕੁਝ ਵਿਸ਼ੇਸ਼ਤਾਵਾਂ ਮੌਜੂਦ ਹੋਣ, ਉਨ੍ਹਾਂ ਦੇਸ਼ਾਂ ਨੂੰ ਉੱਨਤ ਦੇਸ਼ ਨਹੀਂ, ਸਗੋਂ ਪੱਛੜੇ ਦੇਸ਼ ਕਿਹਾ ਜਾਂਦਾ ਹੈ। ਅਜਿਹੇ ਦੇਸ਼ ਵਿਕਾਸ ਕਰਨ ਲਈ ਜਦੋਂ ਯਤਨ ਕਰਦੇ ਹਨ ਤਾਂ ਉਨ੍ਹਾਂ ਨੂੰ ਵਿਕਾਸ ਅਧੀਨ ਜਾਂ ਵਿਕਾਸਸ਼ੀਲ ਦੇਸ਼ ਦਾ ਨਾਂ ਦਿੱਤਾ ਜਾਂਦਾ ਹੈ। ਭਾਵੇਂ ਦੇਸ਼ ਵਿਕਸਿਤ ਹੋਵੇ ਜਾਂ ਵਿਕਾਸਸ਼ੀਲ ਹੋਵੇ, ਰਾਜ ਨੂੰ ਅਵੱਸ਼ ਹੀ ਮਹੱਤਵਪੂਰਨ ਭੂਮਿਕਾ

ਨਿਭਾਉਣੀ ਪੈਂਦੀ ਹੈ। ਪਰ ਵਿਕਾਸ-ਅਧੀਨ ਦੇਸ਼ਾਂ ਵਿੱਚ ਰਾਜ ਨੂੰ ਵਿਸ਼ੇਸ਼ ਰੂਪ ਵਿੱਚ ਕੁਝ ਅਜਿਹੇ ਕਾਰਜ ਕਰਨੇ ਪੈਂਦੇ ਹਨ ਜੋ ਵਿਕਸਿਤ ਜਾਂ ਉੱਨਤ ਸਮਾਜਾਂ ਵਿੱਚ ਰਾਜ ਨੂੰ ਕਰਨ ਦੀ ਕੋਈ ਵਿਸ਼ੇਸ਼ ਲੋੜ ਨਹੀਂ ਹੁੰਦੀ। ਵਿਕਾਸ ਅਧੀਨ ਦੇਸ਼ਾਂ ਵਿੱਚ ਨਿਭਾਈ ਜਾਂਦੀ ਰਾਜ ਦੀ ਭੂਮਿਕਾ ਦਾ ਅਸੀਂ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕਰ ਸਕਦੇ ਹਾਂ :

**1. ਰਾਸ਼ਟਰੀ ਅਰਥ ਵਿਵਸਥਾ ਨੂੰ ਕਾਫ਼ੀ ਜ਼ਿਆਦਾ ਸ਼ਕਤੀਸ਼ਾਲੀ ਬਣਾਉਣਾ (To make the National Economy sufficiently strong) :** ਵਿਕਾਸ ਅਧੀਨ ਦੇਸ਼ਾਂ ਵਿੱਚ ਵੀ ਰਾਜ ਉਹ ਸਾਰੇ ਜ਼ਰੂਰੀ ਕੰਮ ਪੂਰੇ ਕਰਦਾ ਹੈ ਜੋ ਇਸ ਦੁਆਰਾ ਉੱਨਤ ਦੇਸ਼ਾਂ ਵਿੱਚ ਕੀਤੇ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਲੋਕਾਂ ਦੇ ਜੀਵਨ ਅਤੇ ਸੰਪੱਤੀ ਦੀ ਰੱਖਿਆ, ਕਾਨੂੰਨ ਵਿਵਸਥਾ ਦੀ ਸਥਾਪਨਾ, ਸਮਾਜ ਦੀ ਬਾਹਰਲੇ ਹਮਲੇ ਤੋਂ ਸੁਰੱਖਿਆ, ਨਿਆਂ, ਸ਼ਾਸਨ ਦਾ ਪ੍ਰਬੰਧ ਅਤੇ ਦੂਜੇ ਦੇਸ਼ਾਂ ਨਾਲ ਮਿੱਤਰਤਾ ਅਤੇ ਸੰਬੰਧ ਰਾਜ ਦੁਆਰਾ ਵਿਕਾਸ ਅਧੀਨ ਸਮਾਜਾਂ ਵਿੱਚ ਵੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਰਾਸ਼ਟਰੀ ਅਰਥ ਵਿਵਸਥਾ ਨੂੰ ਕਾਫ਼ੀ ਜ਼ਿਆਦਾ ਸ਼ਕਤੀਸ਼ਾਲੀ ਬਣਾਉਣ ਲਈ ਵਿਕਾਸ-ਅਧੀਨ ਦੇਸ਼ਾਂ ਵਿੱਚ ਰਾਜਾਂ ਨੂੰ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਕਿਸੇ ਦੇਸ਼ ਦੀ ਅਰਥ ਵਿਵਸਥਾ ਨੂੰ ਸ਼ਕਤੀਸ਼ਾਲੀ ਬਣਾਉਣ ਸੰਬੰਧੀ ਆਮ ਕਰਕੇ ਦੋ ਪ੍ਰਣਾਲੀਆਂ ਪ੍ਰਚੱਲਿਤ ਹਨ।

ਪੂੰਜੀਵਾਦੀ ਪ੍ਰਣਾਲੀ (Capitalist System) ਅਤੇ ਸਮਾਜਵਾਦੀ ਪ੍ਰਣਾਲੀ (Socialist System)। ਪੂੰਜੀਵਾਦੀ ਪ੍ਰਣਾਲੀ ਅਧੀਨ ਉਤਪਾਦਨ ਦੇ ਸਾਧਨ ਵਿਅਕਤੀਆਂ ਦੀ ਨਿੱਜੀ ਮਲਕੀਅਤ ਹੁੰਦੇ ਹਨ, ਸਮਾਜਵਾਦੀ ਪ੍ਰਣਾਲੀ ਅਧੀਨ ਉਤਪਾਦਨ ਦੇ ਸਾਧਨਾਂ ਦੀ ਮਲਕੀਅਤ ਰਾਜ ਦੀ ਹੁੰਦੀ ਹੈ। ਅਰਥ ਵਿਵਸਥਾ ਨੂੰ ਦ੍ਰਿੜ ਬਣਾਉਣ ਲਈ ਰਾਸ਼ਟਰੀ ਅਵਸਥਾਵਾਂ ਅਨੁਸਾਰ ਇਹੀ ਨਾਂ ਦੋਨਾਂ ਪ੍ਰਣਾਲੀਆਂ ਵਿੱਚ ਕੋਈ ਵੀ ਪ੍ਰਣਾਲੀ ਅਪਣਾਈ ਜਾਂਦੀ ਹੈ। ਇਸ ਪ੍ਰਣਾਲੀ ਅਧੀਨ ਦੇਸ਼ਾਂ ਵਿੱਚ ਮਿਸ਼ਰਤ ਅਰਥ ਵਿਵਸਥਾ (Mixed Economy) ਦੀ ਪ੍ਰਣਾਲੀ ਅਪਣਾਈ ਜਾਂਦੀ ਹੈ। ਇਸ ਪ੍ਰਣਾਲੀ ਅਧੀਨ ਮਹੱਤਵਪੂਰਨ ਉਤਪਾਦਨ ਦੇ ਸਾਧਨ ਅਤੇ ਵੱਡੇ ਉਦਯੋਗ ਰਾਸ਼ਟਰੀ ਮਲਕੀਅਤ ਅਧੀਨ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਨਿੱਜੀ ਖੇਤਰ (Private Sector) ਦੀ ਵੀ ਹੋਂਦ ਹੁੰਦੀ ਹੈ। ਅਜਿਹੀ ਪ੍ਰਣਾਲੀ ਸਾਡੇ ਆਪਣੇ ਦੇਸ਼ ਵਿੱਚ ਅਪਣਾਈ ਗਈ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਦੇਸ਼ ਦੀ ਅਰਥ ਵਿਵਸਥਾ ਨੂੰ ਦ੍ਰਿੜ ਬਣਾਉਣ ਲਈ ਰਾਜ ਵਿਕਾਸ ਅਧੀਨ ਦੇਸ਼ਾਂ ਵਿੱਚ ਵਿਸ਼ੇਸ਼ ਯਤਨ ਕਰਦਾ ਹੈ।

**(i) ਉਤਪਾਦਨ ਵਧਾਉਣਾ (To Increase Production) :** ਜਦੋਂ ਤੱਕ ਉਤਪਾਦਨ ਦੀ ਮਾਤਰਾ ਕਾਫ਼ੀ ਵੱਡੇ ਪੱਧਰ ਤੇ ਵਧਾਈ ਨਾ ਜਾਵੇ ਉਦੋਂ ਤੱਕ ਵਿਕਾਸ ਅਧੀਨ ਦੇਸ਼ ਦੀ ਅਰਥ ਵਿਵਸਥਾ ਸ਼ਕਤੀਸ਼ਾਲੀ ਨਹੀਂ ਹੋ ਸਕਦੀ।

ਇਸ ਲਈ ਦੇਸ਼ ਵਿਕਾਸ ਅਧੀਨ ਸਮਾਜ ਵਿੱਚ ਉਤਪਾਦਨ ਨੂੰ ਉਤਸਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਦਾ ਹੈ। ਪਰੰਪਰਾਗਤ ਸਾਧਨਾਂ ਨੂੰ ਤਿਆਗ ਕੇ ਆਧੁਨਿਕ ਵਿਗਿਆਨਕ ਢੰਗਾਂ ਦੁਆਰਾ ਖੇਤੀਬਾੜੀ ਕਰਨ ਲਈ ਕਿਸਾਨਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਦਾ ਹੈ। ਇਸ ਮੰਤਵ ਲਈ ਉਨ੍ਹਾਂ ਨੂੰ ਸਸਤੇ ਦਰ ਤੇ ਸਾਫ਼ ਸੁਥਰੇ ਨਵੀਆਂ ਕਿਸਮਾਂ ਦੇ ਬੀਜ ਦੇਣ ਦਾ ਪ੍ਰਬੰਧ ਕਰਦਾ ਹੈ, ਉਪਜ ਵਧਾਉਣ ਲਈ ਵਿਸ਼ੇਸ਼ ਖੋਜਾਂ ਕੀਤੀਆਂ ਜਾਂਦੀਆਂ ਹਨ ਅਤੇ ਕਿਸਾਨਾਂ ਨੂੰ ਵਿਗਿਆਨਕ ਅਤੇ ਤਕਨੀਕੀ ਮਸ਼ੀਨਰੀ ਖਰੀਦਣ ਲਈ ਸਾਧਾਰਣ ਸ਼ਰਤਾਂ ਤੇ ਕਰਜ਼ੇ ਆਦਿ ਦੇਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰ ਖੇਤੀਬਾੜੀ ਦੀ ਉਪਜ ਲਈ ਯੋਗ ਭਾਅ ਨਿਸ਼ਚਿਤ ਕਰਦੀ ਹੈ ਜਿਸ ਨਾਲ ਉਤਪਾਦਨ ਅਤੇ ਖਪਤਕਾਰ ਦੇ ਹਿੱਤਾਂ ਦੀ ਠੀਕ ਰੱਖਿਆ ਹੋ ਸਕੇ।

**(ii) ਉਦਯੋਗਿਕ ਖੇਤਰ ਵਿਚ ਵਾਧਾ (Increase in the Field of Industries) :** ਉਤਪਾਦਨ ਨੂੰ ਵਧਾਉਣ ਲਈ ਸਰਕਾਰ ਨਾ ਕੇਵਲ ਖੇਤੀਬਾੜੀ ਦੇ ਖੇਤਰ ਵਿੱਚ ਹੀ ਯਤਨ ਕਰਦੀ ਹੈ, ਸਗੋਂ ਉਦਯੋਗਿਕ ਖੇਤਰ ਵਿੱਚ ਉਤਪਾਦਨ ਨੂੰ ਉਤਸਾਹਿਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਲਾਗੂ ਕਰਦੀ ਹੈ। ਇਸ ਮੰਤਵ ਲਈ ਦੇਸ਼ ਵਿੱਚ ਮੌਜੂਦਾ ਕੁਦਰਤੀ ਸੋਮਿਆਂ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ

ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ। ਉਦਯੋਗਿਕ ਵਿਕਾਸ ਲਈ ਬਿਜਲੀ ਦੇ ਉਤਪਾਦਨ ਪ੍ਰਤੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਵੱਡੇ-ਵੱਡੇ ਉਦਯੋਗਾਂ ਤੋਂ ਦਰਮਿਆਨੇ ਅਤੇ ਛੋਟੇ ਪੱਧਰ ਦੇ ਉਦਯੋਗ ਸਥਾਪਿਤ ਕਰਨ ਲਈ ਸਰਕਾਰ ਵਿਸ਼ੇਸ਼ ਯੋਜਨਾਵਾਂ ਦਾ ਨਿਰਮਾਣ ਕਰਦੀ ਹੈ। ਇਸ ਮੰਤਵ ਲਈ ਉਦਯੋਗਪਤੀਆਂ ਨੂੰ ਸਰਕਾਰ ਦੁਆਰਾ ਕਰਜ਼ੇ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੁਆਰਾ ਬਣਾਈਆਂ ਵਸਤੂਆਂ ਦੀ ਖਪਤ ਨੂੰ ਉਤਸਾਹਿਤ ਕਰਨ ਲਈ ਰਾਜ ਵਿਦੇਸ਼ੀ ਮਾਲ ਨੂੰ ਦੇਸ਼ ਵਿੱਚ ਆਉਣ ਤੋਂ ਰੋਕਦਾ ਹੈ। ਵਿਦੇਸ਼ੀ ਉਦਯੋਗਾਂ ਦੇ ਮੁਕਾਬਲੇ ਦੇ ਕਾਰਨ ਜਿਹੜੇ ਉਦਯੋਗ ਦੇਸ਼ ਵਿੱਚ ਵਿਕਸਿਤ ਨਹੀਂ ਹੋ ਸਕਦੇ, ਸਰਕਾਰ ਅਜਿਹੇ ਉਦਯੋਗਾਂ ਨੂੰ ਹਰ ਪ੍ਰਕਾਰ ਦੀ ਸੁਰੱਖਿਆ ਅਤੇ ਸਹਾਇਤਾ ਦਿੰਦੀ ਹੈ ਤਾਂ ਜੋ ਅਜਿਹੇ ਉਦਯੋਗ ਵਿਦੇਸ਼ੀ ਉਦਯੋਗਾਂ ਦਾ ਸਫ਼ਲਤਾਪੂਰਵਕ ਮੁਕਾਬਲਾ ਕਰ ਸਕਣ। ਘਰੇਲੂ ਉਦਯੋਗਾਂ ਨੂੰ ਉਤਸਾਹਿਤ ਕਰਨ ਲਈ ਵਿਕਾਸ ਅਧੀਨ ਦੇਸ਼ ਵਿੱਚ ਸਰਕਾਰ ਵਿਦੇਸ਼ੀ ਪੂੰਜੀਪਤੀਆਂ ਨੂੰ ਆਮ ਕਰਕੇ ਸਰਮਾਇਆ ਨਹੀਂ ਲਗਾਉਣ ਦਿੰਦੀ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਵਿਕਾਸ ਅਧੀਨ ਦੇਸ਼ ਵਿੱਚ ਉਦਯੋਗਿਕ ਵਿਕਾਸ ਲਈ ਕਲਿਆਣਕਾਰੀ ਰਾਜ ਉਦਯੋਗਪਤੀਆਂ ਦੀ ਹਰ ਸੰਭਵ ਸਹਾਇਤਾ ਕਰਦਾ ਹੈ।

2. **ਗ਼ਰੀਬੀ ਨੂੰ ਦੂਰ ਕਰਨਾ (To Remove Poverty) :** ਵਿਕਾਸ ਅਧੀਨ ਦੇਸ਼ਾਂ ਵਿੱਚ ਗਰੀਬੀ ਇਕ ਵੱਡੀ ਬੁਰਾਈ ਹੁੰਦੀ ਹੈ ਇਸ ਨੂੰ ਦੂਰ ਕਰਨ ਲਈ ਦੇਸ਼ ਵਿਸ਼ੇਸ਼ ਯਤਨ ਕਰਦਾ ਹੈ। ਇਸ ਮੰਤਵ ਲਈ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਯਤਨ ਕੀਤੇ ਜਾਂਦੇ ਹਨ। ਬੇਰੁਜ਼ਗਾਰਾਂ ਨੂੰ ਸਰਕਾਰ ਕੁਝ ਲੋੜੀਂਦਾ ਭੱਤਾ ਦਿੰਦੀ ਹੈ ਤਾਂ ਜੋ ਅਜਿਹੇ ਵਿਅਕਤੀ ਜੀਵਨ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰ ਸਕਣ। ਜਿਹੜੇ ਵਿਅਕਤੀ ਕੋਈ ਵਿਸ਼ੇਸ਼ ਕਾਰੋਬਾਰ ਦੀ ਰੁਚੀ ਰੱਖਦੇ ਹਨ ਸਰਕਾਰ ਉਹਨਾਂ ਨੂੰ ਆਸਾਨ ਸ਼ਰਤਾਂ 'ਤੇ ਕਰਜ਼ੇ ਅਤੇ ਦੂਜੀ ਲੋੜੀਂਦੀ ਸਹਾਇਤਾ ਵੀ ਦਿੰਦੀ ਹੈ।

3. **ਕਿਰਤੀਆਂ ਦੀ ਦਸ਼ਾ ਨੂੰ ਸੁਧਾਰਨਾ (To Improve the Condition of Labourers) :** ਕਿਰਤੀਆਂ ਦੀ ਭਲਾਈ ਲਈ ਯਤਨ ਕਰਨਾ ਕਲਿਆਣਕਾਰੀ ਤੇ ਸਭਿਅਤ ਦੇਸ਼ ਦਾ ਇਕ ਮਹੱਤਵਪੂਰਨ ਕਾਰਜ ਹੈ। ਭਾਵੇਂ ਪ੍ਰਕ੍ਰਿਤੀ ਜਾਂ ਕਾਮੇ ਨਿੱਜੀ ਖੇਤਰ ਵਿੱਚ ਕੰਮ ਕਰਦੇ ਹੋਣ, ਸਰਕਾਰ ਲਈ ਇਹ ਜ਼ਰੂਰੀ ਹੈ ਕਿ ਕਾਨੂੰਨ ਦੁਆਰਾ ਉਹਨਾਂ ਦੇ ਕੰਮਾਂ ਸੰਬੰਧੀ ਜ਼ਰੂਰੀ ਸ਼ਰਤਾਂ, ਨਿਸ਼ਚਿਤ ਕਰ ਅਤੇ ਉਹਨਾਂ ਦੀ ਭਲਾਈ ਲਈ ਵਿਸ਼ੇਸ਼ ਯੋਜਨਾਵਾਂ ਚਲਾਏ। ਇਸੇ ਕਾਰਨ ਵਿਕਾਸਸ਼ੀਲ ਦੇਸ਼ਾਂ ਵਿੱਚ ਅਤੇ ਉੱਨਤ ਰਾਜਾਂ ਵਿੱਚ ਵੀ ਕਾਨੂੰਨ ਦੁਆਰਾ ਮਜ਼ਦੂਰ ਦੇ ਕੰਮ ਦਾ ਸਮਾਂ, ਬੱਚਿਆਂ ਅਤੇ ਇਸਤਰੀਆਂ ਲਈ ਕੰਮ ਦੀਆਂ ਵਿਸ਼ੇਸ਼ ਸਹੂਲਤਾਂ, ਮਜ਼ਦੂਰਾਂ ਦਾ ਘੱਟ ਤੋਂ ਘੱਟ ਵੇਤਨ ਆਦਿ ਨਿਸ਼ਚਿਤ ਕੀਤਾ ਜਾਂਦਾ ਹੈ ਅਤੇ ਮਜ਼ਦੂਰਾਂ ਅਤੇ ਮਾਲਿਕਾਂ ਦੇ ਆਪਸੀ ਝਗੜਿਆਂ ਨੂੰ ਨਿਪਟਾਉਣ ਲਈ ਵੀ ਸਰਕਾਰ ਦੁਆਰਾ ਵਿਸ਼ੇਸ਼ ਮਜ਼ਦੂਰ ਅਦਾਲਤਾਂ ਸਥਾਪਤ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਮਜ਼ਦੂਰਾਂ ਦੇ ਕੰਮ ਦੀਆਂ ਅਵਸਥਾਵਾਂ ਨੂੰ ਸੁਧਾਰਨ ਲਈ ਅਤੇ ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਭਿਅਤ ਵਿਕਾਸਸ਼ੀਲ ਦੇਸ਼ ਵਿਸ਼ੇਸ਼ ਰੂਪ ਵਿੱਚ ਯਤਨ ਕਰਦਾ ਹੈ।

4. **ਵਿੱਦਿਆ ਦਾ ਪ੍ਰਸਾਰ (To Spread Education) :** ਕੋਈ ਵੀ ਦੇਸ਼ ਸਹੀ ਅਰਥਾਂ ਵਿੱਚ ਉਦੋਂ ਤੱਕ ਵਿਕਾਸ ਨਹੀਂ ਕਰ ਸਕਦਾ ਜਦੋਂ ਤੱਕ ਦੇਸ਼ 'ਚੋਂ ਅਨਪੜ੍ਹਤਾ ਨੂੰ ਸਮਾਪਤ ਨਾ ਕੀਤਾ ਜਾਵੇ । ਇਸ ਲਈ ਵਿਕਾਸ ਅਧੀਨ ਦੇਸ਼ ਅਨਪੜ੍ਹਤਾ ਨੂੰ ਦੂਰ ਕਰਨ ਲਈ ਅਨੇਕਾਂ ਪ੍ਰਕਾਰ ਦੇ ਯਤਨ ਕਰਦਾ ਹੈ। ਇਸ ਮੰਤਵ ਲਈ ਬੱਚਿਆਂ ਲਈ ਜ਼ਰੂਰੀ ਵਿੱਦਿਆ ਦੀ ਯੋਜਨਾ ਲਾਗੂ ਕੀਤੀ ਜਾਂਦੀ ਹੈ ਅਤੇ ਉਚੇਰੀ ਵਿੱਦਿਆ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹੀਆਂ ਜਾਂਦੀਆਂ ਹਨ। ਗ਼ਰੀਬ ਬੱਚਿਆਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਅਤੇ ਲਾਇਕ ਵਿਦਿਆਰਥੀਆਂ ਨੂੰ ਵਜ਼ੀਫੇ ਆਦਿ ਦਿੱਤੇ ਜਾਂਦੇ ਹਨ। ਵਿੱਦਿਆ ਪ੍ਰਣਾਲੀ ਨੂੰ ਵਿਕਾਸ ਅਧੀਨ ਸਮਾਜ ਦੀਆਂ ਵਿਸ਼ੇਸ਼ ਪਰਸਥਿਤੀਆਂ ਅਨੁਸਾਰ ਨਿਸ਼ਚਿਤ ਕਰਨ ਪ੍ਰਤੀ ਵੀ ਵਿਕਾਸਸ਼ੀਲ ਦੇਸ਼ ਪੂਰਾ ਧਿਆਨ ਦਿੰਦਾ ਹੈ। ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਗ੍ਰਹਿ ਕੀਤੀ ਵਿੱਦਿਆ ਵਿਅਕਤੀਆਂ ਲਈ ਵਿਵਹਾਰਿਕ ਜੀਵਨ ਵਿੱਚ ਸਹਾਈ ਸਿੱਧ ਨਹੀਂ ਹੁੰਦੀ। ਬਾਲਗ-ਵਿੱਦਿਆ (Adult Education) ਲਈ ਵੀ ਦੇਸ਼ ਦੁਆਰਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਇਸਤਰੀਆਂ

ਦੀ ਵਿੱਦਿਆ ਪ੍ਰਤੀ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

**5. ਪਰਿਵਾਰਿਕ ਜੀਵਨ ਨੂੰ ਨਿਯਮਿਤ ਕਰਨਾ (To Regulate Family life) :** ਪਰਿਵਾਰਿਕ ਜੀਵਨ ਵਿੱਚ ਪ੍ਰਤੱਖ ਰੂਪ ਵਿੱਚ ਵਿਕਾਸਸ਼ੀਲ ਦੇਸ਼ ਕੋਈ ਦਖ਼ਲ ਨਹੀਂ ਦਿੰਦਾ। ਪਰ ਜੇਕਰ ਪਰਿਵਾਰਿਕ ਜੀਵਨ ਸਮਾਜਿਕ ਹਿੱਤਾਂ ਲਈ ਹਾਨੀਕਾਰਕ ਸਿੱਧ ਹੁੰਦਾ ਹੋਵੇ ਤਾਂ ਵਿਕਾਸਸ਼ੀਲ ਰਾਸ਼ਟਰ ਅਵਸ਼ ਹੀ ਇਸ ਸੰਬੰਧੀ ਕਾਨੂੰਨ ਦਾ ਨਿਰਮਾਣ ਕਰਦਾ ਹੈ। ਆਧੁਨਿਕ ਰਾਜ ਪਰਿਵਾਰ ਦੇ ਕਈ ਪੱਖਾਂ ਤੇ ਕਾਨੂੰਨ ਦੁਆਰਾ ਨਿਯੰਤਰਣ ਰੱਖਦਾ ਹੈ। ਉਦਾਹਰਣ ਵਜੋਂ ਆਮ ਕਰਕੇ ਅਨੇਕਾਂ ਰਾਜਾਂ ਵਿੱਚ ਬਹੁ-ਪਤੀ ਪਰਿਵਾਰ ਜਾਂ ਬਹੁ-ਪਤਨੀ ਪਰਿਵਾਰ ਦੀ ਮਨਾਹੀ ਹੈ ਅਤੇ ਇਕ ਪੁਰਖ ਤੇ ਇਕ ਇਸਤਰੀ ਨੂੰ ਇਕ ਹੀ ਸਾਥੀ ਨਾਲ ਵਿਆਹ ਕਰਾਉਣ ਦੀ ਆਗਿਆ ਹੈ। ਇਸ ਤੋਂ ਇਲਾਵਾ ਕਾਨੂੰਨ ਦੁਆਰਾ ਹੀ ਤਲਾਕ ਦੇਣ ਦੀ ਵਿਧੀ ਅਤੇ ਜਾਇਦਾਦਾਂ ਵਿਰਸੇ ਵਿੱਚ ਪ੍ਰਾਪਤ ਕਰਨ ਦੀ ਵਿਧੀ ਨਿਯਮਿਤ ਕੀਤੀ ਜਾਂਦੀ ਹੈ। ਜੇਕਰ ਵੱਧ ਰਹੀ ਵਸੋਂ ਰਾਸ਼ਟਰੀ ਹਿੱਤਾਂ ਅਨੁਸਾਰ ਨਾ ਹੋਵੇ ਤਾਂ ਸਭਿਅਤ ਰਾਸ਼ਟਰ ਕਾਨੂੰਨ ਦੁਆਰਾ ਪਰਿਵਾਰ ਨਿਯੋਜਨ ਦੀਆਂ ਯੋਜਨਾਵਾਂ ਲਾਗੂ ਕਰਦਾ ਹੈ। ਇਸ ਦੇ ਉਲਟ ਜੇਕਰ ਰਾਸ਼ਟਰੀ ਲੋੜ ਲਈ ਵਸੋਂ ਦੇ ਵਾਧੇ ਦੀ ਲੋੜ ਹੋਵੇ ਤਾਂ ਵਸੋਂ ਵਧਾਉਣ ਲਈ ਰਾਸ਼ਟਰ ਅਨੇਕਾਂ ਪ੍ਰਕਾਰ ਦੇ ਉਤਸ਼ਾਹ ਦਿੰਦਾ ਹੈ। ਵਿਅਕਤੀਆਂ ਦੀ ਸਿਹਤ ਦੀ ਸੁਰੱਖਿਆ ਲਈ ਰਾਸ਼ਟਰ ਕਾਨੂੰਨ ਦੁਆਰਾ ਵਿਆਹ ਲਈ ਲੜਕੀ ਅਤੇ ਲੜਕੀ ਦੀ ਘੱਟ ਤੋਂ ਘੱਟ ਉਮਰ ਨਿਸ਼ਚਿਤ ਕਰਦਾ ਹੈ। ਇਸ ਤੋਂ ਇਲਾਵਾ ਹੋਰ ਵੀ ਅਨੇ ਕਾਂ ਸਾਧਨਾਂ ਦੁਆਰਾ ਸਭਿਅਤ ਰਾਸ਼ਟਰ ਪਰਿਵਾਰਿਕ ਜੀਵਨ ਨੂੰ ਨਿਯਮਿਤ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

**6. ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ (To Protect the Interests of Consumers) :** ਹਰੇਕ ਸਮਾਜ ਵਿੱਚ ਖਪਤਕਾਰ ਦੀ ਰੱਖਿਆ ਕਰਨਾ ਰਾਸ਼ਟਰ ਦਾ ਇਕ ਮਹੱਤਵਪੂਰਨ ਕਰਤੱਵ ਹੈ। ਵਿਕਾਸ ਅਧੀਨ ਦੇਸ਼ਾਂ ਵਿੱਚ ਤਾਂ ਇਹ ਕਰਤੱਵ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿਉਂਕਿ ਲੋਕਾਂ ਦੀ ਅਨਪੜ੍ਹਤਾ ਅਤੇ ਸਮਾਜਿਕ ਪਛੜੇਪਣ ਕਾਰਨ ਪੂੰਜੀਪਤੀ ਉਨ੍ਹਾਂ ਦੀ ਨਾਜਾਇਜ਼ ਲੁੱਟ ਕਰ ਸਕਦੇ ਹਨ। ਇਸ ਲਈ ਰਾਸ਼ਟਰ ਕਾਨੂੰਨ ਦੁਆਰਾ ਜ਼ਰੂਰੀ ਵਸਤੂਆਂ ਦੀ ਕੀਮਤ ਅਤੇ ਮਾਪ ਤੋਲ ਦੇ ਪੈਮਾਨੇ ਨਿਸ਼ਚਿਤ ਕਰਦਾ ਹੈ। ਮਿਲਾਵਟ ਕਰਨ ਦੇ ਵਿਰੁੱਧ ਕਾਨੂੰਨਾਂ ਦਾ ਨਿਰਮਾਣ ਕਰਦਾ ਹੈ ਅਤੇ ਜਿਨ੍ਹਾਂ ਵਸਤੂਆਂ ਦੀ ਥੁੜ੍ਹ ਹੋਵੇ ਉਨ੍ਹਾਂ ਵਸਤੂਆਂ ਦੀ ਵੰਡ ਲਈ ਰਾਸ਼ਟਰ ਪ੍ਰਣਾਲੀ ਲਾਗੂ ਕਰਦਾ ਹੈ। ਇਸ ਤੋਂ ਇਲਾਵਾ ਖਪਤਕਾਰਾਂ ਨੂੰ ਸਸਤੇ ਮੁੱਲ ਤੇ ਵਸਤੂਆਂ ਦੇਣ ਲਈ ਰਾਜ ਸਹਿਕਾਰੀ ਦੁਕਾਨਾਂ (Co-operative Shops) ਖੋਲ੍ਹਣ ਦਾ ਪ੍ਰਬੰਧ ਕਰਦਾ ਹੈ।

**7. ਜਨਤਕ ਸੇਵਾਵਾਂ ਦੀ ਵਿਵਸਥਾ (Provision of Public Utility Services) :** ਵਿਕਾਸ ਅਧੀਨ ਸਮਾਜ ਵਿੱਚ ਰਾਸ਼ਟਰ ਦਾ ਇਹ ਜ਼ਰੂਰੀ ਕਰਤੱਵ ਬਣ ਜਾਂਦਾ ਹੈ ਕਿ ਉਹ ਭਿੰਨ-ਭਿੰਨ ਪ੍ਰਕਾਰ ਦੀਆਂ ਜਨਤਕ ਸੇਵਾਵਾਂ ਦੀਆਂ ਵਿਵਸਥਾ ਕਰੇ। ਅਜਿਹੀਆਂ ਸੇਵਾਵਾਂ ਵਿੱਚ ਹਸਪਤਾਲ ਅਤੇ ਸਿਹਤ ਕੇਂਦਰ ਖੋਲ੍ਹਣੇ, ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਕਰਨਾ, ਡਾਕ-ਤਾਰ ਪ੍ਰਣਾਲੀ ਦੀ ਵਿਵਸਥਾ ਕਰਨਾ, ਮਨ ਪ੍ਰਚਾਵੇ ਦੇ ਸਾਧਨਾਂ ਅਤੇ ਖੇਡਾਂ ਲਈ ਲੋੜੀਂਦੇ ਪ੍ਰਬੰਧ ਕਰਨਾ ਆਦਿ ਸ਼ਾਮਿਲ ਹਨ।

**8. ਸਮਾਜਿਕ ਅਤੇ ਰਾਜਨੀਤਿਕ ਪਛੜਾਪਣ ਦੂਰ ਕਰਨਾ (To Remove the Social and Political Backwardness) :** ਵਿਕਾਸ ਅਧੀਨ ਦੇਸ਼ਾਂ ਵਿੱਚ ਸਮਾਜਿਕ ਪਛੜਾਪਨ ਬਹੁਤ ਵੱਡੇ ਪੱਧਰ 'ਤੇ ਮੌਜੂਦ ਹੁੰਦਾ ਹੈ। ਲੋਕ ਰੂੜ੍ਹੀਵਾਦੀ ਹੁੰਦੇ ਹਨ, ਅਨੇਕਾਂ ਸਮਾਜਿਕ ਕੁਰੀਤੀਆਂ ਉਨ੍ਹਾਂ ਵਿੱਚ ਪਾਈਆਂ ਜਾਂਦੀਆਂ ਹਨ। ਅਨਪੜ੍ਹਤਾ ਦੇ ਕਾਰਨ ਉਹ ਫਜ਼ੂਲ ਦੇ ਵਹਿਮਾਂ ਅਤੇ ਵਿਅਰਥ ਰੀਤੀ-ਰਿਵਾਜ਼ਾਂ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਸਮਾਜਿਕ ਪਛੜੇਪਣ ਨੂੰ ਦੂਰ ਕਰਨ ਲਈ ਰਾਜ ਦੋ ਪ੍ਰਕਾਰ ਦੇ ਸਾਧਨ ਅਪਣਾਉਂਦਾ ਹੈ। ਇਕ ਤਾਂ ਵਿੱਦਿਆ ਦੇ ਪ੍ਰਸਾਰ ਅਤੇ ਨੈਤਿਕ ਪ੍ਰਚਾਰ ਦੁਆਰਾ ਲੋਕਾਂ ਨੂੰ ਅਜਿਹੀਆਂ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਾਉਂਦਾ ਹੈ ਅਤੇ ਸਮਾਜਿਕ ਕੁਰੀਤੀਆਂ ਨੂੰ ਤਿਆਗਣ ਲਈ ਲੋਕਾਂ ਨੂੰ ਜ਼ੋਰਦਾਰ ਪ੍ਰੇਰਨਾ ਦਿੰਦਾ ਹੈ। ਸਮਾਜਿਕ ਪਛੜੇਪਣ ਦੇ ਨਾਲ ਹੀ ਰਾਜਨੀਤਿਕ ਪਛੜਾਪਣ ਵੀ ਪੂਰਲ ਕਰਨਾ ਜ਼ਰੂਰੀ ਹੈ। ਇਸ ਮੰਤਵ ਲਈ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਦਿੱਤੇ ਜਾਂਦੇ ਹਨ ਤੇ ਸ਼ਾਸਨ

ਦੇ ਕੰਮਾਂ ਵਿੱਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਗ ਲੈਣ ਲਈ ਜ਼ਰੂਰੀ ਵਿਵਸਥਾਵਾਂ ਕੀਤੀਆਂ ਜਾਂਦੀਆਂ ਹਨ।

ਉਪਰੋਕਤ ਵਰਣਿਤ ਮਹੱਤਵਪੂਰਨ ਕਾਰਜਾਂ ਤੋਂ ਇਲਾਵਾ ਵਿਕਾਸ ਅਧੀਨ ਸਮਾਜ ਵਿੱਚ ਹੋਰ ਵੀ ਅਨੇਕਾਂ ਮਹੱਤਵਪੂਰਨ ਕਾਰਜ ਕਰਦਾ ਹੈ। ਅਜਿਹੇ ਸਮਾਜ ਵਿੱਚ ਰਾਸ਼ਟਰ ਦਾ ਉਦੇਸ਼ ਸਮਾਜ ਨੂੰ ਹਰ ਪੱਖ ਤੋਂ ਉੱਨਤ ਕਰਨਾ ਹੁੰਦਾ ਹੈ। ਇਸ ਮੰਤਵ ਲਈ ਰਾਸ਼ਟਰ ਸਮਾਜਿਕ ਜੀਵਨ ਦੇ ਹਰੇਕ ਪੱਖ ਨੂੰ ਕਾਨੂੰਨ ਦੁਆਰਾ ਨਿਯਮਿਤ ਕਰਦਾ ਹੈ। ਪਰ ਰਾਸ਼ਟਰ ਵਿਅਕਤੀ ਦੇ ਧਾਰਮਿਕ ਜਾਂ ਅਜਿਹੇ ਕਾਰਜਾਂ ਵਿੱਚ ਦਖ਼ਲ ਨਹੀਂ ਦਿੰਦਾ ਹੈ ਜੋ ਨਿਰੋਲ ਰੂਪ ਵਿੱਚ ਸਮਾਜਿਕ ਨੈਤਿਕਤਾ ਨਾਲ ਸੰਬੰਧਤ ਹੋਣ। ਵਿਕਾਸ-ਅਧੀਨ ਸਮਾਜ ਵਿੱਚ ਭਾਵੇਂ ਰਾਸ਼ਟਰ ਹਰੇਕ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਪਰੰਤੂ ਸਮਾਜਿਕ ਨਿਆਂ (Social Justice), ਆਰਥਿਕ ਨਿਆਂ (Economic Justice) ਅਤੇ ਰਾਜਨੀਤਿਕ ਨਿਆਂ (Political Justice) ਦੀ ਸਥਾਪਨਾ ਪ੍ਰਤੀ ਇਸ ਨੂੰ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਜਦੋਂ ਤੱਕ ਵਿਕਸਿਤ ਹੋ ਰਹੇ ਸਮਾਜਾਂ ਜਾਂ ਦੇਸ਼ਾਂ ਵਿੱਚ ਆਰਥਿਕ ਨਿਆਂ, ਸਮਾਜਿਕ ਨਿਆਂ ਅਤੇ ਰਾਜਨੀਤਿਕ ਨਿਆਂ ਦੀ ਸਥਾਪਨਾ ਨਹੀਂ ਹੁੰਦੀ, ਉਦੋਂ ਤੱਕ ਵਿਕਾਸ ਅਧੀਨ ਸਮਾਜ ਜਾਂ ਦੇਸ਼ਾਂ ਵਿੱਚ ਕੋਈ ਮਹੱਤਵਪੂਰਨ ਪਰਿਵਰਤਨ ਨਹੀਂ ਹੋ ਸਕਦਾ। ਇਨ੍ਹਾਂ ਖੇਤਰਾਂ ਵਿੱਚ ਵਿਕਾਸਸ਼ੀਲ ਰਾਸ਼ਟਰ ਦੀ ਭੂਮਿਕਾ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ :

**ਵਿਕਾਸ ਅਧੀਨ ਦੇਸ਼ਾਂ ਵਿੱਚ ਸਮਾਜਿਕ ਨਿਆਂ ਸਥਾਪਿਤ ਕਰਨ ਵਿੱਚ ਰਾਜ ਦੀ ਭੂਮਿਕਾ (Role of State in Developing Countries in bringing about Social Justice)**

ਹਰ ਖੇਤਰ ਵਿੱਚ ਨਿਆਂ ਪ੍ਰਦਾਨ ਕਰਨਾ ਹਰੇਕ ਵਿਕਾਸਸ਼ੀਲ ਰਾਸ਼ਟਰ ਦਾ ਜ਼ਰੂਰੀ ਕਰਤੱਵ ਹੈ। ਜਿਸ ਦੇਸ਼ ਵਿੱਚ ਵਿਅਕਤੀਆਂ ਨੂੰ ਪੂਰਨ ਨਿਆਂ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਦੇਸ਼ ਸਭਿਅਤ ਦੇਸ਼ ਦਾ ਰੁਤਬਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੈ ਅਤੇ ਅਜਿਹੇ ਦੇਸ਼ ਵਿੱਚ ਕਿਸੇ ਪ੍ਰਕਾਰ ਦੀ ਕ੍ਰਾਂਤੀ ਦਾ ਵਾਪਰਨਾ ਕੋਈ ਅਣਸੁਭਾਵਿਕ ਜਾਂ ਅਣਹੋਣੀ ਘਟਨਾ ਨਹੀਂ ਹੋਵੇਗੀ। ਨਿਆਂ ਤੋਂ ਭਾਵ ਕੇਵਲ ਕਾਨੂੰਨੀ ਨਿਆਂ (Legal Justice) ਨਹੀਂ ਹੈ ਜੋ ਰਾਜ ਦੀਆਂ ਅਦਾਲਤਾਂ ਦੁਆਰਾ ਦਿੱਤਾ ਜਾਂਦਾ ਹੈ, ਸਗੋਂ ਇਕ ਵਿਆਪਕ ਅਤੇ ਸਰਵਪੱਖੀ ਧਾਰਨਾ ਹੈ। ਨਿਆਂ ਦੇ ਅਰਥਾਂ ਨੂੰ ਕੇਵਲ ਕਾਨੂੰਨੀ ਖੇਤਰ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਨਿਆਂ ਦੀਆਂ ਉਤਨੀਆਂ ਕਿਸਮਾਂ ਹੋ ਸਕਦੀਆਂ ਹਨ ਜਿਤਨੇ ਕਿ ਮਾਨਵ ਜੀਵਨ ਦੇ ਪੱਖ ਜਾਂ ਖੇਤਰ ਹਨ। ਉਦਾਹਰਣ ਵਜੋਂ ਮਾਨਵ ਜੀਵਨ ਦੇ ਸਮਾਜਿਕ ਪੱਖ ਨਾਲ ਸੰਬੰਧਤ ਸਿਧਾਂਤਾਂ ਜਾਂ ਨਿਯਮਾਂ ਦੇ ਅਮਲੀ ਰੂਪ ਨੂੰ ਸਮਾਜਿਕ ਨਿਆਂ (Social Justice) ਅਤੇ ਰਾਜਨੀਤਿਕ ਜੀਵਨ ਨਾਲ ਸੰਬੰਧਤ ਨਿਯਮ ਜਾਂ ਨਿਯਮਾਂ ਦੇ ਅਮਲੀ ਰੂਪ ਨੂੰ ਰਾਜਨੀਤਿਕ ਨਿਆਂ (Political Justice) ਕਿਹਾ ਜਾਂਦਾ ਹੈ। ਹਰੇਕ ਪ੍ਰਕਾਰ ਦਾ ਨਿਆਂ ਸਥਾਪਤ ਕਰਨ ਵਿੱਚ ਸਭਿਅਤ ਰਾਸ਼ਟਰ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਪਰੰਤੂ ਵਿਕਾਸ ਅਧੀਨ ਦੇਸ਼ ਵਿੱਚ ਸਮਾਜਿਕ ਨਿਆਂ (Social Justice) ਦੀ ਸਥਾਪਤੀ ਲਈ ਆਧੁਨਿਕ ਕਲਿਆਣਕਾਰੀ ਰਾਸ਼ਟਰ ਨੂੰ ਇਕ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਸਮਾਜਿਕ ਨਿਆਂ ਦੀ ਸਥਾਪਤੀ ਲਈ ਰਾਸ਼ਟਰ ਦੀ ਅਜਿਹੀ ਭੂਮਿਕਾ ਦਾ ਅਸੀਂ ਹੇਠ ਲਿਖੇ ਸਿਰਲੇਖ ਅਧੀਨ ਵਰਣਨ ਕਰ ਸਕਦੇ ਹਾਂ।

**ਸਮਾਜਿਕ ਨਿਆਂ ਦਾ ਅਰਥ**

**(Meaning of Social Justice)**

ਸਮਾਜਿਕ ਨਿਆਂ ਤੋਂ ਭਾਵ ਇਹ ਹੈ ਕਿ ਕਿਸੇ ਸਮਾਜ ਵਿੱਚ ਵਸਦੇ, ਲੋਕਾਂ ਨਾਲ ਜਨਮ, ਜਾਤ, ਰੰਗ, ਨਸਲ ਆਦਿ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਕੀਤਾ ਜਾਵੇ। ਜਿਸ ਸਮਾਜ ਵਿੱਚ ਕੁਝ ਲੋਕਾਂ ਨੂੰ ਜਨਮ ਜਾਂ ਜਾਤ ਰੰਗ, ਨਸਲ, ਸੰਪੱਤੀ, ਸਮਾਜਿਕ ਰੁਤਬੇ ਆਦਿ ਦੇ ਆਧਾਰ ਤੇ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ, ਉਸ ਸਮਾਜ ਵਿੱਚ ਸਮਾਜਿਕ ਨਿਆਂ ਦੀ ਹੋਂਦ ਨਹੀਂ ਹੋ ਸਕਦੀ। ਉਦਾਹਰਣ ਵਜੋਂ ਦੱਖਣੀ ਅਫਰੀਕਾ ਵਿੱਚ ਗੋਰਿਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਕਾਲੇ ਅਫਰੀਕੀ ਲੋਕਾਂ ਨਾਲ ਸਮਾਜਿਕ, ਰਾਜਨੀਤਿਕ ਅਤੇ ਕਾਨੂੰਨੀ ਵਿਤਕਰਾ ਕੀਤਾ ਜਾਂਦਾ ਹੈ। ਇਸੇ

ਕਾਰਨ ਇਹ ਕਿਹਾ ਜਾਂਦਾ ਹੈ ਕਿ ਦੱਖਣੀ ਅਫਰੀਕਾ ਵਿੱਚ ਸਮਾਜਿਕ ਨਿਆਂ ਦੀ ਹੋਂਦ ਨਹੀਂ, ਸਮਾਜਿਕ ਨਿਆਂ ਅਤੇ ਸਮਾਜਿਕ ਸਮਾਨਤਾ ਦਾ ਦਰਅਸਲ ਇਕੋ ਹੀ ਅਰਥ ਹੈ। ਜਿਥੇ ਸਮਾਜਿਕ ਸਮਾਨਤਾ ਹੋਵੇਗੀ ਉਥੇ ਹੀ ਸਮਾਜਿਕ ਨਿਆਂ ਹੋ ਸਕਦਾ ਹੈ। ਵਿਕਸਿਤ ਅਤੇ ਵਿਕਾਸ ਅਧੀਨ ਦੇਸ਼ਾਂ ਵਿੱਚ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਰਾਸ਼ਟਰ ਹੇਠ ਲਿਖੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

**(i) ਕਾਨੂੰਨ ਦੇ ਸਾਹਵੇਂ ਸਮਾਨਤਾ (Equality before Law) :** ਸਮਾਜਿਕ ਨਿਆਂ ਦੀ ਸਥਾਪਨਾ ਲਈ ਸਰਕਾਰ ਸਭ ਨਾਗਰਿਕਾਂ ਨੂੰ ਕਾਨੂੰਨ ਦੇ ਸਾਹਵੇਂ ਸਮਾਨਤਾ ਦਾ ਅਧਿਕਾਰ ਪ੍ਰਦਾਨ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਕਾਨੂੰਨ ਕਿਸੇ ਵੀ ਵਿਅਕਤੀ ਨਾਲ ਕਿਸੇ ਵੀ ਆਧਾਰ 'ਤੇ ਕੋਈ ਵਿਤਕਰਾ ਨਹੀਂ ਕਰਦਾ ਅਤੇ ਨਾ ਹੀ ਕਾਨੂੰਨ ਦੀ ਦ੍ਰਿਸ਼ਟੀ ਵਿੱਚ ਰੰਗ, ਨਸਲ ਆਦਿ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਸ੍ਰੇਸ਼ਟ ਸਮਝਿਆ ਜਾਂਦਾ ਹੈ। ਸਾਡੇ ਆਪਣੇ ਦੇਸ਼ ਦੇ ਸੰਵਿਧਾਨ ਦੁਆਰਾ ਸਭ ਵਿਅਕਤੀਆਂ ਨੂੰ ਕਾਨੂੰਨ ਦੇ ਸਾਹਵੇਂ ਸਮਾਨਤਾ ਅਤੇ ਕਾਨੂੰਨ ਦੁਆਰਾ ਸਮਾਨ ਸੁਰੱਖਿਆ ਦਾ ਅਧਿਕਾਰ ਦਿੱਤਾ ਗਿਆ ਹੈ। ਜੇ ਕਰ ਕੋਈ ਰਾਸ਼ਟਰ ਲੋਕਾਂ ਲਈ ਇਕੋ ਜਿਹੇ ਕਾਨੂੰਨ ਦਾ ਨਿਰਮਾਣ ਨਹੀਂ ਕਰਦਾ ਅਤੇ ਕੁਝ ਵਿਅਕਤੀਆਂ ਦੇ ਵਿਰੁੱਧ ਕਿਸੇ ਆਧਾਰ ਤੇ ਕਾਨੂੰਨ ਦੁਆਰਾ ਕਿਸੇ ਪ੍ਰਕਾਰ ਦਾ ਵਿਤਕਰਾ ਕੀਤਾ ਜਾਂਦਾ ਹੈ ਤਾਂ ਅਜਿਹਾ ਰਾਸ਼ਟਰ ਸਮਾਜਿਕ ਨਿਆਂ ਦੀ ਸਥਾਪਤੀ ਨਹੀਂ ਕਰ ਸਕਦਾ।

**(ii) ਵਿਸ਼ੇਸ਼ ਅਧਿਕਾਰਾਂ ਦੀ ਸਮਾਪਤੀ (Abolition of Special Social Rights) :** ਸਮਾਜਿਕ ਨਿਆਂ ਤਾਂ ਲੋਕਾਂ ਨੂੰ ਪ੍ਰਾਪਤ ਹੋ ਸਕਦਾ ਹੈ ਜੇਕਰ ਕਿਸੇ ਵੀ ਵਰਗ ਦੇ ਲੋਕਾਂ ਨੂੰ ਇਸ ਦੇ ਕਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨਾ ਹੋਣ। ਜੇ ਕਿਸੇ ਵਿਸ਼ੇਸ਼ ਵਰਗ ਨੂੰ ਸਰਕਾਰ ਦੁਆਰਾ ਕੁਝ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਅਜਿਹੇ ਦੇਸ਼ ਵਿੱਚ ਸਮਾਜਿਕ ਨਿਆਂ ਦੀ ਸਥਾਪਨਾ ਸੰਬੰਧੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਕਾਰਨ ਰਾਸ਼ਟਰ ਸਮਾਜਿਕ ਨਿਆਂ ਦੀ ਸਥਾਪਨਾ ਲਈ ਹਰ ਪ੍ਰਕਾਰ ਦੇ ਵਿਸ਼ੇਸ਼ ਅਧਿਕਾਰਾਂ ਨੂੰ ਸਮਾਪਤ ਕਰਦਾ ਹੈ ਅਤੇ ਕਿਸੇ ਵੀ ਜਾਤੀ ਜਾਂ ਨਸਲ ਜਾਂ ਵਰਗ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੇ ਵਿਸ਼ੇਸ਼ ਅਧਿਕਾਰ ਜਾਂ ਸਹੂਲਤਾਂ ਪ੍ਰਦਾਨ ਨਹੀਂ ਕਰਦਾ।

**(iii) ਜਾਤ ਪ੍ਰਥਾ ਦਾ ਅੰਤ (End of Caste System) :** ਕੁਦਰਤ ਨੇ ਜਾਤ ਦੇ ਜਨਮ ਤੇ ਮਨੁੱਖਾਂ ਵਿੱਚ ਕੋਈ ਵੰਡ ਨਹੀਂ ਕੀਤੀ ਹੈ। ਇਸ ਗੱਲ ਦੇ ਬਾਵਜੂਦ ਸੰਸਾਰ ਦੇ ਅਨੇਕ ਦੇਸ਼ ਵਿੱਚ ਜਾਤ ਜਾਂ ਜਨਮ ਦੇ ਆਧਾਰ ਤੇ ਮਨੁੱਖ ਆਪਣੇ ਸਾਥੀ ਮਨੁੱਖਾਂ ਨਾਲ ਘ੍ਰਿਣਾ ਕਰਦਾ ਹੈ। ਸਾਡੇ ਆਪਣੇ ਦੇਸ਼ ਵਿੱਚ ਨਾਮੁਰਾਦ ਸਮਾਜਿਕ ਕੁਰੀਤੀ ਦਾ ਕਾਫ਼ੀ ਲੰਮੇ ਸਮੇਂ ਤੱਕ ਕੱਟੜ ਪ੍ਰਚਲਣ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਮਾਜਿਕ ਨਿਆਂ ਦੀ ਸਥਾਪਤੀ ਲਈ ਰਾਸ਼ਟਰ ਕਾਨੂੰਨ ਦੁਆਰਾ ਜਾਤ ਪ੍ਰਥਾ ਦੀ ਸਮਾਪਤੀ ਕਰੇ। ਜਾਤ ਪ੍ਰਥਾ ਨੂੰ ਸਮਾਪਤ ਕਰਨ ਲਈ ਸਰਕਾਰ ਲੋੜੀਂਦੇ ਕਾਨੂੰਨਾਂ ਦਾ ਨਿਰਮਾਣ ਕਰਦੀ ਹੈ ਅਤੇ ਅਜਿਹੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਦੰਡ ਦਿੱਤਾ ਜਾਂਦਾ ਹੈ। ਸਾਡੇ ਆਪਣੇ ਦੇਸ਼ ਵਿੱਚ ਜਾਤ ਪ੍ਰਥਾ ਨੂੰ ਸਮਾਪਤ ਕਰਨ ਲਈ ਸਰਕਾਰ ਨੇ ਅਨੇਕਾਂ ਮਹੱਤਵਪੂਰਨ ਕਾਨੂੰਨੀ ਕਾਰਵਾਈਆਂ ਕੀਤੀਆਂ ਹਨ।

**(iv) ਸਭ ਨੂੰ ਸਮਾਨ ਅਧਿਕਾਰ (Equal Rights should be given to everyone) :** ਸਮਾਜਿਕ ਨਿਆਂ ਦੀ ਧਾਰਨਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਅਧਿਕਾਰ ਕਿਸੇ ਵਿਸ਼ੇਸ਼ ਵਰਗ ਦੇ ਲੋਕਾਂ ਦੀ ਹੀ ਮਲਕੀਅਤ ਨਹੀਂ ਹੋਣੇ ਚਾਹੀਦੇ, ਸਗੋਂ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਜੇਕਰ ਸਮਾਜ ਦੇ ਕਿਸੇ ਵਰਗ ਦੇ ਲੋਕਾਂ ਨੂੰ ਜਨਮ ਜਾਂ ਨਸਲ ਜਾਂ ਸਮਾਜਿਕ ਰੁਤਬੇ ਜਾਂ ਆਰਥਿਕ ਸਥਿਤੀ ਆਦਿ ਦੇ ਆਧਾਰ ਤੇ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਵੇਗਾ ਤਾਂ ਸਮਾਜਿਕ ਨਿਆਂ ਦੀ ਸਥਾਪਨਾ ਸੰਭਵ ਨਹੀਂ ਹੋ ਸਕੇਗੀ। ਇਸੇ ਕਾਰਨ ਵਿਕਾਸ ਅਧੀਨ ਦੇਸ਼ਾਂ ਵਿੱਚ ਰਾਸ਼ਟਰ ਹਰ ਪ੍ਰਕਾਰ ਦੇ ਅਧਿਕਾਰ ਸਭ ਵਿਅਕਤੀਆਂ ਨੂੰ ਸਮਾਨ ਰੂਪ ਵਿੱਚ ਪ੍ਰਦਾਨ ਕਰਦਾ ਹੈ।

**(v) ਪਛੜੇ ਵਰਗਾਂ ਦੇ ਲੋਕਾਂ ਨੂੰ ਵਿਸ਼ੇਸ਼ ਸਹੂਲਤਾਂ (Special amenities for the Backward Sections of Society) :** ਸਮਾਜਿਕ ਨਿਆਂ ਸਹੀ ਅਰਥਾਂ ਵਿੱਚ ਤਾਂ ਹੀ ਸਥਾਪਿਤ ਹੋ ਸਕਦਾ ਹੈ

ਜੇਕਰ ਪਛੜੇ ਵਰਗਾਂ ਦੇ ਲੋਕਾਂ ਨੂੰ ਵਿਕਾਸ ਕਰਨ ਲਈ ਕੁਝ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ। ਇਹਨਾਂ ਵਿਸ਼ੇਸ਼ ਸਹੂਲਤਾਂ ਦਾ ਮੰਤਵ ਇਹ ਹੈ ਕਿ ਪਛੜੇ ਵਰਗਾਂ ਦੇ ਲੋਕ ਉਹਨਾਂ ਸਹੂਲਤਾਂ ਦਾ ਲਾਭ ਉਠਾ ਕੇ ਦੂਜੇ ਉੱਨਤ ਵਰਗਾਂ ਦੇ ਲੋਕਾਂ ਦੇ ਸਮਾਨ ਵਿਕਾਸ ਕਰ ਸਕਣ। ਇਸੇ ਕਾਰਨ ਵਿਕਾਸ-ਅਧੀਨ ਦੇਸ਼ਾਂ ਵਿੱਚ ਰਾਸ਼ਟਰ ਪਛੜੇ ਵਰਗਾਂ ਦੇ ਲੋਕਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਦਾ ਹੈ। ਉਦਾਹਰਣ ਵਜੋਂ ਸਾਡੇ ਦੇਸ਼ ਵਿੱਚ ਸੰਵਿਧਾਨ ਅਤੇ ਵਿਸ਼ੇਸ਼ ਕਾਨੂੰਨਾਂ ਦੁਆਰਾ ਖਾਸ ਕਰਕੇ ਹੁਣੇ-ਹੁਣੇ ਮੰਡਲ ਰਿਪੋਰਟ ਰਾਹੀਂ ਅਨੁਸੂਚਿਤ ਜਾਤੀਆਂ ਅਤੇ ਪਛੜੇ ਕਬੀਲਿਆਂ ਦੇ ਲੋਕਾਂ ਨੂੰ ਭਿੰਨ-ਭਿੰਨ ਪ੍ਰਕਾਰ ਦੀਆਂ ਵਿਸ਼ੇਸ਼ ਰਿਆਇਤਾਂ ਦਿੱਤੀਆਂ ਗਈਆਂ ਹਨ। ਜਿਸ ਸਮਾਜ ਦੇ ਲੋਕਾਂ ਦਾ ਕਾਫ਼ੀ ਵੱਡਾ ਭਾਗ ਪਛੜਿਆ ਰਹੇਗਾ, ਉਸ ਸਮਾਜ ਵਿਚ ਸਮਾਜਿਕ ਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ।

**(vi) ਉਚਿਤ ਆਰਥਿਕ ਪ੍ਰਣਾਲੀ (Proper Economic System) :** ਜੇਕਰ ਵਿਕਾਸ ਅਧੀਨ ਰਾਸ਼ਟਰ ਵਿੱਚ ਆਰਥਿਕ ਖੇਤਰ ਵਿੱਚ ਖੁੱਲ੍ਹੇ ਵਪਾਰ ਅਤੇ ਖੁੱਲ੍ਹੇ ਮੁਕਾਬਲੇ ਦੀ ਨੀਤੀ ਲਾਗੂ ਕੀਤੀ ਜਾਵੇਗੀ ਤਾਂ ਸਪੱਸ਼ਟ ਹੈ ਕਿ ਉਸ ਦੇਸ਼ ਦੇ ਲੋਕਾਂ ਵਿੱਚ ਕਾਫ਼ੀ ਵੱਡੇ ਪੱਧਰ ਤੇ ਆਰਥਿਕ ਅਸਮਾਨਤਾਵਾਂ ਮੌਜੂਦ ਹੋਣਗੀਆਂ। ਅਜਿਹੇ ਰਾਸ਼ਟਰ ਵਿੱਚ ਸਮਾਜਿਕ ਨਿਆਂ ਦੀ ਸਥਾਪਨਾ ਲਈ ਸਰਕਾਰ ਦੁਆਰਾ ਕੀਤੇ ਦੂਜੇ ਯਤਨ ਸਫ਼ਲ ਨਹੀਂ ਹੋ ਸਕਣਗੇ। ਇਸ ਲਈ ਇਹ ਜ਼ਰੂਰੀ ਹੈ ਕਿ ਵਿਕਾਸ ਅਧੀਨ ਦੇਸ਼ਾਂ ਵਿੱਚ ਇਕ ਅਜਿਹੀ ਆਰਥਿਕ ਪ੍ਰਣਾਲੀ ਲਾਗੂ ਕੀਤੀ ਜਾਵੇ ਜਿਸ ਨਾਲ ਧਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਇਕੱਠਾ ਨਾ ਹੋਵੇ ਅਤੇ ਬਹੁਤ ਜ਼ਿਆਦਾ ਆਰਥਿਕ ਅਸਮਾਨਤਾਵਾਂ ਵਿਕਸਿਤ ਨਾ ਹੋਣ। ਇਸੇ ਕਾਰਨ ਵਿਕਾਸ ਅਧੀਨ ਦੇਸ਼ਾਂ ਵਿੱਚ ਉਚਿਤ ਆਰਥਿਕ ਪ੍ਰਣਾਲੀ ਦੀ ਚੋਣ ਕਰਕੇ ਆਰਥਿਕ ਅਸਮਾਨਤਾਵਾਂ ਨੂੰ ਵਧਣ ਤੋਂ ਰੋਕਣਾ ਹੈ ਤਾਂ ਜੋ ਸਮਾਜਿਕ ਨਿਆਂ ਦੀ ਸਥਾਪਨਾ ਹੋ ਸਕੇ।

**(vii) ਲੋਕਤੰਤਰੀ ਪ੍ਰਣਾਲੀ (Democratic System) :** ਸਮਾਜਿਕ ਨਿਆਂ ਦੀ ਸਥਾਪਨਾ ਲਈ ਨਾ ਕੇਵਲ ਉਚਿਤ ਆਰਥਿਕ ਪ੍ਰਣਾਲੀ ਹੀ ਜ਼ਰੂਰੀ ਹੈ, ਸਗੋਂ ਉਚਿਤ ਰਾਜਨੀਤਿਕ ਪ੍ਰਣਾਲੀ ਦਾ ਹੋਣਾ ਵੀ ਅਤਿਅੰਤ ਲਾਜ਼ਮੀ ਹੈ। ਸਮਾਜਿਕ ਨਿਆਂ ਦੀ ਸਥਾਪਨਾ ਲਈ ਦੂਜੀਆਂ ਪ੍ਰਣਾਲੀਆਂ ਦੇ ਮੁਕਾਬਲੇ ਲੋਕਤੰਤਰੀ ਸ਼ਾਸਨ ਪ੍ਰਣਾਲੀ ਵਧੇਰੇ ਲਾਭਦਾਇਕ ਸਿੱਧ ਹੁੰਦੀ ਹੈ। ਲੋਕਤੰਤਰੀ ਪ੍ਰਣਾਲੀ ਵਿੱਚ ਹਰੇਕ ਪ੍ਰਕਾਰ ਦੇ ਅਧਿਕਾਰ ਸਾਰੇ ਲੋਕਾਂ ਨੂੰ ਸਮਾਨ ਰੂਪ ਵਿੱਚ ਪ੍ਰਾਪਤ ਹੁੰਦੇ ਹਨ ਅਤੇ ਕਿਸੇ ਵੀ ਵਿਸ਼ੇਸ਼ ਵਰਗ ਦੇ ਲੋਕਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਜਾਂ ਰਿਆਇਤਾਂ ਪ੍ਰਾਪਤ ਨਹੀਂ ਹੁੰਦੀਆਂ।

ਸਮਾਜਿਕ ਨਿਆਂ ਦੀ ਸਥਾਪਨਾ ਲਈ ਵਿਕਾਸ-ਅਧੀਨ ਦੇਸ਼ਾਂ ਵਿੱਚ ਰਾਸ਼ਟਰ ਦੁਆਰਾ ਆਮ ਕਰਕੇ ਉਪਰੋਕਤ ਵਰਣਿਤ ਮਹੱਤਵਪੂਰਨ ਕਾਰਜ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਰਾਸ਼ਟਰ ਹੋਰ ਵੀ ਅਨੇਕਾਂ ਵਿਵਸਥਾਵਾਂ ਦਾ ਪ੍ਰਬੰਧ ਕਰਦਾ ਹੈ ਜਿਨ੍ਹਾਂ ਦੁਆਰਾ ਸਮਾਜਿਕ ਨਿਆਂ ਦੀ ਸਥਾਪਨਾ ਸੰਭਵ ਹੋ ਸਕੇ। ਇਥੇ ਇਹ ਗੱਲ ਵਰਣਨਯੋਗ ਹੈ ਕਿ ਸਾਰੇ ਵਿਕਾਸ ਅਧੀਨ ਦੇਸ਼ ਕਾਫ਼ੀ ਸਮਾਜਿਕ ਨਿਆਂ ਦੀ ਸਥਾਪਨਾ ਲਈ ਰਾਸ਼ਟਰ ਦੀ ਭੂਮਿਕਾ ਇੱਕੋ ਜਿਹੀ ਨਹੀਂ ਹੋ ਸਕਦੀ। ਰਾਸ਼ਟਰ ਦੀ ਭੂਮਿਕਾ ਕਾਫ਼ੀ ਹੱਦ ਤੱਕ ਸੰਬੰਧਿਤ ਸਮਾਜ ਦੀਆਂ ਆਰਥਿਕ, ਸਮਾਜਿਕ ਅਤੇ ਨੈਤਿਕ ਪਰਿਸਥਿਤੀਆਂ ਤੋਂ ਇਲਾਵਾ ਉਸ ਦੀ ਰਾਜਨੀਤਿਕ ਪ੍ਰਣਾਲੀ ਦੇ ਰੂਪ ਤੇ ਨਿਰਭਰ ਹੁੰਦੀ ਹੈ।

### ਆਰਥਿਕ ਨਿਆਂ ਦੀ ਸਥਾਪਨਾ ਸੰਬੰਧੀ ਵਿਕਾਸ ਅਧੀਨ ਦੇਸ਼ ਵਿੱਚ ਰਾਸ਼ਟਰ ਦੀ ਭੂਮਿਕਾ (Role of Nation in Establishing Economic Justice in Developing Countries)

**ਆਰਥਿਕ ਨਿਆਂ ਦਾ ਅਰਥ (Meaning of Economic Justice) :** ਲੋੜਾਂ ਦੀ ਪੂਰਤੀ ਮਾਨਵ ਜੀਵਨ ਦਾ ਮੂਲ ਆਧਾਰ ਹੈ। ਜੇਕਰ ਵਿਅਕਤੀ ਆਰਥਿਕ ਪੱਖ ਤੋਂ ਅਸੰਤੁਸ਼ਟ ਹੋਵੇਗਾ ਤਾਂ ਉਹ ਰਾਸ਼ਟਰ ਦੇ ਕੋਈ ਉਸਾਰੂ ਯੋਗਦਾਨ ਨਹੀਂ ਹੋ ਸਕਦਾ। ਇਸੇ ਕਾਰਨ ਹਰੇਕ ਪ੍ਰਕਾਰ ਦੀ ਸ਼ਾਸਨ ਪ੍ਰਣਾਲੀ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਲੋਕਾਂ ਨੂੰ ਆਰਥਿਕ ਨਿਆਂ ਅਵੱਸ਼ ਹੀ ਪ੍ਰਾਪਤ ਹੋਣਾ ਚਾਹੀਦਾ ਹੈ। ਆਰਥਿਕ ਨਿਆਂ ਤੋਂ ਭਾਵ ਇਹ ਹੈ ਕਿ ਹਰੇਕ ਵਿਅਕਤੀ ਨੂੰ ਆਪਣੀ ਰੋਜ਼ੀ ਕਮਾਉਣ ਦੇ ਲਈ ਸਮਾਨ ਅਵਸਰ ਪ੍ਰਾਪਤ ਹੋਣੇ ਚਾਹੀਦੇ ਹਨ ਅਤੇ ਵਿਅਕਤੀ ਨੂੰ ਉਸ ਦੇ ਕੰਮ ਬਦਲੇ ਉਚਿਤ ਵੇਤਨ ਦਿੱਤਾ ਜਾਣਾ ਚਾਹੀਦਾ ਹੈ। ਆਰਥਿਕ ਨਿਆਂ ਤੋਂ ਭਾਵ ਇਹ ਵੀ ਹੈ ਕਿ ਧਨ ਕੁਝ ਕੁ ਵਿਅਕਤੀਆਂ

ਦੇ ਹੱਥਾਂ ਵਿੱਚ ਕੇਂਦਰਿਤ ਨਾ ਹੋਣ ਦਿੱਤਾ ਜਾਵੇ ਅਤੇ ਕੋਈ ਵੀ ਵਿਅਕਤੀ ਦੂਜੇ ਵਿਅਕਤੀਆਂ ਦੀ ਲੁੱਟ-ਖਸੁੱਟ ਨਾ ਕਰ ਸਕੇ। ਆਰਥਿਕ ਨਿਆਂ ਦਾ ਭਾਵ ਇਹ ਵੀ ਹੈ ਕਿ ਬੱਚਿਆਂ ਅਤੇ ਇਸਤਰੀਆਂ ਨੂੰ ਆਰਥਿਕ ਸੰਕਟ ਤੋਂ ਮਜਬੂਰ ਹੋ ਕੇ ਅਜਿਹੇ ਕੰਮ ਨਾ ਕਰਨੇ ਪੈਣ ਜੋ ਉਨ੍ਹਾਂ ਅਤੇ ਸਿਹਤ ਦੇ ਅਨੁਕੂਲ ਨਾ ਹੋਣ। ਆਰਥਿਕ ਨਿਆਂ ਦੀ ਪ੍ਰਾਪਤੀ ਲਈ ਵਿਕਾਸ-ਅਧੀਨ ਦੇਸ਼ ਵਿੱਚ ਰਾਸ਼ਟਰ ਹੇਠ ਲਿਖੀਆਂ ਵਿਵਸਥਾਵਾਂ ਕਰਦਾ ਹੈ।

**1. ਕੰਮ ਦਾ ਅਧਿਕਾਰ (Right to work) :** ਬੇਰੁਜ਼ਗਾਰੀ ਆਰਥਿਕ ਨਿਆਂ ਦੀ ਪ੍ਰਾਪਤੀ ਦੇ ਰਸਤੇ ਵਿੱਚ ਬਹੁਤ ਵੱਡੀ ਰੁਕਾਵਟ ਹੈ। ਜਦੋਂ ਤੱਕ ਕਿਸੇ ਦੇਸ਼ ਵਿੱਚੋਂ ਬੇਰੁਜ਼ਗਾਰੀ ਨੂੰ ਸਮਾਪਤ ਨਹੀਂ ਕੀਤਾ ਜਾਂਦਾ ਉਦੋਂ ਤੱਕ ਦੇਸ਼ ਵਿੱਚ ਆਰਥਿਕ ਨਿਆਂ ਦੀ ਪ੍ਰਾਪਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਇਹ ਜ਼ਰੂਰੀ ਹੈ ਕਿ ਸਭ ਵਿਅਕਤੀਆਂ ਨੂੰ ਕੰਮ ਦਾ ਅਧਿਕਾਰ ਦਿੱਤਾ ਜਾਵੇ। ਹਰੇਕ ਵਿਅਕਤੀ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਪ੍ਰਦਾਨ ਕਰਨ ਦੀ ਸਰਕਾਰ ਦੀ ਜ਼ਿੰਮੇ ਵਾਰੀ ਨੂੰ ਨਿਭਾਉਣ ਸੰਬੰਧੀ ਰਾਜ ਲੋੜੀਂਦੀ ਕਾਰਵਾਈ ਕਰਦਾ ਹੈ।

**2. ਆਰਥਿਕ ਸੁਰੱਖਿਆ (Economic Security) :** ਆਰਥਿਕ ਲੋੜੀਂਦੀ ਪੂਰਤੀ ਤੋਂ ਬਿਨਾਂ ਕਿਸੇ ਵਿਅਕਤੀ ਲਈ ਸੰਤੁਸ਼ਟ ਜੀਵਨ ਬੀਤੀ ਕਰਨਾ ਲਗਭਗ ਅਸੰਭਵ ਹੈ। ਹਰੇਕ ਵਿਅਕਤੀ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਦੇਣਾ ਸਰਕਾਰ ਦਾ ਜ਼ਰੂਰੀ ਕਰਤੱਵ ਹੋਣਾ ਚਾਹੀਦਾ ਹੈ। ਜਦੋਂ ਤੱਕ ਸਰਕਾਰ ਕਿਸੇ ਵਿਅਕਤੀ ਨੂੰ ਕੰਮ ਪ੍ਰਦਾਨ ਨਹੀਂ ਕਰਦੀ ਉਦੋਂ ਤੱਕ ਵਿਅਕਤੀ ਦੀ ਆਰਥਿਕ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੋਣੀ ਚਾਹੀਦੀ ਹੈ। ਆਰਥਿਕ ਸੁਰੱਖਿਆ ਤੋਂ ਭਾਵ ਇਹ ਹੈ ਕਿ ਸਰਕਾਰ ਬੇਰੁਜ਼ਗਾਰਾਂ ਨੂੰ ਭੱਤਾ ਦੇਵੇ ਤਾਂ ਜੋ ਉਹ ਆਪਣੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰ ਸਕਣ। ਇਸ ਤੋਂ ਇਲਾਵਾ ਆਰਥਿਕ ਨਿਆਂ ਦੀ ਪ੍ਰਾਪਤੀ ਲਈ ਇਹ ਵੀ ਜ਼ਰੂਰੀ ਹੈ ਕਿ ਬੀਮਾਰਾਂ, ਬਜ਼ੁਰਗਾਂ ਅਤੇ ਅੰਗਹੀਣਾਂ ਦੀ ਆਰਥਿਕ ਸੁਰੱਖਿਆ ਦੀ ਜ਼ਿੰਮੇਵਾਰੀ ਦੇ ਜ਼ਰੂਰੀ ਕਰਤੱਵ ਵਿੱਚ ਸ਼ਾਮਿਲ ਹੋਵੇ। ਜੇਕਰ ਸਮਾਜ ਦੇ ਅਜਿਹੇ ਲਾਚਾਰ ਵਿਅਕਤੀ ਆਰਥਿਕ ਪੱਖ ਤੋਂ ਸੰਤੁਸ਼ਟ ਨਹੀਂ ਹੋਣਗੇ ਤਾਂ ਆਰਥਿਕ ਨਿਆਂ ਦੀ ਪ੍ਰਾਪਤੀ ਨਿਰਮੂਲ ਅਤੇ ਵਿਅਰਥ ਸਿੱਧ ਹੋਵੇਗੀ।

**3. ਧਨ ਦੀ ਉਚਿਤ ਵੰਡ (Proper Distribution of Wealth) :** ਜੇਕਰ ਧਨ ਕੁਝ ਕੁ ਵਿਅਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੋਵੇਗਾ ਅਤੇ ਸਾਧਾਰਣ ਵਿਅਕਤੀ ਆਪਣੇ ਜੀਵਨ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ ਧਨ ਦੀ ਥੁੜ ਅਨੁਭਵ ਕਰਨਗੇ ਤਾਂ ਆਰਥਿਕ ਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕੇਗੀ। ਆਰਥਿਕ ਨਿਆਂ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਧਨ ਦੀ ਉਚਿਤ ਵੰਡ ਕੀਤੀ ਜਾਵੇ ਅਤੇ ਥੋੜ੍ਹੇ ਜਿਹੇ ਵਿਅਕਤੀਆਂ ਨੂੰ ਉਤਪਾਦਨ ਦੇ ਸਾਧਨਾਂ ਉਪਰ ਆਪਣੀ ਅਜ਼ਾਰੇ ਦਾਰੀ (Monopoly) ਸਥਾਪਤ ਨਾ ਕਰਨ ਦਿੱਤੀ ਜਾਵੇ, ਇਸ ਮੰਤਵ ਦੀ ਪ੍ਰਾਪਤੀ ਲਈ ਉਤਪਾਦਨਾਂ ਦੇ ਸਾਧਨਾਂ ਦਾ ਰਾਸ਼ਟਰੀਕਰਣ (Nationalisation) ਵੀ ਕੀਤਾ ਜਾ ਸਕਦਾ ਹੈ। ਧਨ ਦੀ ਉਚਿਤ ਵੰਡ ਕਰਨ ਲਈ ਹੋਰ ਵੀ ਅਨੇਕਾਂ ਸਾਧਨ ਗ੍ਰਹਿਣ ਕੀਤੇ ਜਾ ਸਕਦੇ ਹਨ। ਇਸ ਮੰਤਵ ਦੀ ਪ੍ਰਾਪਤੀ ਲਈ ਰਾਜ ਦੁਆਰਾ ਯੋਗ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

**4. ਕਿਰਤੀਆਂ ਦੇ ਹਿੱਤਾਂ ਦੀ ਰੱਖਿਆ (Protection of Interests of the Workers) :** ਜੇ ਕਰ ਕਿਰਤੀਆਂ ਨੂੰ ਪੂੰਜੀਪਤੀਆਂ ਦੇ ਰਹਿਮ 'ਤੇ ਛੱਡ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਸਰਬਪੱਖੀ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਕੋਈ ਵਿਸ਼ੇਸ਼ ਧਿਆਨ ਨਾ ਕਰੇ ਤਾਂ ਆਰਥਿਕ ਨਿਆਂ ਦੀ ਪ੍ਰਾਪਤੀ ਕੇਵਲ ਇੱਕ ਸੁਭ ਕਾਮਨਾ ਹੀ ਬਣ ਕੇ ਰਹਿ ਜਾਵੇਗੀ। ਆਰਥਿਕ ਨਿਆਂ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਕਿਰਤੀਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਵੇ। ਇਸ ਦੇ ਮੰਤਵ ਲਈ ਕਿਰਤੀਆਂ ਦੇ ਕੰਮ ਦਾ ਵੱਧ ਤੋਂ ਵੱਧ ਸਮਾਂ ਨਿਸ਼ਚਿਤ ਕੀਤਾ ਜਾਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਕਿਰਤੀਆਂ ਦੇ ਉਚਿਤ ਵੇਤਨ ਅਤੇ ਦੂਜੀਆਂ ਅਨੇਕਾਂ ਸਹੂਲਤਾਂ ਦੀ ਵਿਵਸਥਾ ਕੀਤੀ ਜਾਣੀ ਜ਼ਰੂਰੀ ਹੈ। ਜਦੋਂ ਤੱਕ ਕਿਰਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਸਰਕਾਰ ਕੋਈ ਵਿਸ਼ੇਸ਼ ਯਤਨ ਨਹੀਂ ਕਰਦੀ ਉਦੋਂ

ਤੱਕ ਆਰਥਿਕ ਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ।

ਸੰਖੇਪ ਰੂਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਜੇਕਰ ਉਪਰੋਕਤ ਵਰਣਿਤ ਵਿਵਸਥਾਵਾਂ ਨੂੰ ਅਮਲੀ ਰੂਪ ਦੇਣ ਲਈ ਰਾਜ ਲੋੜੀਂਦੀ ਕਾਰਵਾਈ ਨਹੀਂ ਕਰੇਗਾ ਤਾਂ ਆਰਥਿਕ ਨਿਆਂ ਦੀ ਪ੍ਰਾਪਤੀ ਅਸੰਭਵ ਹੈ।

## ਵਿਕਾਸ ਅਧੀਨ ਦੇਸ਼ ਵਿੱਚ ਰਾਜਨੀਤਿਕ ਨਿਆਂ ਦੀ ਸਥਾਪਨਾ ਵਿੱਚ ਰਾਸ਼ਟਰ ਦੀ ਭੂਮਿਕਾ (Role of Nation in Establishing Political Justice in Developing Country)

ਰਾਜਨੀਤੀ ਦਾ ਖੇਤਰ ਬੜਾ ਵਿਸ਼ਾਲ ਹੈ। ਰਾਜਨੀਤੀ ਸੰਬੰਧੀ ਅਕਸਰ ਕਿਹਾ ਜਾਂਦਾ ਹੈ ਕਿ ਇਹ ਭੈੜੇ ਲੋਕਾਂ ਦੀ ਖੇਡ ਹੈ, ਪਰ ਜੇਕਰ ਰਾਜਨੀਤਿਕ ਨਿਆਂ ਦੀ ਸਥਾਪਤੀ ਸੰਬੰਧੀ ਸੱਚੇ ਯਤਨ ਕੀਤੇ ਜਾਣ ਤਾਂ ਰਾਜਨੀਤੀ ਚੰਗੇ ਵਿਅਕਤੀਆਂ ਦੀ ਖੇਡ ਬਣ ਸਕਦੀ ਹੈ। ਰਾਜਨੀਤਿਕ ਨਿਆਂ ਦਾ ਮੁੱਖ ਭਾਵ ਹੈ ਕਿ ਹਰੇਕ ਵਿਅਕਤੀ ਨੂੰ ਬਿਨਾਂ ਕਿਸੇ ਭੇਦਭਾਵ ਦੇ ਰਾਜਨੀਤਿਕ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ। ਰਾਜਨੀਤਿਕ ਖੇਤਰ ਵਿੱਚ ਧਰਮ, ਜਾਤ, ਲਿੰਗ ਆਦਿ ਦੇ ਆਧਾਰ ਤੇ ਕਿਸੇ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ ਅਤੇ ਹਰੇਕ ਵਿਅਕਤੀ ਨੂੰ ਉੱਚੀ ਤੋਂ ਉੱਚੀ ਰਾਜਨੀਤਿਕ ਪਦਵੀ ਪ੍ਰਾਪਤ ਕਰਨ ਲਈ ਸਮਾਨ ਅਵਸਰ ਪ੍ਰਾਪਤ ਹੋਣੇ ਚਾਹੀਦੇ ਹਨ। ਰਾਜਨੀਤਿਕ ਨਿਆਂ ਦਾ ਮੂਲ ਆਧਾਰ ਸਮਾਨਤਾ ਹੈ। ਦੂਜੇ ਸ਼ਬਦਾਂ ਵਿੱਚ ਰਾਜਨੀਤਿਕ ਨਿਆਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਰਾਜਨੀਤਿਕ ਖੇਤਰ ਵਿੱਚ ਕਿਸੇ ਵਿਅਕਤੀ ਨੂੰ ਕਿਸੇ ਵੀ ਆਧਾਰ ਤੇ ਕੋਈ ਵਿਸ਼ੇਸ਼ ਰਿਆਇਤ ਨਾ ਦਿੱਤੀ ਜਾਵੇ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਕਿਸੇ ਵੀ ਆਧਾਰ ਤੇ ਉਸ ਦੇ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਵੇ। ਰਾਜਨੀਤਿਕ ਨਿਆਂ ਦੀ ਪ੍ਰਾਪਤੀ ਲਈ ਰਾਸ਼ਟਰ ਨੂੰ ਹੇਠ ਲਿਖੀਆਂ ਵਿਵਸਥਾਵਾਂ ਕਰਨੀਆਂ ਪੈਂਦੀਆਂ ਹਨ :

**1. ਰਾਜਨੀਤਿਕ ਅਧਿਕਾਰਾਂ ਦੀ ਹੋਂਦ (Existence of Political Rights) :** ਵੋਟ ਦਾ ਅਧਿਕਾਰ, ਚੋਣ ਲੜਨ ਦਾ ਅਧਿਕਾਰ, ਸਰਕਾਰ ਦੀ ਆਲੋਚਨਾ ਕਰਨ ਦਾ ਅਧਿਕਾਰ, ਰਾਜਨੀਤਿਕ ਦਲ ਜਾਂ ਸੰਘ ਬਣਾਉਣ ਦਾ ਅਧਿਕਾਰ, ਸਰਕਾਰ ਨੂੰ ਬਿਨੈ-ਪੱਤਰ ਦੇਣ ਦਾ ਅਧਿਕਾਰ ਆਦਿ ਕੁਝ ਮਹੱਤਵਪੂਰਨ ਰਾਜਨੀਤਿਕ ਅਧਿਕਾਰ ਹਨ। ਰਾਜਨੀਤਿਕ ਨਿਆਂ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਭੇਦਭਾਵ ਦੇ ਅਜਿਹੇ ਰਾਜਨੀਤਿਕ ਅਧਿਕਾਰ ਸਮਾਨ ਰੂਪ ਵਿੱਚ ਪ੍ਰਾਪਤ ਹੋਣ। ਜੇ ਕਰ ਅਜਿਹੇ ਰਾਜਨੀਤਿਕ ਅਧਿਕਾਰਾਂ ਦੀ ਅਣਹੋਂਦ ਹੋਵੇਗੀ ਤਾਂ ਰਾਜਨੀਤਿਕ ਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕੇਗੀ।

**2. ਕੋਈ ਵਿਤਕਰਾ ਨਹੀਂ (No Discrimination) :** ਜੇਕਰ ਰਾਜਨੀਤਿਕ ਖੇਤਰ ਵਿੱਚ ਕਿਸੇ ਵੀ ਵਰਗ ਦਾ ਲੋਕਾਂ ਨਾਲ ਕਿਸੇ ਵੀ ਆਧਾਰ ਤੇ ਕੋਈ ਵਿਤਕਰਾ ਕੀਤਾ ਜਾਂਦਾ ਹੈ ਤਾਂ ਰਾਜਨੀਤਿਕ ਨਿਆਂ ਵਿਅਕਤੀ ਨੂੰ ਰਾਜਨੀਤਿਕ ਖੇਤਰ ਵਿੱਚ ਉੱਚੀ ਪਦਵੀ ਪ੍ਰਾਪਤ ਕਰਨ ਦਾ ਸਮਾਨ ਅਧਿਕਾਰ ਮਿਲਿਆ ਹੋਵੇ। ਸਰਕਾਰੀ ਪਦਵੀਆਂ ਪ੍ਰਾਪਤ ਕਰਨ ਸੰਬੰਧੀ ਕਿਸੇ ਵਰਗ ਦੇ ਲੋਕਾਂ ਨੂੰ ਕੋਈ ਵਿਸ਼ੇਸ਼ ਰਿਆਇਤ ਪ੍ਰਾਪਤ ਨਹੀਂ ਹੋਣੀ ਚਾਹੀਦੀ ਅਤੇ ਜਨਮ, ਨਸਲ ਜਾਂ ਜਾਤ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਅਧਿਕਾਰਾਂ ਤੋਂ ਵੰਚਿਤ ਨਹੀਂ ਕੀਤਾ ਜਾਣਾ ਚਾਹੀਦਾ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਰਾਜਨੀਤਿਕ ਨਿਆਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਰਾਜਨੀਤਿਕ ਖੇਤਰ ਵਿੱਚ ਕਿਸੇ ਵੀ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ।

**3. ਅਧਿਕਾਰਾਂ ਦੀ ਸੁਰੱਖਿਆ (Proteciton of Rights) :** ਰਾਜਨੀਤਿਕ ਨਿਆਂ ਦੀ ਪ੍ਰਾਪਤੀ ਲਈ ਇਹ ਵੀ ਜ਼ਰੂਰੀ ਹੈ ਕਿ ਲੋਕਾਂ ਦੇ ਅਧਿਕਾਰਾਂ ਦੀ ਕਾਨੂੰਨੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ। ਜੇਕਰ ਅਜਿਹੀ ਸੁਰੱਖਿਆ ਦਾ ਪ੍ਰਬੰਧ ਨਹੀਂ ਕੀਤਾ ਜਾਵੇਗਾ ਤਾਂ ਲੋਕਾਂ ਦੇ ਅਧਿਕਾਰ ਰਾਜਨੀਤਿਕ ਸ਼ਾਸਕ-ਦਲ ਦੀ ਕ੍ਰਿਪਾ ਦ੍ਰਿਸ਼ਟੀ ਤੇ ਨਿਰਭਰ ਹੋ ਕੇ ਰਹਿ ਜਾਣਗੇ। ਇਸ ਦੇ ਉਲਟ ਜੇਕਰ ਨਾਗਰਿਕਾਂ ਦੇ ਰਾਜਨੀਤਿਕ ਅਧਿਕਾਰਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਾਪਤ ਹੋਵੇਗੀ ਤਾਂ ਸ਼ਾਸਕ ਲੋਕਾਂ ਦੇ ਅਧਿਕਾਰਾਂ ਨੂੰ ਆਪਣੇ ਦਲ ਦੇ ਹਿੱਤਾਂ ਦੀ ਰੱਖਿਆ ਲਈ ਭੰਗ ਨਹੀਂ ਕਰ ਸਕੇਗਾ।

**4. ਉਚਿਤ ਸਮੇਂ ਤੇ ਚੋਣਾਂ (Periodical Elections) :** ਰਾਜਨੀਤਿਕ ਨਿਆਂ ਦਾ ਕੋਈ ਮਹੱਤਵ ਤਾਂ ਹੀ ਹੋ ਸਕਦਾ ਹੈ ਜੇਕਰ ਲੋਕਾਂ ਨੂੰ ਸਮੇਂ-ਸਮੇਂ ਤੇ ਸਰਕਾਰ ਦੀਆਂ ਨੀਤੀਆਂ ਅਤੇ ਦੇਸ਼ ਦੀਆਂ ਸਮੱਸਿਆਵਾਂ ਸੰਬੰਧੀ ਆਪਣੀ ਰਾਏ ਪ੍ਰਗਟਾਉਣ ਦਾ ਅਵਸਰ ਪ੍ਰਾਪਤ ਹੁੰਦਾ ਰਹੇ। ਇਸ ਮੰਤਵ ਲਈ ਕੁਝ ਸਮੇਂ ਮਗਰੋਂ ਸਾਧਾਰਣ ਚੋਣਾਂ ਦਾ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ। ਜੇਕਰ ਕਾਫ਼ੀ ਲੰਬੇ ਸਮੇਂ ਤੱਕ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ ਤਾਂ ਰਾਜਨੀਤਿਕ ਨਿਆਂ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕੇਗੀ। ਚੋਣਾਂ ਦੁਆਰਾ ਹੀ ਲੋਕ ਆਪਣੀ ਰਾਏ ਪ੍ਰਗਟਾ ਸਕਦੇ ਹਨ ਅਤੇ ਚੋਣਾਂ ਦੇ ਰਾਹੀਂ ਹੀ ਲੋਕਾਂ ਨੂੰ ਰਾਜਨੀਤਿਕ ਪਦਵੀਆਂ ਪ੍ਰਾਪਤ ਕਰਨ ਦਾ ਅਵਸਰ ਮਿਲ ਸਕਦਾ ਹੈ।

**5. ਘੱਟ ਗਿਣਤੀਆਂ ਦੇ ਹਿੱਤਾਂ ਦੀ ਵਿਸ਼ੇਸ਼ ਰੱਖਿਆ (Special Protection of the Rights of Minorities) :** ਭਾਸ਼ਾਈ ਜਾਂ ਸਭਿਆਚਾਰਕ ਘੱਟ ਗਿਣਤੀਆਂ ਲਗਭਗ ਹਰੇਕ ਦੇਸ਼ ਵਿੱਚ ਹੁੰਦੀਆਂ ਹਨ। ਜੇਕਰ ਘੱਟ ਗਿਣਤੀਆਂ ਇਹ ਅਨੁਭਵ ਕਰਨ ਕਿ ਉਹ ਬਹੁ-ਗਿਣਤੀਆਂ ਦੇ ਰਹਿਮ 'ਤੇ ਨਿਰਭਰ ਹਨ ਤਾਂ ਅਜਿਹੇ ਦੇਸ਼ ਵਿੱਚ ਰਾਜਨੀਤਿਕ ਨਿਆਂ ਦਾ ਕੋਈ ਮਹੱਤਵ ਨਹੀਂ ਹੋਵੇਗਾ। ਰਾਜਨੀਤਿਕ ਨਿਆਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਘੱਟ ਗਿਣਤੀਆਂ ਨੂੰ ਰਾਜਨੀਤਿਕ ਖੇਤਰ ਵਿੱਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਹੋਵੇ ਅਤੇ ਉਨ੍ਹਾਂ ਦੀ ਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਜੇਕਰ ਘੱਟ ਗਿਣਤੀਆਂ ਦੇ ਲੋਕ ਅਸੰਤੁਸ਼ਟ ਹੋਣਗੇ ਤਾਂ ਸਹੀ ਅਰਥਾਂ ਵਿੱਚ ਰਾਜਨੀਤਿਕ ਨਿਆਂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਕਾਸ ਅਧੀਨ ਸਮਾਜਾਂ ਵਿੱਚ ਪਰਿਵਰਤਨ ਲਿਆਉਣ ਲਈ ਰਾਸ਼ਟਰ ਨੂੰ ਅਨੇਕਾਂ ਪ੍ਰਕਾਰ ਦੇ ਕਾਰਜ ਵਿਸ਼ੇਸ਼ ਰੂਪ ਵਿੱਚ ਕਰਨੇ ਪੈਂਦੇ ਹਨ। ਅਜਿਹੇ ਕਾਰਜਾਂ ਵਿੱਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਕਾਰਜ ਆਰਥਿਕ ਨਿਆਂ, ਸਮਾਜਿਕ ਨਿਆਂ ਅਤੇ ਰਾਜਨੀਤਿਕ ਨਿਆਂ ਦੀ ਪ੍ਰਾਪਤੀ ਹੈ। ਜੋ ਅਜਿਹੇ ਆਦਰਸ਼ ਪ੍ਰਾਪਤ ਕਰਨ ਲਈ ਵਿਸ਼ੇਸ਼ ਯਤਨ ਨਹੀਂ ਕਰਦਾ, ਉਹ ਵਿਕਾਸ ਅਧੀਨ ਦੇਸ਼ ਪੂਰਨ ਰੂਪ ਵਿੱਚ ਤੇਜ਼ ਗਤੀ ਨਾਲ ਉੱਨਤੀ ਨਹੀਂ ਕਰ ਸਕੇਗਾ। ਮੁੱਖ ਤੌਰ ਤੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ ਵਿੱਚ ਇਹੀ ਅੰਤਰ ਹੈ ਕਿ ਉਪਰੋਕਤ ਦੱਸੇ ਕਾਰਜਾਂ ਦੀ ਪੂਰਤੀ ਲਈ ਵਿਕਾਸਸ਼ੀਲ ਦੇਸ਼ ਯਤਨ ਕਰ ਰਹੇ ਹਨ ਅਤੇ ਵਿਕਸਿਤ ਦੇਸ਼ ਕਾਫ਼ੀ ਹੱਦ ਤੱਕ ਇਨ੍ਹਾਂ ਵਿੱਚ ਸਫ਼ਲਤਾ ਹਾਸਿਲ ਕਰ ਚੁੱਕੇ ਹਨ। ਭਾਰਤ ਵਰਗਾ ਵਿਕਾਸਸ਼ੀਲ ਦੇਸ਼ ਇਸ ਦਿਸ਼ਾ ਵੱਲ ਕਾਫ਼ੀ ਕੋਸ਼ਿਸ਼ ਕਰ ਰਿਹਾ ਹੈ ਪਰ ਹਾਲੇ ਵੀ ਬਹੁਤ ਕੁਝ ਕਰਨਾ ਬਾਕੀ ਹੈ।

## ਸੁਝਾਈਆਂ ਗਈਆਂ ਪੁਸਤਕਾਂ

## Suggested Readings


| | | |
|---|---|---|
| S. Bhatnagar and S.L. Goel | : | *Development Planning and Administration (Deep & Deep. New Delhi, 1992)* |
| R.K. Arora | : | *Comparative Public Administration* |
| Ferrel Heady | : | *Public Administration-A Comparative Perspective* |
| K.K. Puri, G.S. Brara | : | *Development Administration in India* |
| Sahib Singh Swinder Singh | : | ਸਥਾਨਿਕ ਪ੍ਰਸ਼ਾਸਨ ਅਤੇ ਵਿਕਾਸ ਪ੍ਰਸ਼ਾਸਨ (*Available in Hindi, English, Punjabi medium*) |


## ਅਭਿਆਸ ਲਈ ਪ੍ਰਸ਼ਨ

## (Self-Check Exercise)

1. What do you mean by Development Administration? Discuss its nature and scope?
ਵਿਕਾਸ ਪ੍ਰਸ਼ਾਸਨ ਤੋਂ ਤੁਸੀਂ ਕੀ ਸਮਝਦੇ ਹੋ? ਇਸ ਦੀ ਪ੍ਰਕਿਰਤੀ ਅਤੇ ਖੇਤਰ ਦਾ ਵਰਣਨ ਕਰੋ।

2. Discuss the main features of developing countries?
ਵਿਕਾਸਸ਼ੀਲ ਦੇਸ਼ ਦੀਆਂ ਮੁੱਖ ਵਿਸ਼ੇਸ਼ਤਾਈਆਂ ਦੀ ਵਿਆਖਿਆ ਕਰੋ।

**ਛੋਟੇ ਉੱਤਰ ਵਾਲੇ ਪ੍ਰਸ਼ਨ (Short Answer Type Questions)**

1. Developing nations are moving from agricultural based society towards industry based society. Give your views in 3-4 lines.
ਵਿਕਾਸਸ਼ੀਲ ਦੇਸ਼ ਖੇਤੀ ਆਧਾਰਿਤ ਸਮਾਜ ਵੱਲੋਂ ਉਦਯੋਗਿਕ ਸਮਾਜ ਵੱਲ ਵੱਧ ਰਹੇ ਹਨ। ਇਸ ਸਬੰਧੀ ਤਿੰਨ ਚਾਰ ਸਤਰਾਂ ਵਿੱਚ ਆਪਣੇ ਵਿਚਾਰ ਪੇਸ਼ ਕਰੋ।
2. Name four dimensions of development.
ਵਿਕਾਸ ਦੇ ਚਾਰ ਆਯਾਮ ਕਿਹੜੇ ਹਨ?
3. Describe the significance of Development Administration.
ਵਿਕਾਸ ਪ੍ਰਸ਼ਾਸਨ ਦੀ ਮਹੱਤਤਾ ਬਿਆਨ ਕਰੋ।
4. Describe four features of developed nations.
ਵਿਕਸਤ ਦੇਸ਼ਾਂ ਦੇ ਚਾਰ ਲੱਛਣ ਦੱਸੋ।

## ਤੁਲਨਾਤਮਕ ਲੋਕ ਪ੍ਰਸ਼ਾਸਨ
## (Comparative Public Administration)

ਦੂਸਰੇ ਮਹਾਂ ਯੁੱਧ ਤੋਂ ਬਾਅਦ ਹੀ ਲੋਕ ਪ੍ਰਸ਼ਾਸਨ ਦੇ ਨਵੇਂ ਅਤੇ ਪੁਰਾਣੇ ਸਹਿਤ ਵਿੱਚ ਅੰਤਰ ਸਪੱਸ਼ਟ ਨਜ਼ਰ ਆਉਣ ਲੱਗ ਪਿਆ। ਇਸ ਦੇ ਫਲਸਰੂਪ ਹੀ ਨਵੀਨ ਲੋਕ ਪ੍ਰਸ਼ਾਸਨ ਦਾ ਜਨਮ ਹੋਇਆ। ਇਸੇ ਤਰ੍ਹਾਂ ਵਿਕਾਸ ਪ੍ਰਸ਼ਾਸਨ ਦੀ ਉਤਪਤੀ ਵੀ ਦੂਸਰੇ ਮਹਾਂਯੁੱਧ ਦਾ ਹੀ ਨਤੀਜਾ ਹੈ। ਤੁਲਨਾਤਮਕ ਲੋਕ ਪ੍ਰਸ਼ਾਸਨ ਦੇ ਖੇਤਰ ਵਿੱਚ ਸਾਧਾਰਨ ਪ੍ਰਬੰਧਕੀ ਦ੍ਰਿਸ਼ਟੀਕੋਣ ਦੀ ਥਾਂ ਪ੍ਰਸੰਗ ਅਤੇ ਸਥਿਤੀ ਸਬੰਧੀ ਦ੍ਰਿਸ਼ਟੀਕੋਣ 'ਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗ ਪਿਆ। ਇਹ ਕਿਹਾ ਹੈ ਕਿ ਲੋਕ ਪ੍ਰਸ਼ਾਸਨ ਦਾ ਲਾਜ਼ਮੀ ਹੀ ਆਪਣਾ ਸਭਿਆਚਾਰ ਹੈ ਜੋ ਕਿ ਵੱਖ-ਵੱਖ ਸਭਿਆਚਾਰ ਖੇਤਰਾਂ ਜਾਂ ਵਾਤਾਵਰਣ ਵਿੱਚ ਆਪਣੀਆਂ ਵਿਸ਼ੇਸ਼ਤਾਈਆਂ ਵਿਕਸਤ ਕਰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਪ੍ਰਚਲਤ ਲੋਕ ਪ੍ਰਸ਼ਾਸਨ ਦੇ ਢਾਂਚੇ ਅਤੇ ਕਾਰਜਾਂ ਵਿੱਚ ਰਵਾਇਤੀ ਪੱਖ ਤੋਂ ਤਾਂ ਸਮਾਨਤਾ ਪਾਈ ਜਾਂਦੀ ਹੈ ਪਰੰਤੂ ਉਥੋਂ ਦੇ ਗੈਰ-ਰਵਾਇਤੀ ਦ੍ਰਿਸ਼ਟੀਕੋਣ ਵਿੱਚ ਕਾਫ਼ੀ ਭਿੰਨਤਾ ਪਾਈ ਜਾਂਦੀ ਹੈ ਕਿਉਂਕਿ ਇਸ ਉੱਤੇ ਸਮਾਜਿਕ ਸਭਿਆਚਾਰ ਦਾ ਪ੍ਰਭਾਵ ਪੈਂਦਾ ਹੈ। ਇਸ ਲਈ ਲੋਕ ਪ੍ਰਸ਼ਾਸਨ ਦੇ ਸਿਧਾਂਤਾਂ ਬਾਰੇ ਕਿਸੇ ਸਰਵ-ਵਿਆਪਕ ਸਿਧਾਂਤ ਦਾ ਨਿਰਮਾਣ ਕਰਨ ਤੋਂ ਪਹਿਲਾਂ ਸਮਾਜ ਵਿੱਚ ਪ੍ਰਚਲਤ ਵੱਖ-ਵੱਖ ਭਿੰਨਤਾਵਾਂ ਦਾ ਚੰਗੀ ਤਰ੍ਹਾਂ ਅਧਿਐਨ ਕਰ ਲੈਣਾ ਚਾਹੀਦਾ ਹੈ।

**ਅਰਥ (Meaning) :**

ਤੁਲਨਾਤਮਕ ਲੋਕ ਪ੍ਰਸ਼ਾਸਨ ਦੀ ਧਾਰਨਾ ਸਮਝਣ ਤੋਂ ਪਹਿਲਾਂ ਤੁਲਨਾਤਮਕ ਲੋਕ ਪ੍ਰਸ਼ਾਸਨ ਦਾ ਅਰਥ ਸਮਝ ਲੈਣਾ ਚਾਹੀਦਾ ਹੈ।

ਸੰਨ 1963 ਵਿੱਚ ਫਰੈਡ ਰਿਗਜ਼ (Fred Riggs) ਦੀ ਅਗਵਾਈ ਅਧੀਨ ਅਮਰੀਕੀ ਵਰਗ ਲਈ ਤੁਲਨਾਤਮਕ ਲੋਕ ਗਰੁੱਪ ਸਥਾਪਤ ਕੀਤਾ ਗਿਆ। ਇਸ ਸੰਸਥਾ ਦਾ ਮੁੱਖ ਕੰਮ ਸੀ ਕਿ ਵਿਕਾਸਸ਼ੀਲ ਦੇਸ਼ਾਂ ਦੇ ਲੜੀਵਾਰ ਸਮਾਜਿਕ, ਸਭਿਆਚਾਰ, ਰਾਜਨੀਤਿਕ ਤੇ ਆਰਥਿਕ ਤੇ ਆਰਥਿਕ ਵਾਤਾਵਰਣ ਦੇ ਅਨੁਕੂਲ ਲੋਕ ਪ੍ਰਬੰਧ ਦੀ ਪਰਿਭਾਸ਼ਾ ਦਸਣਾ। ਉਨ੍ਹਾਂ ਨੇ ਕਿਹਾ ਕਿ, ''ਲੋਕ ਪ੍ਰਸ਼ਾਸਨ ਦੇ ਸਿਧਾਂਤ ਜੋ ਵੱਖ-ਵੱਖ ਸਭਿਆਚਾਰਾਂ ਅਤੇ ਰਾਸ਼ਟਰੀ ਵਾਤਾਵਰਣ ਤੇ ਲਾਗੂ ਕੀਤੇ ਜਾਂਦੇ ਹਨ ਅਤੇ ਤੱਥਾਂ ਉੱਤੇ ਆਧਾਰਿਤ ਅੰਕੜਿਆਂ ਦਾ ਸਮੂਹ ਜਿਸ ਦੇ ਰਾਹੀਂ ਇਸ ਦੀ ਜਾਂਚ ਅਤੇ ਪਰਖ ਕੀਤੀ ਜਾਂਦੀ ਹੈ।''[1]

ਰਿਗਜ਼ (Fred W. Riggs) ਦੇ ਅਨੁਸਾਰ, ''ਤੁਲਨਾਤਮਕ ਸੀਮਾ ਕੇਵਲ ਪ੍ਰਯੋਗਿਕ, ਅਨੁਭਵ ਮੂਲਕ ਅਧਿਐਨ ਲਈ ਵਰਤੀ ਜਾਣੀ ਚਾਹੀਦੀ ਹੈ।'' ਉਹ ਲੋਕ ਪ੍ਰਬੰਧ ਬਾਰੇ ਤਿੰਨ ਝੁਕਾਵਾਂ ਦਾ ਜ਼ਿਕਰ ਕਰਦਾ ਹੈ :-

1. ਆਦਰਸ਼ ਮੂਲਕ ਤੋਂ ਜ਼ਿਆਦਾ ਅਨੁਭਵ ਮੂਲਕ ਦ੍ਰਿਸ਼ਟੀਕੋਣ ਵੱਲ।
2. ਵਿਅਕਤੀਗਤ ਤੋਂ ਸਰਵ-ਵਿਆਪਕਤਾ ਵੱਲ।
3. ਲੋਕ ਪ੍ਰਸ਼ਾਸਨ ਦੇ ਅਧਿਐਨ ਦੇ ਲਈ ਮੁੱਖ ਰੂਪ ਵਿੱਚ ਪਰਿਆਵਰਨਹੀਣ ਤੋਂ ਪਰਿਆਵਰਨ ਆਧਾਰਿਤ ਅਧਿਐਨ ਵੱਲ ਜਾਣਾ।[2]

ਤੁਲਨਾਤਮਕ ਲੋਕ ਪ੍ਰਬੰਧ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ :-

1. "The theory of Public Administration applied to diverse cultures and national seeking and the body of factual data, by which it can be examined and tested."

(a) ਸੰਸਥਾ ਨੂੰ ਵਿਸ਼ੇਸ਼ ਸਭਿਆਚਾਰਕ ਤੇ ਰਾਜਨੀਤਿਕ ਵਾਤਾਵਰਣ ਵਿੱਚ ਹੀ ਵੇਖਣਾ ਚਾਹੀਦਾ ਹੈ।
(b) ਲੋਕ ਪ੍ਰਬੰਧ ਦੇ ਸਿਧਾਂਤ ਪੂਰਨ ਰੂਪ ਵਿੱਚ ਮੁਕੰਮਲ ਨਹੀਂ।
(c) ਲੋਕ ਪ੍ਰਬੰਧ ਦਾ ਅਧਿਐਨ ਤੇ ਅਭਿਆਸ ਵਿਆਪਕ ਤੌਰ 'ਤੇ ਕਦਰਾਂ-ਕੀਮਤਾਂ ਨਾਲ ਭਰਪੂਰ ਹੈ।
(d) ਕਿਸੇ ਵੀ ਪੂਰੇ ਵਿਸ਼ੇ ਲਈ ਜ਼ਰੂਰੀ ਹੈ ਕਿ ਉਹ ਪੂਰਕ, ਅਮਲੀ ਤੇ ਵਿਹਾਰਕ ਪੱਖ ਵਿੱਚ ਹੋਵੇ।

Guy Peters ਦੇ ਅਨੁਸਾਰ, ''ਤੁਲਨਾਤਮਕ ਲੋਕ ਪ੍ਰਸ਼ਾਸਨ-ਪ੍ਰਸ਼ਾਸਨ ਦੀ ਇੱਕ ਵਿਸ਼ੇਸ਼ ਸ਼ਾਖਾ ਹੈ ਜਿਸ ਨੂੰ ਵਧੇਰੇ ਕਰਕੇ ਜਾਂਚ ਦੇ ਖੇਤਰ ਤੋਂ ਲਿਆ ਗਿਆ ਹੈ। ਸੰਸਥਾ ਤੇ ਪ੍ਰਬੰਧਕ ਸਿਧਾਂਤ ਦਾ ਵਿਕਾਸ ਲੋਕ ਪ੍ਰਬੰਧ ਨੂੰ ਸਮਝਣ ਲਈ ਸਾਡੀ ਮਦਦ ਕਰ ਸਕਦਾ ਹੈ। ਪਰ ਸਾਨੂੰ ਇਹ ਆਸ ਨਹੀਂ ਕਰਨੀ ਚਾਹੀਦੀ ਕਿ ਸਾਰੇ ਉੱਤਰ ਇੱਕ ਹੀ ਖੇਤਰ ਵਿੱਚੋਂ ਮਿਲ ਜਾਣਗੇ। ਇਹ ਸਮਝਣਾ ਜ਼ਰੂਰੀ ਹੈ ਕਿ, ''ਲੋਕ ਪ੍ਰਬੰਧ ਲੋਕਾਂ ਦੇ ਸੁਭਾਅ, ਸੰਸਥਾਵਾਂ ਦੇ ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਮਾਹੌਲ ਨਾਲ ਜੁੜਿਆ ਹੋਇਆ ਹੈ। ਇਹ ਵਿਚਾਰ ਲੋਕ ਪ੍ਰਬੰਧਕ ਦੀ ਮੁਹਿੰਮ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੈ।''[3]

''ਲੋਕ ਪ੍ਰਬੰਧਕ ਵਿਸ਼ੇ ਦੇ ਸੁਭਾਅ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਮਾਹੌਲ ਨੂੰ ਸਮਝਣਾ ਹੀ ਤੁਲਨਾਤਮਕ ਲੋਕ ਪ੍ਰਬੰਧ ਦੀ ਖਾਸੀਅਤ ਹੈ।''

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜੋ ਕੁਝ ਅਸੀਂ ਆਮ ਪ੍ਰਬੰਧਕ ਦ੍ਰਿਸ਼ਟੀਕੋਣ ਦੇ ਅਧਿਐਨ ਤੋਂ ਪ੍ਰਾਪਤ ਕਰਦੇ ਹਾਂ, ਉਨ੍ਹਾਂ ਨੂੰ ਬੜੇ ਧਿਆਨ ਨਾਲ ਪ੍ਰਸੰਗ ਅਨੁਸਾਰ ਅਤੇ ਸਥਿਤੀਆਂ ਦੇ ਸਬੰਧ ਵਿੱਚ ਜਾਂਚਣਾ ਚਾਹੀਦਾ ਹੈ।

ਸੰਖੇਪ ਵਿੱਚ ਤੁਲਨਾਤਮਕ ਲੋਕ ਪ੍ਰਸ਼ਾਸਨ ਬਾਰੇ ਇਉਂ ਕਿਹਾ ਜਾ ਸਕਦਾ ਹੈ ਕਿ ਇਹ :-
(a) ਪ੍ਰਬੰਧਕ ਸਿਸਟਮ ਪ੍ਰਸਥਿਤੀਕ ਮਾਹੌਲ ਦੇ ਅਨੁਸਾਰ।
(b) ਪ੍ਰਯੋਗਕ ਸਿੱਧ ਅਧਿਐਨ ਮੁਸ਼ਕਿਲ ਤਰੀਕਿਆਂ ਦੇ ਆਧਾਰ ਤੇ ਖਾਸ ਧਿਆਨ ਦਿੰਦਾ ਹੈ ਜਿਵੇਂ :- ਖੇਤਰ ਨਿਰੀਖਣ ਕਰਨਾ, ਖੇਤਰ ਤਜ਼ਰਬਾ ਅਤੇ ਸੰਸਥਾ ਵਾਂਗ ਗਰੁੱਪ।
(c) ਵੱਖ-ਵੱਖ ਵਿਸ਼ਿਆਂ ਦੀ ਜਾਣਕਾਰੀ ਨਾਲ ਵਿਕਾਸ ਹੋਇਆ।
(d) ਸਮਾਜਿਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਿਕ ਤੱਥਾਂ ਦੇ ਆਪਸੀ ਸਬੰਧਾਂ ਉੱਤੇ ਅਸਰ ਪਾਉਂਦਾ ਹੈ।

---

2. Fred W. Riggs holds that the term 'comparative' should be used only for empirical, nomothetic studies. He outlines three trends in the comparative study of Public Administration :

(i) From normative towards more empirical approaches : (ii) Shifts from ideographic (individualistic) towards Nomothetic (Universal); (iii) Shift from a predominantly non-ecological to an ecological basis for the study of public administration.

3. Guy Peters holds, "Comparative Public Administration is a specialised branch of Administration taken as a more general area of inquiry. The development of organisation and management theory at a general level can assist in our understanding of comparative public administraion, but we should not expect all the answers to come even from that fertile field, The public nature of administration and the need to understand the social, cultural and political seeking of organisations make the enterprise of comparative public administration somewhat special. The borrowings from more general managerial approaches must therefore be done quite carefully and with a proper concern for contextual and situational factors."

(e) ਲੋਕ ਪ੍ਰਬੰਧ ਉਚੇਚੇ ਤੌਰ ਤੇ ਬਹੁਪੱਖੀ ਸੰਸਥਾਵਾਂ ਦੇ ਸੁਭਾਵ ਉੱਤੇ ਜ਼ੋਰ ਦਿੰਦਾ ਹੈ ਅਤੇ ਵੱਖ-ਵੱਖ ਸਰਕਾਰੀ ਪੱਧਰਾਂ ਤੇ ਸੰਸਥਾਵਾਂ ਦੇ ਆਪਸੀ ਤਾਲਮੇਲ ਤੇ ਅਸਰ ਪਾਉਂਦਾ ਹੈ (ਸਥਾਨਕ, ਰਾਜ, ਕੇਂਦਰੀ)।

(f) ਇਸ ਨੇ ਲੋਕ ਪ੍ਰਬੰਧ ਦੇ ਘੇਰੇ ਨੂੰ ਵਡੇਰਾ, ਵਿਸ਼ਾਲ, ਡੂੰਘਾ ਤੇ ਲਾਭਦਾਇਕ ਬਣਾਇਆ ਹੈ।

**ਤੁਲਨਾਤਮਕ ਲੋਕ ਪ੍ਰਸ਼ਾਸਨ ਦਾ ਖੇਤਰ (Scope of Comparative Public Administration) :-** ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਤੁਲਨਾਤਮਕ ਲੋਕ ਪ੍ਰਸ਼ਾਸਨ ਵਿੱਚ ਸਰਕਾਰਾਂ ਅਤੇ ਜਨਤਕ ਸੰਗਠਨਾਂ ਨਾਲ ਸੰਬੰਧਤ ਕਈ ਕਿਸਮਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਤੁਲਨਾਤਮਕ ਲੋਕ ਪ੍ਰਸ਼ਾਸਨ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੋਕਤੰਤਰੀ ਅਤੇ ਸਮਾਜਵਾਦੀ ਢਾਂਚੇ ਵਿੱਚ ਪ੍ਰਚਲਤ ਪ੍ਰਸ਼ਾਸਕੀ ਪ੍ਰਕਿਰਿਆ ਦਾ ਤੁਲਨਾਤਮਕ ਅਧਿਐਨ ਕਰਦਾ ਹੈ। ਇਸ ਅਧਿਐਨ ਅਧੀਨ ਰਾਸ਼ਟਰੀ, ਖੇਤਰੀ ਜਾਂ ਸਥਾਨਕ ਪੱਧਰ ਦੀਆਂ ਸੰਸਥਾਵਾਂ ਦੇ ਸੰਗਠਨ ਅਤੇ ਕਾਰਜ ਸ਼ਾਮਲ ਹਨ। ਇਸੇ ਤਰ੍ਹਾਂ ਇਹ ਪ੍ਰਸ਼ਾਸਕੀ ਅਧਿਕਾਰੀਆਂ ਦੇ ਕਾਰਜਕਾਰੀ, ਵਿਧਾਨਿਕ ਅਤੇ ਨਿਆਂਇਕ ਕੰਮਾਂ ਦਾ ਵੀ ਅਧਿਐਨ ਕਰਦਾ ਹੈ।

ਪ੍ਰਸ਼ਾਸਨ ਉਤੇ ਕਈ ਪ੍ਰਕਾਰ ਦੇ ਕੰਟਰੋਲ ਜਿਵੇਂ ਕਿ ਸੰਸਦੀ ਕੰਟਰੋਲ, ਸਥਾਨਕ ਸਰਕਾਰਾਂ ਉਤੇ ਰਾਜ ਦਾ ਕੰਟਰੋਲ, ਲੋਕ ਕਾਰਪੋਰੇਸ਼ਨਾਂ ਉਤੇ ਸਰਕਾਰ ਦਾ ਕੰਟਰੋਲ, ਵਿੱਤੀ ਅਤੇ ਨਿਆਂਇਕ ਕੰਟਰੋਲ ਆਦਿ ਦੀ ਤੁਲਨਾ ਵੀ ਇਸ ਪ੍ਰਸ਼ਾਸਨ ਦੇ ਘੇਰੇ ਵਿੱਚ ਆਉਂਦੇ ਹਨ।

ਕਰਮਚਾਰੀ ਵਰਗ ਪ੍ਰਸ਼ਾਸਨ ਅਤੇ ਇਸ ਦੀਆਂ ਸਮੱਸਿਆਵਾਂ ਜਿਵੇਂ ਕਿ ਭਰਤੀ, ਦਰਜੀਕਰਨ (Grading) ਤਰੱਕੀ, ਸੇਵਾ ਮੁਕਤੀ (Retirement), ਸਿਖਲਾਈ ਆਦਿ ਦਾ ਅਧਿਐਨ ਵੀ ਤੁਲਨਾਤਮਕ ਦੁਆਰਾ ਕੀਤਾ ਜਾਂਦਾ ਹੈ।

ਕਾਰਜਸ਼ੀਲ ਪ੍ਰਸ਼ਾਸਨ ਜਿਵੇਂ ਕਿ ਸਿੱਖਿਆ ਪ੍ਰਬੰਧ, ਸਮਾਜਿਕ ਪ੍ਰਬੰਧ, ਆਰਥਿਕ ਪ੍ਰਬੰਧ ਆਦਿ ਦਾ ਅਧਿਐਨ ਵੀ ਤੁਲਨਾਤਮਕ ਲੋਕ ਪ੍ਰਸ਼ਾਸਨ ਦੁਆਰਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਤੁਲਨਾਤਮਕ ਪ੍ਰਸ਼ਾਸਨ ਵਿਦੇਸ਼ੀ ਪ੍ਰਸ਼ਾਸਨ, ਵੱਖ-ਵੱਖ ਕਿਸਮਾਂ ਦੀਆਂ ਅੰਤਰ-ਰਾਸ਼ਟਰੀ ਏਜੰਸੀਆਂ, ਤੁਲਨਾਤਮਕ ਸਥਾਨਕ ਪ੍ਰਸ਼ਾਸਨ ਅਤੇ ਤੁਲਨਾਤਮਕ ਮਾਨਵੀ ਵਿਹਾਰ ਆਦਿ ਦਾ ਅਧਿਐਨ ਵੀ ਕਰਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਤੁਲਨਾਤਮਕ ਲੋਕ ਪ੍ਰਸ਼ਾਸਨ ਦਾ ਖੇਤਰ ਕਾਫ਼ੀ ਵਿਸ਼ਾਲ ਹੈ।

ਇਸ ਸੰਬੰਧੀ ਕਈ ਤਰ੍ਹਾਂ ਦੇ ਤੱਥ ਸੀ ਜਿਨ੍ਹਾਂ ਨੇ ਅਮਰੀਕੀ ਵਿਦਵਾਨਾਂ ਨੂੰ ਤੁਲਨਾਤਮਕ ਲੋਕ ਪ੍ਰਬੰਧ ਵੱਲ ਆਕ੍ਰਸ਼ਿਤ ਕੀਤਾ। ਜਿਨ੍ਹਾਂ ਵਿਚੋਂ ਕੁਝ ਤੱਥ ਇਹ ਸਨ :-

1. ਵਿਗਿਆਨਕ, ਸਿਧਾਂਤਕ ਤੇ ਤਕਨੀਕੀ ਵਿਕਾਸ ਨੇ ਪ੍ਰਬੰਧਕ ਦੀ ਬਣਤਰ ਨੂੰ ਪ੍ਰਭਾਵਿਤ ਕੀਤਾ ਤੇ ਤੁਲਨਾਤਮਕ ਪ੍ਰਬੰਧ ਵਿੱਚ ਦਿਲਚਸਪੀ ਪੈਦਾ ਕੀਤੀ।
2. ਦੂਜੇ ਮਹਾਂ ਯੁੱਧ ਤੋਂ ਬਾਅਦ ਸੁਤੰਤਰ ਦੇਸ਼ਾਂ ਨੇ ਕੋਸ਼ਿਸ਼ ਕੀਤੀ ਕਿ ਉਹ ਤੇਜ਼ੀ ਨਾਲ ਸਮਾਜਿਕ ਤੇ ਆਰਥਿਕ ਵਿਕਾਸ ਦੀ ਪ੍ਰਾਪਤੀ ਕਰਨ ਪਰ ਇਸ ਤਰ੍ਹਾਂ ਲੋਕ ਪ੍ਰਬੰਧ ਦੇ ਸਾਹਮਣੇ ਕਈ ਔਕੜਾਂ ਸਨ ਜਿਨ੍ਹਾਂ ਕਰਕੇ ਲੋਕ ਪ੍ਰਬੰਧ ਦੇ ਖੇਤਰ ਵਿੱਚ ਵਿਗਿਆਨਕ ਤੇ ਪ੍ਰਯੋਗ ਸਿੱਧ ਅਧਿਐਨ ਕੀਤੇ ਗਏ।
3. ਸੰਯੁਕਤ ਰਾਜ ਅਮਰੀਕਾ ਨੇ ਨਵੇਂ ਸੁਤੰਤਰ ਹੋਏ ਦੇਸ਼ਾਂ ਦੇ ਰਾਸ਼ਟਰੀ ਵਿਕਾਸ ਲਈ ਜੋ ਸਹਾਇਕ ਪ੍ਰੋਗਰਾਮ ਸ਼ੁਰੂ ਕੀਤਾ ਜਿਸ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਜਿਹੜੇ ਰਾਜ ਇਹ ਸਹਾਇਤਾ ਹਾਸਲ ਕਰ ਰਹੇ ਹਨ, ਉਨ੍ਹਾਂ ਨੂੰ ਆਧੁਨਿਕ ਵਿਅਕਤੀਗਤ ਬਜਟ ਦੇ ਨਿਰਮਾਣ ਲਈ ਵੱਖ-ਵੱਖ ਏਜੰਸੀਆਂ ਦੀ ਸਹਾਇਤਾ ਲੈਣੀ ਪਵੇਗੀ। ਪਰ ਜਦੋਂ ਇਨ੍ਹਾਂ ਦੇਸ਼ਾਂ ਨੇ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਤਾਂ ਅਕਾਦਮਿਕ ਆਲੋਚਕਾਂ ਨੇ ਕਿਹਾ, ''ਕਿ ਇਹ ਅਮਰੀਕਾ ਵਿਕਾਸ ਦੇ ਜੋ ਪੱਧਰ ਸਨ, ਉਹ ਸਭਿਆਚਾਰ ਨਾਲ ਜੁੜੇ ਹੋਏ ਸੀ।''
4. ਤੁਲਨਾਤਮਕ ਸਮਾਜ ਸ਼ਾਸਤਰ ਮਾਨਵ ਵਿਗਿਆਨ, ਰਾਜਨੀਤੀ ਅਤੇ ਹੋਰ ਖੇਤਰਾਂ ਵਿੱਚ

ਹੋਏ ਨਵੇਂ ਬੌਧਿਕ ਪਰਿਵਰਤਨਾਂ ਨੇ ਲੋਕ ਪ੍ਰਬੰਧ ਦੇ ਵਿਦਿਆਰਥੀਆਂ ਨੂੰ ਇਹੋ ਜਿਹੇ ਸਿਧਾਂਤਕ ਢਾਂਚੇ ਵਿਕਸਤ ਕਰਨ ਲਈ ਪ੍ਰੇਰਿਤ ਕੀਤਾ ਹੈ ਜਿਨ੍ਹਾਂ ਦੀ ਅੰਤਰਰਾਜੀ ਅਤੇ ਅੰਤਰ-ਸਭਿਆਚਾਰਕ ਮਹੱਤਤਾ ਸੀ।

5. ਸਮਾਜ ਸ਼ਾਸਤਰਾਂ ਵਿੱਚ ਹੋਈ ਵਿਵਹਾਰਵਾਦੀ ਲਹਿਰ ਨੇ ਲੋਕ ਪ੍ਰਬੰਧ ਦੇ ਵਿਦਿਆਰਥੀਆਂ ਨੂੰ ਪਰੰਪਰਾਗਤ ਕਾਨੂੰਨੀ ਰਸਮੀ ਦ੍ਰਿਸ਼ਟੀਕੋਣ ਛੱਡ ਕੇ ਮਨੁੱਖ ਦੇ ਪ੍ਰਸ਼ਾਸਕੀ ਸੰਗਠਨ ਵਿੱਚ ਅਸਲ ਵਿਵਹਾਰ ਤੇ ਧਿਆਨ ਦੇਣ ਲਈ ਪ੍ਰੇਰਿਤ ਕੀਤਾ।

ਐਲਫ਼ਰੈਡ ਡਾਇਮੰਟ (Alfred Diamant) ਦਾ ਵਿਚਾਰ ਹੈ ਕਿ, ''ਲੋਕ-ਪ੍ਰਬੰਧ ਦੇ ਵਿਦਿਆਰਥੀਆਂ ਨੂੰ ਤੁਲਨਾਤਮਕ ਰਾਜਨੀਤੀ ਵਿੱਚ ਕਾਫ਼ੀ ਲੋੜੀਂਦੀ ਸਮੱਗਰੀ ਮਿਲ ਸਕਦੀ ਹੈ।''

ਫੈਰਲ ਰੈਡੀ ਅਤੇ ਸਿਬਲ ਐਲ ਸਟੋਕਸ (Ferrel Heady and Sybil L. Stodes) ਦੇ ਅਨੁਸਾਰ, ''ਦੋਹਾਂ ਦੇ ਸਾਂਝੇ ਲੱਛਣ ਇਸ ਪ੍ਰਕਾਰ ਹਨ :-''

1. ਭਾਗ ਲੈਣ ਵਾਲਿਆਂ ਦਾ ਤੁਲਨਾਤਮਕ ਅਧਿਐਨ
2. ਵਿਵਹਾਰਵਾਦ ਨਾਲ ਸਾਧਾਰਣ ਯਕੀਨੀ
3. ਤਕਨੀਕਾਂ ਅਤੇ ਉਦੇਸ਼ਾਂ ਵਿੱਚ ਅੰਤਰ ਵਿਸ਼ੇ ਹੋਣ ਦੀ ਕੋਸ਼ਿਸ਼
4. ਇਹੋ ਜਿਹੇ ਫਾਰਮੂਲੇ, ਸਿਧਾਂਤਾਂ ਬਣਾਉਣ ਦੀ ਕੋਸ਼ਿਸ਼ ਕਰਨਾ ਜਿਹੜੇ ਸਰਵ-ਵਿਆਪਕ ਹਨ ਅਤੇ ਦੋਹਾਂ ਵਿੱਚ ਕੜੀ ਦਾ ਕੰਮ ਕਰਦੇ ਹਨ ਅਤੇ ਸਾਰੇ ਸਭਿਆਚਾਰਾਂ ਨੂੰ ਆਪਸ ਵਿੱਚ ਜੋੜਦੇ ਹਨ।

**ਤੁਲਨਾਤਮਕ ਲੋਕ ਪ੍ਰਸ਼ਾਸਨ ਦੀ ਮਹੱਤਤਾ (Significance of Comparative Public Administration) :**

ਅਮਰੀਕਾ ਵਿੱਚ ਤੁਲਨਾਤਮਕ ਪ੍ਰਸ਼ਾਸਕੀ ਸਮੂਹ ਨੇ ਤੁਲਨਾਤਮਕ ਲੋਕ ਪ੍ਰਬੰਧ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਨੇ ਇੱਕ ਸੌ ਤੋਂ ਜ਼ਿਆਦਾ ਖੋਜ ਪੇਪਰ ਤਿਆਰ ਕੀਤੇ ਹਨ ਜਿਹੜੇ ਤੁਲਨਾਤਮਕ ਪ੍ਰਸ਼ਾਸਨ ਦੇ ਵੱਖ-ਵੱਖ ਰੂਪਾਂ ਤੇ ਆਧਾਰਿਤ ਹਨ। ਇਹ ਗਰੁੱਪ ਤੁਲਨਾਤਮਕ ਲੋਕ ਪ੍ਰਸ਼ਾਸਨ ਦੇ ਅਧਿਐਨ ਨੂੰ ਪ੍ਰਭਾਵਿਤ ਕਰਨ ਵਾਲਿਆਂ ਵਿੱਚ ਦੂਸਰਿਆਂ ਤੋਂ ਇਲਾਵਾ ਸੰਗਠਨ ਸਿਧਾਂਤ ਹੈ ਜਿਸ ਨੂੰ ਪ੍ਰਤੀ ਪ੍ਰਸੰਗਿਕ ਦ੍ਰਿਸ਼ਟੀਕੋਣ (Contingency Approach) ਕਿਹਾ ਜਾਂਦਾ ਹੈ। ''ਇਹ ਦ੍ਰਿਸ਼ਟੀਕੋਣ ਸੰਗਠਨ ਦੇ ਵਾਤਾਵਰਨ ਦੀਆਂ ਵਿਸ਼ੇਸ਼ਤਾਵਾਂ ਅਤੇ ਸੰਗਠਨ ਦੇ ਅੰਦਰ ਉਤਪਾਦਨ ਪ੍ਰਣਾਲੀ ਨੂੰ ਬਹੁਤ ਜ਼ਿਆਦਾ ਉਚਿਤ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਇਸ ਸਿਧਾਂਤ ਦਾ ਤਰਕ ਇਹ ਹੋਵੇਗਾ ਕਿ ਜੋ ਸੰਗਠਨ ਵੱਖ-ਵੱਖ ਕੰਮ ਕਰਦੇ ਹਨ ਅਤੇ ਵੱਖ-ਵੱਖ ਵਾਤਾਵਰਨ ਵਿੱਚ ਕ੍ਰਿਆਸ਼ੀਲ ਹਨ, ਉਨ੍ਹਾਂ ਦੀ ਰੂਪ-ਰੇਖਾ ਵੀ ਵੱਖ-ਵੱਖ ਤਿਆਰ ਕੀਤੀ ਜਾਣੀ ਚਾਹੀਦੀ ਹੈ। ਤੁਲਨਾਤਮਕ ਸ਼ਾਸਨ ਦੇ ਸੰਗਠਨ ਦੇ ਪ੍ਰਤੀ ਪ੍ਰਸੰਗਿਕ ਉਪਗਮਨ ਨੂੰ ਲਾਗੂ ਕੀਤੇ ਜਾਣ ਦੀ ਬਹੁਤ ਸੰਭਾਵਨਾ ਹੈ। ਸੰਗਠਨਾਤਮਕ ਢਾਂਚੇ ਅਤੇ ਅਦਾਕਾਰੀ ਵਿੱਚ ਕਿਸੇ ਵੱਡੀ ਵਿਭਿੰਨਤਾ ਤੋਂ ਉਨ੍ਹਾਂ ਤੱਤਾਂ ਦੇ ਮਾਧਿਅਮ ਤੋਂ ਸਪਸ਼ਟ ਕੀਤਾ ਜਾ ਸਕਦਾ ਹੈ ਜੋ ਪ੍ਰਸੰਗਿਕ ਉਪਗਮਨ ਦਾ ਮੂਲ ਆਧਾਰ ਹਨ।''

ਦੂਸਰਾ, ਲੋਕ ਸੰਗਠਨ ਦੇ ਅਧਿਐਨ ਵਿੱਚ ਕਈ ਮਹੱਤਵਪੂਰਣ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਨਾਲ ਤੁਲਨਾਤਮਕ ਲੋਕ ਪ੍ਰਸ਼ਾਸਨ ਨੂੰ ਜ਼ਿਆਦਾ ਸਮਝਣ ਵਿੱਚ ਸਹਾਇਤਾ ਮਿਲਦੀ ਹੈ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਹੈ-ਪਰਿਪਾਲਨ ਦੇ ਅਧਿਐਨ ਉੱਤੇ ਜ਼ਿਆਦਾ ਜ਼ੋਰ ਅਤੇ ਜ਼ਿਆਦਾ ਪ੍ਰਸ਼ਾਸਨ ਦੀ ਬਹੁ-ਸੰਗਠਨਾਤਮਕ ਪ੍ਰਕ੍ਰਿਤੀ ਵਿੱਚ ਰੁਚੀ ਦਾ ਧਿਆਨ ਰੱਖਣਾ ਹੈ।

ਗਾਇ ਪੀਟਰਜ਼ (B. Guy Peters) ਦਾ ਕਥਨ ਹੈ, ''ਪਰਿਪਾਲਨ ਦ੍ਰਿਸ਼ਟੀਕੋਣ ਨੇ ਉਨ੍ਹਾਂ ਪਰਿਵਰਤਨਾਂ ਤੇ ਜ਼ਿਆਦਾ ਜ਼ੋਰ ਦਿੱਤਾ ਹੈ ਜੋ ਕਿਸੇ ਕਾਨੂੰਨ ਵਿੱਚ ਹੋ ਜਾਂਦੇ ਹਨ ਅਤੇ ਜਦੋਂ ਉਸ ਨੂੰ ਮਸੌਦੇ ਤੋਂ ਕ੍ਰਿਆਸ਼ੀਲ ਕੰਮ ਦਾ ਰੂਪ ਦਿੱਤਾ ਜਾਂਦਾ ਹੈ। ਇਸ ਦ੍ਰਿਸ਼ਟੀਕੋਣ (Perspective) ਵਿੱਚ ਔਪਚਾਰਿਕ ਪ੍ਰਸ਼ਾਸਕੀ ਵਿਵਹਾਰਾਂ ਦੀ ਸਮਝ ਅਤੇ ਸਰਵਜਨਿਕ ਖੇਤਰ ਵਿੱਚ ਪ੍ਰਸ਼ਾਸਨ ਦੀ ਰਾਜਨੀਤਕ ਸਮਰਥਾਵਾਂ ਦੀ ਸਮਝ ਦਾ ਸੁਮੇਲ ਹੁੰਦਾ ਹੈ।''

ਪਰਿਪਾਲਨਾ ਪਰਿਦ੍ਰਿਸ਼ (Perspective) ਲੋਕ ਪ੍ਰਸ਼ਾਸਨ ਦੀ ਸੰਗਠਨਾਤਮਕ ਪ੍ਰਕ੍ਰਿਤੀ ਉੱਤੇ ਵੀ

ਚਾਨਣ ਪਾਉਂਦਾ ਹੈ। ਇਸ ਗੱਲ ਦਾ ਡਰ ਹੁੰਦਾ ਹੈ ਕਿ ਲੋਕ ਪ੍ਰਸ਼ਾਸਨ ਨੂੰ ਇੱਕ 'ਇਕਾਂਤ ਸੰਗਠਨ' ਦੇ ਪਰਿਦ੍ਰਿਸ਼ ਵਿੱਚ ਦੇਖਿਆ ਜਾਵੇ। ਆਮ ਤੌਰ 'ਤੇ ਇਹ ਕਲਪਨਾ ਕੀਤੀ ਜਾਂਦੀ ਹੈ ਕਿ ਇੱਕ ਪ੍ਰੋਗਰਾਮ ਦਾ ਸੰਚਾਲਨ ਇੱਕ ਹੀ ਸੰਗਠਨ ਕਰਦਾ ਹੈ ਜੋ ਉਸ ਦੀ ਸਫ਼ਲਤਾ ਅਤੇ ਅਸਫ਼ਲਤਾ ਦੇ ਲਈ ਉਤਰਦਾਈ ਹੁੰਦਾ ਹੈ।

ਅਸਲ ਵਿੱਚ ਕਿਸੇ ਪ੍ਰੋਗਰਾਮ ਨੂੰ ਲਾਗੂ ਕਰਨਾ ਅਤੇ ਉਸ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਸੰਬੰਧ ਕਈ ਸੰਗਠਨਾਂ ਅਤੇ ਉਨ੍ਹਾਂ ਦੀਆਂ ਪਰਸਪਰ ਕ੍ਰਿਆਵਾਂ ਨਾਲ ਹੁੰਦਾ ਹੈ। ਇਨ੍ਹਾਂ ਵਿੱਚ ਕੁਝ ਕੇਂਦਰੀ ਸਟਾਫ਼ ਏਜੰਸੀਆਂ (agencies) ਹੁੰਦੀਆਂ ਹਨ ਜਿਨ੍ਹਾਂ ਦਾ ਸੰਬੰਧ ਕਰਮਚਾਰੀ ਵਰਗ (personnel) ਅਤੇ ਵਿਧਾਨ ਮੰਡਲ ਦੀ ਆਗਿਆ ਪ੍ਰਾਪਤ ਕਰਨ ਨਾਲ ਹੁੰਦਾ ਹੈ।

ਅੰਤ ਵਿੱਚ ਪੀਟਰਜ਼ (Peters) ਦਾ ਇਸ ਸੰਬੰਧ ਵਿੱਚ ਕਹਿਣਾ ਹੈ, ''ਜੇਕਰ ਪ੍ਰਸ਼ਾਸਨ ਨੂੰ ਜਾਂਚ ਦਾ ਇੱਕ ਖੇਤਰ ਸਮਝਿਆ ਜਾਵੇ ਤਾਂ ਤੁਲਨਾਤਮਕ ਪ੍ਰਸ਼ਾਸਨ ਇਸ ਦੀ ਵਿਸ਼ਿਸ਼ਟ ਸ਼ਾਖਾ ਹੈ।''

## ਭਾਰਤ ਵਿਚ ਸਮਾਜਿਕ -ਆਰਥਿਕ ਯੋਜਨਾਬੰਦੀ ਦੇ ਉਦੇਸ਼
## (Objectives of Socio-Economic Planning In India)

ਆਜ਼ਾਦੀ ਤੋਂ ਪਹਿਲਾ ਭਾਰਤ ਦਾ ਆਰਥਕ ਵਿਕਾਸ ਖੜੋਤ ਦੀ ਅਵਸਥਾ (stagnant, economy) ਵਿਚ ਸੀ। ਰਾਜਨੀਤਿਕ ਆਜ਼ਾਦੀ ਦੇ ਨਾਲ-ਨਾਲ ਭਾਰਤੀ ਲੀਡਰਾਂ ਨੇ ਆਰਥਕ ਆਜ਼ਾਦੀ ਯੋਜਨਾ ਕਮੇਟੀ (National Planning Commitee) ਦੀ ਸਥਾਪਨਾ ਕੀਤੀ। ਕਮੇਟੀ ਦੇ ਮੁੱਖ ਸੁਝਾਵਾਂ ਵਿਚੋਂ ਇਕ ਸੁਝਾਅ ਇਹ ਸੀ ਕਿ ਆਰਥਕ ਵਿਕਾਸ ਦੀ ਦਰ ਤੇਜ਼ ਕਰਨ ਵਾਸਤੇ ਨਾ-ਦਖਲ ਅੰਦਾਜ਼ੀ ਦੀ ਨੀਤੀ (Lassez faire) ਦੀ ਥਾਂ ਸਰਕਾਰੀ ਦਖਲ ਅੰਦਾਜ਼ੀ ਦੀ ਨੀਤੀ ਅਪਨਾਉਣੀ ਪਵੇਗੀ। ਇਸ ਸਰਕਾਰੀ ਦਖਲ ਅੰਦਾਜ਼ੀ (State intervention) ਵਿਚ ਸਰਵਜਨਕ ਖੇਤਰ ਦਾ ਅੱਗੇ ਆਉਣਾ ਅਤਿ ਆਵਸ਼ਕ ਮਹਿਸੂਸ ਹੋਣ ਲੱਗਾ।

ਕੌਮੀ ਯੋਜਨਾ ਤੋਂ ਇਲਾਵਾ ਸਰ ਜੇ. ਆਰ. ਡੀ. ਟਾਟਾ ਅਤੇ ਹੋਰ ਉਦਯੋਗਪਤੀਆਂ ਨੇ ਆਰਥਕ ਵਿਕਾਸ ਲਈ ਯੋਜਨਾ ਉਪਰ ਜ਼ੋਰ ਦਿੱਤਾ। ਇਸ ਨੂੰ ਬੰਬਈ ਯੋਜਨਾ (Bombay Plan) ਦਾ ਨਾਮ ਦਿੱਤਾ ਗਿਆ। ਇਹੀ ਸਮਾਂ ਸੀ ਜਦੋਂ ਐਮ. ਐਨ. ਰਾਏ ਨੇ 'ਪੀਪਲਜ਼ ਪਲਾਨ' ਦਾ ਖਰੜਾ ਤਿਆਰ ਕੀਤਾ। ਗਾਂਧੀ-ਵਾਦੀ ਸਿੱਧਾਂਤਾਂ ਉਪਰ ਆਧਾਰਤ ਇਕ 'ਗਾਂਧੀਅਨ-ਪਲਾਨ' ਸ਼੍ਰੀ ਮਨ ਨਰਾਈਨ ਦੁਆਰਾ ਕੀਤੀ ਗਈ। ਇਨ੍ਹਾਂ ਯੋਜਨਾਵਾਂ ਵਿਚ ਵਿਚਾਰਧਾਰਾ ਭਾਵੇਂ ਵੱਖ ਵੱਖ ਸੀ, ਪਰ ਇਕ ਗੱਲ ਜਰੂਰ ਸਾਂਝੀ ਸੀ ਕਿ ਜੇਕਰ ਅਜ਼ਾਦੀ ਤੋਂ ਬਾਅਦ ਵਾਂਗਡੋਰ ਵਿਚ ਆਪਣੇ ਹੱਥ ਆਉਂਦੀ ਹੈ ਤਾਂ ਆਰਥਿਕ ਵਿਕਾਸ ਦੀ ਦਰ ਤੇਜ਼ ਕਰਨ ਲਈ ਅਤੇ ਆਰਥਕਤਾ ਨੂੰ ਸਮਾਜਵਾਦੀ ਲੀਹਾਂ ਉਪਰ ਚਲਾਉਣ ਲਈ ਜ਼ਰੂਰੀ ਹੈ ਕਿ ਸਰਕਾਰ ਸਰਵਜਨਕ ਖੇਤਰ (Public sector) ਨੂੰ ਅੱਗੇ ਆਉਣ ਦੇਵੇ। ਹੁਣ ਤੱਕ ਜਿੰਨਾਂ ਵੀ ਵਿਕਾਸ ਹੋ ਚੁੱਕਿਆ ਸੀ, ਨਿੱਜੀ ਖੇਤਰ ਦੁਆਰਾ ਹੀ ਹੋ ਰਿਹਾ ਸੀ, ਪਰ ਨਿੱਜੀ ਖੇਤਰ ਦੇ ਕੰਮ ਕਰਨ ਦੇ ਆਪਣੇ ਹੀ ਕੁਝ ਆਲੋਚਨਾਤਮਕ ਢੰਗ ਤਰੀਕੇ ਹਨ ਜਿਨ੍ਹਾ ਤਹਿਤ ਆਰਥਕ ਵਿਕਾਸ ਦੀ ਦਰ ਭਾਵੇਂ ਤੇਜ਼ ਹੋ ਜਾਵੇ ਪਰ ਉਹ ਯੋਜਨਾ ਰਹਿਤ ਹੋਣ ਕਰਕੇ ਅਤੇ ਨਿੱਜੀ ਲਾਭ (Private Profit) ਦੇ ਪੱਖ ਤੋਂ ਜਿਆਦਾ ਪ੍ਰਭਾਵਿਤ ਹੋਣ ਸਮਾਜ ਵਿਚ ਪੈਦਾ ਹੋਈਆਂ ਅਸਮਾਨਤਾਵਾਂ ਤੇ ਹੋਰ ਸਮੱਸਿਆਵਾਂ (ਬੇਰੁਜ਼ਗਾਰੀ ਕੀਮਤਾਂ ਦਾ ਵਾਧਾ, ਗਰੀਬੀ ਅਨਪੜ੍ਹਤਾ ਆਦਿ) ਦਾ ਹੱਲ ਨਹੀਂ ਕਰ ਸਕਦਾ ਸਗੋਂ ਜਿੰਨੀ ਦੇਰ ਤਕ ਆਰਕਕ ਵਿਕਾਸ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਦੇ ਅਧੀਨ ਰਹੇਗੀ, ਪੂੰਜੀਵਾਦੀ ਸਿਸਟਮ ਚਲਦਾ ਰਹੇਗਾ। ਅਤੇ ਇਸ ਤੋਂ ਉਤਪੰਨ ਹੋਣ ਵਾਲੀਆਂ ਉਪਰ ਦਸੀਆਂ ਸਮੱਸਿਆਵਾਂ ਵੀ ਉਵੇਂ ਹੀ ਚਲਦੀਆਂ ਰਹਿਣਗੀਆਂ ।ਅਤੇ ਇਸ ਤੋਂ ਉਤਪੰਨ ਹੋਣ ਵਾਲੀਆਂ ਉਪਰ ਦਸੀਆਂ ਸਮੱਸਿਆਵਾਂ ਵੀ ਉਵੇਂ ਹੀ ਚਲਦੀਆਂ ਰਹਿਣਗੀਆਂ।

ਜੇਕਰ ਅਸੀਂ ਹੇਠਾਂ ਦਿੱਤੇ ਨੁਕਤੀਆਂ ਉਪਰ ਨਜ਼ਰ ਮਾਰੀਏ ਤਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਆਰਥਕ ਵਿਕਾਸ ਯੋਜਨਾ ਤਹਿਤ ਹੀ ਹੋਵੇ।

### ਯੋਜਨਾਵਾਂ ਦੀ ਜ਼ਰੂਰਤ (Need for Planning)

ਆਜ਼ਾਦੀ ਤੋਂ ਤਰੁੰਤ ਬਾਅਦ ਭਾਰਤ ਸਰਕਾਰ ਨੇ 1950 ਵਿਚ ਇਕ ਯੋਜਨਾ ਕਮਿਸ਼ਨ (Planning Commission) ਦੀ ਸਥਾਪਨਾ ਕੀਤੀ। ਇਸ ਨੇ ਦੇਸ਼ ਵਿਚ ਪ੍ਰਾਪਤ ਸਾਧਨਾਂ ਅਤੇ ਲੋਕਾਂ ਦੀਆਂ ਜ਼ਰੂਰਤਾਂ ਦਾ ਜਾਇਜ਼ਾ ਲਿਆ ਤਾਂ ਕਿ ਲੋੜਾਂ ਅਨੁਸਾਰ ਹੀ ਕੋਈ ਯੋਜਨਾ ਬਣਾਈ ਜਾ ਸਕੇ। 1950-1951 ਵਿਚ ਪਹਿਲੀ ਪੰਜ ਸਾਲਾ ਯੋਜਨਾ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਹਰ ਪੰਜ ਸਾਲਾਂ ਲਈ ਯੋਜਨਾਵਾਂ ਬਣਦੀਆਂ ਰਹੀਆਂ ਹਨ। ਕੁਝ ਯੋਜਨਾਵਾਂ ਦੇ ਨਿਰੰਤਰ ਲਾਗੂ ਹੋਣ ਵਿਚ ਭਾਵੇਂ ਦੇਸ਼ ਦੀਆ ਅੰਦਰੂਨੀ ਹਾਲਤਾਂ ਕਾਰਨ ਵਿਘਨ ਪਿਆ। ਪਰ ਫਿਰ 1950-51 ਤੱਕ ਅਸੀਂ ਸੱਤਵੀਂ ਯੋਜਨਾ ਪੂਰੀ ਕਰਨ ਤੋਂ ਬਾਦ ਅੱਠਵੀਂ ਯੋਜਨਾ ਦਾ ਯੋਜਨਾ ਕਾਲ 1992-97 ਤਕ ਸੀ। ਹੁਣ 1997 ਤੋਂ 2002 ਤੱਥ ਦੀ ਨੌਵੀ ਪੰਜ ਸਾਲਾ ਯੋਜਨਾ ਚਲ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਆਰਥਿਕ ਵਿਕਾਸ ਯੋਜਨਾ ਤੋਂ ਬਿਨਾਂ ਸੰਭਵ ਨਹੀਂ? ਤਾਂ ਇਸ ਦਾ ਜੁਆਬ ਹੈ ਕਿ ਕਈ ਦੇਸ਼ ਇਸ ਵੇਲੇ ਇਹੋ ਜਿਹਾ ਨਹੀਂ ਜਿਥੇ ਯੋਜਨਾ ਰਹਿਤ ਵਿਕਾਸ

ਹੋ ਰਿਹਾ ਹੋਵੇ। ਇਥੋਂ ਤੱਕ ਕਿ ਪੂੰਜੀਵਾਦੀ ਦੇਸ਼ਾਂ ਵਿਚ ਯੋਜਨਾਬਧ ਵਿਕਾਸ ਹੋ ਰਿਹਾ ਹੈ। ਇਸ ਦੇ ਕਾਰਨ ਹੇਠ ਲਿਖੇ ਹਨ:

**1. ਪੂੰਜੀ ਨਿਰਮਾਣ (Capital Formation)**

ਪੂੰਜੀ ਨਿਰਮਾਣ ਦੀ ਦਰ ਤੇਜ ਕਰਨ ਲਈ ਮੁੱਖ ਤੌਰ ਤੇ ਜ਼ਰੂਰੀ ਹੈ ਕਿ ਘਰੇਲੂ ਬਚਤਾਂ ਦੀ ਦਰ ਵਧਾਈ ਜਾਵੇ। ਭਾਰਤ ਇਕ ਵਿਕਾਸਸ਼ੀਲ ਦੇਸ਼ ਹੈ। ਜ਼ਿਆਦਾਤਰ ਲੋਕ ਕਿਸਾਨ ਅਤੇ ਮਜ਼ਦੂਰ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਉਨ੍ਹਾਂ ਦੀ ਆਮਦਨ ਥੋੜ੍ਹੀ ਹੈ। ਇਸ ਲਈ ਸੀਮਤਾਂ ਉਪਭੋਗਤਾ ਦੀ ਦਰ ਜਿਆ਼ਦਾ ਅਤੇ ਸੀਮਾਂਤ ਬਚਤ ਦੀ ਦਰ ਘੱਟ ਹੈ। ਉਧਰ ਅਮੀਰ ਜਮਾਤ ਦਾ ਨੰਬਰ ਬਹੁਤ ਘੱਟ ਹੈ। ਜਿਸ ਦੀ ਬਚਤ ਕਰਨ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ। ਪਰ ਪੂਰੇ ਦੇਸ਼ ਦੇ ਪੂੰਜੀ ਨਿਰਮਾਣ ਵਾਸਤੇ ਇਹ ਰਕਮ ਮਾਮੂਲੀ ਹੈ। ਇਵੇਂ ਹੀ ਜੇਕਰ ਮੱਧ ਵਰਗ ਨੂੰ ਲਈਏ ਤਾਂ ਉਹ ਕਿਸੇ ਖਾਸ ਮਕਸਦ ਲਈ ਹੀ ਬਚਤ ਕਰਦੇ ਹਨ ਅਤੇ ਜ਼ਰੂਰਤ ਪੈਣ ਤੇ ਉਹ ਬਚਤਾਂ ਨੂੰ ਉਸ ਕੰਮ ਲਈ ਖਰਚ ਵੀ ਕਰ ਲੈਂਦੇ ਹਨ। ਸਿਰਫ ਵਪਾਰਕ ਤਬਕਾ (Business Community) ਹੀ ਬਚਤਾਂ ਕਰਦਾ ਹੈ ਜਿਹੜੀਆਂ ਉਤਪਾਦਕ ਕੰਮਾਂ ਵਾਸਤੇ ਲਗਾਈਆਂ ਜਾ ਸਕਦੀਆਂ ਹਨ।

ਇਵੇਂ ਹੀ ਅਸੀਂ ਮਹਿਸੂਸ ਕਰਦੇ ਹਾਂ ਕਿ ਦੇਸ਼ ਦੀਆਂ ਘਰੇਲੂ ਬਚਤਾਂ ਘੱਟ ਹਨ। ਇਹ ਘੱਟ ਆਮਦਨ ਕਰਦੇ ਹਨ। ਇਸ ਨਾਲ ਪੂੰਜੀ ਨਿਰਮਾਣ ਦੀ ਦਰ ਵੀ ਘੱਟ ਹੈ। ਇਸ ਬਚਤ ਨਿਵੇਸ਼ ਪੂੰਜੀ ਨਿਰਮਾਣ ਦੇ ਕੁਚੱਕਰ ਵਿਚੋ ਅਰਥ ਵਿਵਸਥਾ ਨੂੰ ਕੱਢਣ ਲਈ ਜ਼ਰੂਰੀ ਹੈ ਕਿ ਕਿਸੇ ਪ੍ਰਕਾਰ ਦੀ ਯੋਜਨਾ ਬਣਾਈ ਜਾਵੇ ਜਿਸ ਨਾਲ ਆਮ ਲੋਕਾਂ ਦੀ ਆਮਦਨ ਵਿਚ ਵਾਧਾ ਹੋਵੇ। ਇਹ ਆਮਦਨੀ ਵਾਧੂ ਬਚਤਾਂ ਦੀ ਦਰ ਵਧਾ ਕੇ ਨਿਵੇਸ਼ ਯਕੀਨੀ ਬਣਾਏ ਸਰਕਾਰ ਵਿੱਤੀ ਨੀਤੀ (Fiscal Policy) ਦੁਆਰਾ ਜਾਂ ਹੋਰ ਕਈ ਪ੍ਰਕਾਰ ਦੇ ਕਦਮ ਲੈ ਸਕਦੀ ਹੈ ਜਿਹੜੇ ਬਚਤਾਂ ਨੂੰ ਉਤਸ਼ਾਹਿਤ ਕਰਨ। ਅੰਦਰਨੀ ਬਚਤਾਂ ਘੱਟ ਹੋਣ ਕਾਰਨ ਕਈ ਵਾਰੀ ਵਿਦੇਸ਼ੀ ਪੂੰਜੀ ਦੀ ਸਹਾਇਤਾ ਲੈ ਲੈਣ ਦਾ ਸੁਝਾ ਦਿੱਤਾ ਜਾਂਦਾ ਹੈ। ਪਰ ਇਹ ਸਾਰਾ ਕੁਝ ਵੀ ਕਿਸੇ ਤਰ੍ਹਾਂ ਦੀ ਯੋਜਨਾ ਤਹਿਤ ਹੀ ਸੰਭਵ ਹੋ ਸਕਦਾ ਹੈ।

**2. ਉੱਦਮ ਦੀ ਘਾਟ (Deficiency of Entrepreneurial Ability)**

ਘੱਟ ਵਿਕਸਿਤ ਦੇਸ਼ਾਂ ਦੀ ਮੰਡੀ ਵਿਚ ਉਤਾਰ-ਚੜ੍ਹਾਅ ਜਿਆਦਾ ਹਨ। ਆਮ ਤੌਰ ਤੇ ਨਿੱਜੀ ਉਦਮੀ ਨਿਵੇਸ਼ ਕਰਕੇ ਜੋਖਮ ਨਹੀਂ ਉਠਾਉਣਾ ਚਾਹੁੰਦੇ । ਨਾਲ ਨਾਲ ਜਦੋਂ ਆਰਥਿਕ ਵਿਕਾਸ ਮੁੱਢਲੇ ਪੜਾਅ ਵਿਚ ਹੋਵੇ ਤਾਂ ਕਈ ਪ੍ਰਾਜੈਕਟ ਇਸ ਤਰ੍ਹਾ ਦੇ ਸ਼ੁਰੂ ਕਰਨੇ ਹੁੰਦੇ ਹਨ, ਜਿਨ੍ਹਾਂ ਨਾਲ ਬਹੁਤ ਜ਼ਿਆਦਾ ਨਿਵੇਸ਼ ਦੀ ਜਰੂਰਤ ਹੈ। ਇਨ੍ਹਾ ਪ੍ਰੋਜੈਕਟਾ ਵਿਚ ਅੰਤਰੀਵ ਕਾਲ (gestation period) ਬਹੁਤ ਜਿਆਦਾ ਹੁੰਦਾ ਹੈ। ਨਿੱਜੀ ਉੱਦਮੀ ਨਿਵੇਸ਼ ਤੋਂ ਤੁਰੰਤ ਲਾਭ ਲੈਣਾ ਚਾਹੁੰਦੇ ਹਨ। ਇਸ ਲਈ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਸਰਵਜਨਕ ਖੇਤਰ ਨੂੰ ਹੀ ਨਿਵੇਸ਼ ਕਰਨਾ ਪੈਂਦਾ ਹੈ।

ਪਰ ਜਿਹੜੇ ਖੇਤਰ ਵਿਰ ਸਰਵਜਨਕ ਖੇਤਰ ਨਿਵੇਸ਼ ਕਰਗਾ ਅਤੇ ਕਿਹੜੇ ਵਿਚ ਨਿੱਜੀ ਖੇਤਰ, ਯੋਜਨਾ ਦੁਆਰਾ ਹੀ ਤਹਿ ਕੀਤਾ ਜਾਵੇਗਾ। ਜ਼ਾਹਿਰ ਹੈ ਕਿ ਜਿਹੜੇ ਪ੍ਰਾਜੈਕਟ ਦੇਸ਼ ਦੀ ਸੁਰੱਖਿਆ ਵਾਸਤੇ ਮਹੱਤਵਪੂਰਨ ਹਨ ਉਹ ਸਰਵਜਨਕ ਖੇਤਰ ਅਧੀਨ ਰਹਿਣਗੇ ਜਿਸ ਦਾ ਮੁੱਖ ਮਕਸਦ ਲਾਭ ਕਮਾਉਣਾ ਨਹੀ- ਸਗੋਂ ਜਨਤਕ ਭਲਾਈ ਹੁੰਦਾ ਹੈ।

**3. ਬੇਰੁਜਗਾਰੀ ਦੀ ਸਮੱਸਿਆ ਦਾ ਹਲ (To solve the Problem of Unemployment)**

ਘੱਟ ਵਿਕਸਿਤ ਦੇਸ਼ਾਂ ਵਿਚ ਵਸੋਂ ਦਾ ਵਾਧਾ ਵੀ ਇਕ ਵਿਸ਼ੇਸ਼ਤਾ ਹੈ ਜਿਹੜੀ ਬੇਰੋਕ-ਟੋਕ ਵੱਧਦੀ ਰਹਿੰਦੀ ਹੈ। ਇਸ ਵੱਧਦੀ ਹੋਈ ਵਸੋ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਵੀ ਉਤਪੰਨ ਹੋ ਜਾਂਦੀ ਹੈ ਜਿਹੜੀ ਅੰਤ ਨੂੰ ਗਰੀਬੀ ਦਾ ਕਾਰਨ ਅਤੇ ਨਤੀਜਾ ਦਵੋਂ ਹੀ ਬਣਦੀ ਹੈ। ਜੇਕਰ ਮੰਡੀ ਸ਼ਕਤੀਆਂ ਦੇ ਬਹਾਰੇ ਹੀ ਆਰਥਿਕਤਾ ਨੂੰ ਛੱਡ ਦਿੱਤਾ ਜਾਵੇ ਤਾਂ ਇਹ ਸਮੱਸਿਆਵਾਂ ਘੱਟਣ ਦੀ ਬਜਾਏ ਹੋਰ ਵਧਣਗੀਆਂ। ਇਸ ਲਈ ਜ਼ਰੂਰੀ ਹੈ ਕਿ ਯੋਜਨਾਬੱਧ ਤਰੀਕੇ ਨਾਲ ਗਰੀਬੀ ਦਾ ਕਾਰਨ ਅਤੇ ਨਤੀਜਾ ਦੋਵੇਂ ਹੀ ਬਣਦੀ ਹੈ। ਜੇਕਰ ਮੰਡੀ ਸ਼ਕਤੀਆਂ ਦੇ ਸਹਾਰੇ ਹੀ ਆਰਥਿਕਤਾ ਨੂੰ ਛੱਡ ਦਿੱਤਾ ਜਾਵੇ ਤਾਂ ਇਹ ਸਮੱਸਿਆਵਾਂ ਘੱਟਣ ਦੀ ਬਜਾਏ ਹੋਰ ਵਧਣਗੀਆਂ। ਇਸ ਲਈ ਜ਼ਰੂਰੀ ਹੈ ਕਿ ਯੋਜਨਾਬੱਧ ਤਰੀਕੇ ਨਾਲ ਗਰੀਬੀ ਦੇ ਕੁੱਚਕਰ ਨੂੰ ਰੋਕਿਆ ਜਾਵੇ, ਵਧਦੀ ਅਬਾਦੀ ਨੂੰ ਕੰਟਰੋਲ ਕੀਤਾ ਜਾਵੇ। ਇਸ ਪ੍ਰਕਾਰ ਦੀਆਂ ਯੋਜਨਾਵਾਂ ਅਤੇ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਜਿਸ ਨਾਲ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਮੁਹੱਈਆਂ ਹੋਣ।

**4. ਖੇਤਰੀ ਅਸਤੁੰਲਨ ਹੋਣ ਤੋਂ ਰੋਕਣਾ ( Correcting Regional Disparaties)**

ਮੰਡੀ ਸ਼ਕਤੀਆਂ ਦੁਆਰਾ ਪ੍ਰੇਰਿਤ ਅਰਥ ਵਿਵਸਥਾ ਭਾਵੇਂ ਉਹ ਘੱਟ ਵਿਕਸਿਤ ਹੈ ਅਤੇ ਭਾਵੇਂ ਵਿਕਾਸਸ਼ੀਲ , ਜਦ ਵੀ ਉਨਤੀ ਕਰੇਗੀ, ਇਸ ਨਾਲ ਖੇਤਰੀ ਅਸਤੁੰਲਨ ਪੈਦਾ ਹੋਣਗੇ। ਨਿੱਜੀ ਉੱਦਮੀ ਉੱਥੇ ਹੀ ਜ਼ਿਆਦਾ ਨਿਵੇਸ਼ ਕਰਦੇ ਹਨ ਜਿੱਕੇ ਪਹਿਲਾਂ ਤੋਂ ਹੀ ਉਹ ਖੇਤਰ ਉੱਨਤ ਹਨ ਅਤੇ ਨਿਵੇਸ਼ ਦੀਆਂ ਸਹੂਲਤਾ ਪ੍ਰਾਪਤ ਹਨ। ਹੌਲੀ ਹੌਲੀ ਦੂਜੇ ਉੱਦਮੀ ਵੀ ਉਨ੍ਹਾਂ ਖੇਤਰ ਉੱਨਤ ਹਨ ਅਤੇ ਨਿਵੇਸ਼ ਦੀਆਂ ਸਹੂਲਤਾਂ ਪ੍ਰਾਪਤ ਹਨ। ਹੌਲੀ ਹੌਲੀ ਦੂਜੇ ਓੱਦਮੀ ਵੀ ਉਨ੍ਹਾਂ ਖੇਤਰਾਂ ਵੱਲ ਖਿੱਚੇ ਜਾਂਦੇ ਹਨ। ਇਸ ਪ੍ਰਕਾਰ ਦੀ ਬੇਰੋਕ ਟੋਕ ਨਿਵੇਸ਼ ਪ੍ਰਵਿਰਤੀ ਨੂੰ (Myrdal) ਨੇ ਬੈਕ ਵਾਸ਼ (Bacwash) ਦਾ ਨਾਮ ਦਿੱਤਾ ਹੈ। ਕੁਝ ਖੇਤਰ ਆਰਥਿਕ ਵਿਕਾਸ ਦੇ ਰਾਹ ਵਿਚ ਬਹੁਤ ਅੱਗੇ ਲੰਘ ਜਾਂਦੇ ਹਨ ਅਤੇ ਕੁਝ ਪਛੜੇ ਖੇਤਰ ਹੋਰ ਵੀ ਪੱਛੜ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਰੀਜ਼ਨਲ ਪਲਾਨ ਬਣਾਈਆਂ ਜਾਣ ਅਤੇ ਨਿਵੇਸ਼ ਦੇ ਫੈਸਲੇ ਵੱਧ ਤੋਂ ਵੱਧ ਸਰਵਜਨਕ ਖੇਤਰ ਦੁਆਰਾ ਹੀ ਹੋਣ।

ਅੱਜ ਦੁਨੀਆਂ ਦੇ ਲਗਭਗ ਸਾਰੇ ਦੇਸ਼ ਯੋਜਨਾਬੱਧ ਆਰਥਿਕ ਵਿਕਾਸ ਨੂੰ ਹੀ ਠੀਕ ਮੰਨਦੇ ਹਨ। ਸਮਾਜਵਾਦੀ ਦੇਸ਼ਾਂ ਵਿਚ ਜਿੱਥੇ ਉਤਪਾਦਨ ਦੇ ਸਾਧਨ ਸਟੇਟ ਦੇ ਅਧੀਨ ਹੁੰਦੇ ਹਨ, ਯੋਜਨਾ ਇਕ ਸੰਸਥਾਨਕ ਸਿਸਟਮ ਦੀ ਜ਼ਰੂਰਤ ਹੈ ਜਦੋਂ ਕਿ ਪੂੰਜੀਵਾਦੀ ਜਿਥੇ ਨਿੱਜੀ ਸੰਪਤੀ ਦਾ ਅਧਿਕਾਰ ਹੈ, ਉਥੇ ਵੀ ਯੋਜਨਾ ਦੀ ਜ਼ਰੂਰਤ ਹੈ। ਪੂੰਜਵਾਦੀ ਸਿਸਟਮ ਦੇ ਕੁਝ ਨਾਕਾਰਾਤਮਕ ਨਤੀਜੇ ਹੁੰਦੇ ਹਨ ਜਿਹੜੇ ਆਰਥਿਕ ਢਾਂਚੇ ਵਿਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਖੜ੍ਹੀਆਂ ਕਰਦੇ ਹਨ। ਇਨ੍ਹਾਂ ਉਪਰ ਕਾਬੂ ਪਾਉਣ ਲਈ ਯੋਜਨਾਬੱਧ ਵਿਕਾਸ ਦੀ ਜ਼ਰੂਰਤ ਹੈ। ਡੀ. ਆਰ ਗਾਡਗਿਲ ਨੇ ਯੋਜਨਾਬੱਧ ਵਿਕਾਸ ਨੂੰ ਸਟੇਟ ਦੁਆਰਾ ਦਖਲ ਅੰਦਾਜ਼ੀ ਦਾ ਨਾਮ ਦਿੱਤਾ ਹੈ। ਉਸ ਨੇ ਸਰਵਜਨਕ ਖੇਤਰ ਦੀ ਮਹੱਤਤਾ ਦੱਸਦੇ ਹੋਏ ਸਟੇਟ ਦੇ ਰੋਲ ਨੂੰ ਪਹਿਚਾਨਿਆ ਕਿ ਨਿੱਜੀ ਖੇਤਰ ਆਪਣੇ ਅਪਾ ਵਿਚ ਇੱਕਲਾ ਪੂਰਨ ਤੇ ਸਥਿਰਤਾ ਵਾਲਾ ਆਰਥਿਕ ਵਿਕਾਸ ਨਹੀਂ ਕਰ ਸਕਦਾ ਹੈ। ਭਾਵੇਂ ਪੂੰਜੀਵਾਦੀ ਸਿਸਟਮ ਵਿਚ ਹੀ ਆਰਥਿਕ ਵਿਕਾਸ ਕਰਨਾ ਹੋਵੇ ਤਾਂ ਵੀ ਜੇਕਰ ਆਮ ਸਾਧਾਰਨ ਆਦਮੀ ਦੀ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ ਤਾਂ ਯੋਜਨਾ ਤਹਿਤ ਹੀ ਉਤਪਾਦਨ ਅਨੁਸਾਰ ਮਿਲਾਇਆ ਜਾ ਸਕਦਾ ਹੈ।

**II. ਭਾਰਤੀ ਯੋਜਨਾਵਾਂ ਦੀ ਮੁੱਢਲੀ ਜੁਗਤ (Basic Strategy of Indian Planning)**

ਆਮ ਤੌਰ ਤੇ ਜੁਗਤ ਤੋਂ ਇਹ ਲਿਆ ਜਾਂਦਾ ਹੈ ਕਿ ਕੁਝ ਉਦੇਸ਼ ਅਤੇ ਟੀਚੇ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨਾ ਹੈ। ਉਨ੍ਹਾਂ ਨੂੰ ਪ੍ਰਾਪਤ ਕਰਨ ਕਿਹੜੇ ਢੰਗ ਤਰੀਕੇ ਵਰਤੇ ਜਾਣ? ਇਹ ਜੁਗਤ ਦਾ ਕੰਮ ਹੈ। ਅਰਥ ਵਿਵਸਥਾ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਇਕ ਪਾਸੇ ਸਾਡੇ ਸੀਮਤ ਸਾਧਨ ਹਨ, ਦੂਜੇ ਪਾਸੇ ਆਰਥਿਕ ਵਿਕਾਸ ਦੇ ਉਦੇਸ਼ ਅਤੇ ਟੀਚੇ । ਇਨ੍ਹਾਂ ਉਦੇਸ਼ਾਂ ਦਾ ਵਰਨਣ ਅੱਗੇ ਇਸ ਪਾਠ ਵਿਚ ਹੀ ਕੀਤਾ ਜਾਵੇਗਾ) ਮਕਸਦ ਇਏ ਹੈ ਕਿ ਤਕਨੀਕ ਨਾਲ ਉਦੇਸ਼ ਪੂਰੇ ਕੀਤੇ ਜਾਣ। ਸਾਧਨਾਂ ਨੂੰ ਕਿਸ ਪ੍ਰਕਾਰ, ਕਿਹੜੇ ਖੇਤਰਾਂ ਵਿਚ, ਕਿੰਨੀ ਮਾਤਰਾਂ ਵਿਚ ਅਤੇ ਕਿਸ ਤਕਨੀਕੀ ਅਨੁਸਾਰ ਲਗਾਇਆ ਜਾਵੇ, ਇਹ ਸਾਰਾ ਕੁਝ ਅਸੀਂ ਕੁਝ ਸਿਧਾਂਤਾਂ ਜਾਂ ਮਾਡਲਾ (Theories of Modesl) ਦੀ ਸਹਾਇਤਾ ਨਾਲ ਜਾਣ ਸਕਦੇ ਹਾਂ। ਹੁਣ ਅਸੀਂ ਦੇਖਾਂਗੇ ਕਿ ਵੱਖ ਵੱਖ ਯੋਜਨਾਵਾਂ ਵਿਚ ਭਾਰਤੀ ਯੋਜਨਾਕਾਰਾ ਨੇ ਉਦੇਸ਼ਾ ਦੀ ਪੂਰਤੀ ਵਾਸਤੇ ਕਿਸ ਪ੍ਰਕਾਰ ਦੇ ਮਾਡਲਾ ਅਤੇ ਸਿਧਾਂਤਾਂ ਦੀ ਮਦਦ ਨਾਲ ਜੁਗਤ ਤਿਆਰ ਕੀਤੇ।

ਭਾਰਤ ਦੀਆਂ ਯੋਜਨਾਵਾਂ ਦੀ ਵਿਕਾਸ ਜੁਗਤ (Development Strategy) ਦੇ ਕੁਝ ਖਾਸ ਮੁੱਦੇ ਇਹ ਹਨ:

- ਬਣਾਈ ਜਾਣ ਵਾਲੀ ਯੋਜਨਾ ਦਾ ਆਧਾਰ
- ਨਿਵੇਸ਼ ਦਾ ਤਰੀਕਾ
- ਨਿਵੇਸ਼ ਦੀ ਖੇਤਰ ਵੰਡ
- ਸਾਧਨ ਇਕੱਤਰੀਕਰਨ ਦੀ ਤਕਨੀਕੀ ਅਤੇ ਸਰੋਤ ਅਤੇ
- ਵਿੱਤੀ ਅਤੇ ਮੁਦਰਾ ਨੀਤੀ ਦੀ ਪ੍ਰਕਾਰ ਆਦਿ।

ਇਹਨਾਂ ਸਾਰੇ ਨੁਕਤਿਆਂ ਨੂੰ ਆਰਥਿਕਤਾ ਦੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਇਕੱਠਿਆ ਹੀ ਵਿਚਾਰਿਆ ਜਾਂਦਾ ਹੈ।

ਉਰਸੁਲਾ ਹਿਕੋਸ ( Ursula Hicks) ਅਨੁਸਾਰ ਜਗਤ ਇਕ ਲੰਮੇ ਸਮੇਂ ਦਾ ਸੰਕਲਪ ਹੈ। ਇਹ 15 ਜਾਂ 20 ਸਾਲਾਂ ਲਈ ਉਦੇਸ਼ ਦੀ ਪ੍ਰਾਪਤੀ ਨਾਲ ਸੰਬੰਧਿਤ ਹੁੰਦੀ ਹੈ। ਇਸ ਲਈ ਜੁਗਤ ਵੀ ਇਕ ਤਰ੍ਹਾਂ ਨਾਲ ਲਚਕੀਲੀ ਹੋਣੀ ਚਾਹਦੀ ਹੈ। ਜਿਸ ਨੂੰ ਜ਼ਰੂਰਤ ਮੁਤਾਬਕ ਬਦਲਿਆ ਜਾ ਸਕੇ ਭਾਵੇਂ ਇਕ ਖਾਸ ਮੁੱਢਲਾ ਢੰਗ ਜਿਹੜਾ ਵੀ ਅਪਣਾਇਆ ਗਿਆ ਹੈ, ਉਵੇਂ ਹੀ ਚਲਦਾ ਜਾਵੇਗਾ।

("The term strategy is a long term concept. It is not immediately operational in the sense that a strategy must look forward for 15 to 20 years. We cannot precisely foretell what will happen in India or in the world at large, so that strategy must be a flexible affair although it would have certain elements which no doubt, would run through in any case.")

ਯੋਜਨਾਕਾਰ ਦੁਆਰਾ ਲੰਮੇ ਸਮੇਂ ਦੀ ਯੋਜਨਾਬੰਦੀ ਲਈ ਚਾਰ ਮੁੱਖ ਉਦੇਸ਼

(ੳ) ਉਤਪਾਦਨ ਨੂੰ ਉਸ ਪੱਧਰ ਤੱਕ ਵਧਾਉਣਾ ਜਿਥੇ ਕਿ ਰਾਸ਼ਟਰੀ ਆਮਦਨ ਅਤੇ ਪ੍ਰਤੀ ਜੀਅ ਆਮਦਨ ਵੱਧ ਸਕੇ।

(ਅ) ਪੂਰਨ ਰੁਜ਼ਗਾਰ ਪ੍ਰਾਪਤ ਕਰਨਾ।

(ੲ) ਆਮਦਨ ਅਤੇ ਜਾਇਦਾਦ ਅਦਿ ਵਿਚਲੀ ਨਾ-ਬਰਾਬਰੀ ਨੂੰ ਘਟਾਉਣਾ ਅਤੇ।

(ਸ) ਉਸ ਸਮਾਜਵਾਦੀ ਢਾਂਚੇ ਦਾ ਨਿਰਮਾਣ ਕਰਨਾ ਜਿਹੜਾ ਬਰਾਬਰਤਾ ਅਤੇ ਨਿਆਂ ਉਪਰ ਅਧਾਰਿਤ ਹੋਵੇ ਅਤੇ ਜਿਥੇ ਲੁੱਟ ਖਸੁੱਟ ਨਾ ਹੋਵੇ।

**ਜੇ ਪੀ. ਲੂਈਸ** (J.P. Lewis) ਦੇ ਅਨੁਸਾਰ ਪਾਰਤੀ ਵਿਕਾਸ-ਜੁਗਤ (India Development Strategy) ਦੇ ਅਮਲੀ ਤੌਰ ਤੇ ਤਿੰਨ ਮੁੱਖ ਨਿਸ਼ਾਨੇ ਹਨ।

ਪਹਿਲਾਂ ਹਰ ਯੋਜਨਾ ਵਿੱਚ ਇਕ ਖਾਸ ਘਟੋ ਘੱਟ ਪ੍ਰਤੀ ਜੀਅ ਆਮਦਨ ਦਾ ਪੱਧਰ ਪੂਰਾ ਕਰਨ ਦਾ ਨਿਸ਼ਾਨਾ ਰਖਿਆ ਜਾਂਦਾ ਹੈ। ਇਹੀ ਘਟੋ ਘੱਟ ਆਮਦਨ-ਉਤਪਾਦਨ ਉੱਪਰ ਹੀ ਬੜੀ ਯੋਜਨਾ ਦੇ ਟੀਚੇ ਆਧਾਰਤ ਹਨ। ਨਿਵੇਸ਼ ਨੂੰ ਇਸ ਪ੍ਰਕਾਰ ਲਗਾਇਆ ਜਾਂਦਾ ਹੈ ਕਿ ਇਸ ਪੱਧਰ ਦੇ ਨਿਸ਼ਾਨੇ ਨੂੰ ਜਰੂਰ ਹੀ ਪੂਰਾ ਕੀਤਾ ਜਾਵੇ।

ਦੂਜਾ ਉਤਪਾਦਨ ਅਤੇ ਨਿਵੇਸ਼ ਨੂੰ ਜਾਰੀਰੱਖਣ ਲਈ ਕੁਲ ਲਾਭ ਵਿਚੋਂ ਥੋੜਾ ਜਿਹਾ ਹਿੱਸਾ ਬਚਾ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਉਸ ਦਾ ਦੁਬਾਰਾ ਨਿਵੇਸ਼ ਕੀਤਾ ਜਾ ਸਕੇ।

ਤੀਜਾ ਅੰਤਰ ਰਾਸ਼ਟਰੀ ਮੰਡੀ ਵਿਚ ਭਾਰਤ ਆਤਮ ਨਿਰਭਰ ਹੋ ਸਕੇ। ਇਸ ਲੀ ਆਯਾਤ ਲਿਰਯਾਤ ਦਾ ਸੰਤੁਲਨ ਬਣਾਈ ਰੱਖਦਾ ਹੋਵ।

ਇਸ ਤੋਂ ਇਲਾਵਾ ਵਿਕਾਸ ਜੁਗਤ ਦੇ ਕੁਝ ਸਮਾਜਕ ਪਹਿਲੂ ਵੀ ਹਨ, ਜਿਵੇਂ ਵੱਖ ਵੱਖ ਜਮਾਤਾਂ ਅਤੇ ਰਾਜਾਂ ਦੀ ਬਰਾਬਰਤਾ, ਆਮਦਨ ਦੀ ਬਰਾਬਰ ਵੰਡ, ਬੇਰੁਜ਼ਗਾਰੀ ਗਰੀਬੀ ਆਦਿ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ, ਆਦਿ।

ਯੋਜਨਾ ਕਮਿਸ਼ਨ ਅਨੁਸਾਰ, ''ਪਹਿਲੀ ਪੰਜ ਸਾਲਾ ਯੋਜਨਾ ਦੇ ਲੰਮੇ ਸਮੇ ਦੇ ਉਦੇਸ਼ਾਂ ਵਿਚ ਸਪੱਸ਼ਟ ਹੈ। ਕਿ ਵੱਧ ਤੋਂ ਵੱਧ ਉਤਪਾਦਨ ਪੂਰਨ ਰੋਜ਼ਗਾਰ ਅਰਥਕ ਬਰਾਬਰਤਾ ਅਤੇ ਸਮਾਜਕ ਨਿਆਂ ਆਦਿ ਜਿਹੜੇ ਯੋਜਨਾ ਦੇ ਉਦੇਸ਼ ਹਨ ਅਤੇ ਸਮਾਜ ਦੇ ਸਮੇਂ ਦੀ ਜ਼ਰੂਰਤ ਵੀ, ਉਨ੍ਹਾਂ ਨੂੰ ਹਰ ਦੇਸ਼ ਦੀ ਜ਼ਰੂਰਤ ਹੀ ਪੂਰਾ ਕਰਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਬੀ. ਐਸ ਮਿਨਹਾਸ ਨੇ ਵੀ ਇਨ੍ਹਾਂ ਹੀ ਉਦੇਸ਼ਾ ਦੀ ਪੂਰਤੀ ਨੂੰ ਆਪਣੀਆਂ ਯੋਜਨਾਵਾਂ ਦੀ ਜੁਗਤ ਦਾ ਮੁੱਖ ਮੁੱਦਾ ਦੱਸਿਆ ਹੈ ਜਿਨ੍ਹਾਂ ਨੂੰ ਅਸੀਂ ਸਮਾਜਕ ਆਰਥਿਕ ਉਦੇਸ਼ ਕਹਿੰਦੇ ਹਾਂ। ਇਨ੍ਹਾਂ ਉਦੇਸ਼ਾਂ ਦਾ ਮੁੱਢਲਾ ਆਧਾਰ ਹੈ ਸਮਾਜਵਾਦੀ ਲੀਹਾਂ ਉਪਰ ਆਰਥਕ ਵਿਕਾਸ ਕਰਨਾ ਤਾਂ ਕਿ ਆਰਥਕ ਵਿਕਾਸ ਦੇ ਨਾਲ ਨਾਲ ਨਾ- ਬਰਾਬਰੀਆਂ ਘਟਣ ਅਤੇ ਆਰਥਕ ਤਾਕਤ ਨੂੰ ਕੁਝ ਹੱਥਾ ਵਿਚ ਇਕੱਠੇ ਹੋਣ ਤੋਂ ਰੋਕਿਆ ਜਾ ਸਕੇ। ਹੁਣ ਅਸੀਂ ਇਨ੍ਹਾਂ ਉਦੇਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੱਖ ਵੱਖ ਯੋਜਨਾਵਾਂ ਦੀ ਜੁਗਤ ਬਾਰੇ ਅਧਿਐਨ ਕਰਾਂਗੇ।

ਪਹਿਲੀ ਪੰਜ ਸਾਲਾਂ ਯੋਜਨਾ ਦੀ ਮੁੱਖ ਤੌਰ ਤੇ ਕੋਈ ਜੁਗਤ ਨਹੀਂ ਸੀ। ਯੋਜਨਾਕਾਰਾਂ ਦਾ ਜ਼ਿਆਦਾ ਧਿਆਨ ਸਾਰੀ ਆਰਥਿਕਤਾ ਨੂੰ ਮੁੱੜ ਤੋਂ ਸੁਰਜੀਤ ਕਰਨ ਵਲ ਸੀ। ਦੂਜੇ ਸੰਸਾਰ ਯੁੱਧ ਦੌਰਾਨ ਅਤੇ ਦੇਸ਼ ਦੀ ਵੰਡ ਦੌਰਾਨ ਹੋਈ ਬਰਬਾਦੀ ਨੂੰ ਹੱਲ ਕਰਨਾ ਅਤੇ ਰਿਫੂਜੀਆਂ ਦੇ ਮੁੜ ਵਸੇਬੇ ਦੇ ਯਤਨ ਕਰਨਾ ਹੀ ਪਹਿਲਾਂ ਉਦੇਸ਼ ਸੀ, ਤਾਂ

ਵੀ ਅਸੀਂ ਕਹਿ ਸਕਦੇ ਹਾਂ ਕਿ ਖੇਤੀਬਾੜੀ ਅਤੇ ਆਵਾਜਾਈ ਤੇ ਸੰਚਾਰ ਨੂੰ ਬਾਕੀ ਖੇਤਰਾਂ ਨਾਲੋਂ ਵੱਧ ਮਹੱਤਵ ਦਿੱਤਾ ਗਿਆ। ਪਰ ਨਾਲ ਹੀ ਉਦਯੋਗਿਕ ਵਿਕਾਸ ਵਾਸਤੇ ਖਾਧ ਪਦਾਰਥਾਂ ਦੇ ਨਾਲ ਨਾਲ, ਕੱਚਾ ਮਾਲ ਵੀ ਚਾਹੀਦਾ ਸੀ। ਇਸ ਲਈ ਉਦਯੋਗਿਕ ਵਿਕਾਸ ਦੀ ਮਹੱਤਤਾ ਨੂੰ ਸਮਝਿਆ ਗਿਆ। ਭਾਰਤ ਨੇ ਇਸ ਤਰ੍ਹਾਂ ਸੰਤੁਲਿਤ ਵਿਕਾਸ ਜੁਗਤ ਨਾਲ ਆਰਥਕ ਵਿਕਾਸ ਵੀ ਸ਼ੁਰੂਆਤ ਕੀਤੀ। ਹੈਰੋਡ ਡੋਮਰ (Harrod Domar) ਮਾਡਲ ਦੀ ਸਹਾਇਤਾ ਨਾਲ ਇਹ ਜਾਣਿਆ ਗਿਆ ਕਿ ਨਿਵੇਸ਼ ਦੀ ਦਰ ਵਧਾਉਣ ਨਾਲ ਹੀ ਵਿਕਾਸ ਦੀ ਦਰ ਨੂੰ ਵਧਾਇਆ ਜਾ ਸਕਦਾ ਹੈ। ਇਸ ਮਾਡਲ ਨੂੰ ਅਧਾਰ ਮੰਨਦੇ ਹੋਏ ਨਿਵੇਸ਼ ਦੀ ਸਦਰ ਕੌਮੀ ਆਮਦਨ ਦਾ 10-11 ਪ੍ਰਤੀਸ਼ਤ ਜ਼ਰੂਰੀ ਮੰਨਿਆ ਗਿਆ। ਦੂਜੀ ਯੋਜਨਾ ਜੁਗਤ ਵਿਚ, ਉਦਯੋਗਿਕ ਵਿਕਾਸ ਵਲ ਜ਼ਿਆਦਾ ਮਹੱਤਵ ਹੋਣ ਕਰਕੇ ਭਾਰੀ ਉਦਯੋਗਾਂ ਵਿਚ ਨਿਵੇਸ਼ ਕਰਨ ਦੀ ਸਿਫਾਰਸ਼ ਕੀਤੀ ਗਈ। ਉਸ ਵੇਲੇ ਜਵਾਹਰ ਲਾਲ ਨਹਿਰੂ ਨੇ ਵੀ ਇਹੀ ਕਿਹਾ ਕਿ ਜੇਕਰ ਦੇਸ਼ ਵਿਚ ਉਦਯੋਗੀਕਰਨ ਲਿਆਉਂਦਾ ਹੈ ਤਾਂ ਸਾਨੂੰ ਭਾਰੀ ਉਦਯੋਗਾਂ ਵਿਚ ਨਿਵੇਸ਼ ਕਰਨਾ ਚਾਹੀਦਾ ਹੈ ਅਤੇ ਮਸ਼ੀਨਾਂ ਬਣਾਉਣੀਆਂ ਚਾਹੀਦੀਆਂ ਹਨ। ਆਉਣ ਵਾਲੇ ਸਮੇਂ ਵਿਚ ਉਦਯੋਗਿਕ ਵਿਕਾਸ ਦੀ ਦਰ ਅਤੇ ਆਰਥਕ ਵਿਕਾਸ, ਕੋਲੇ ਦੇ ਉਤਪਾਦਨ, ਬਿਜਲੀ, ਲੋਹਾ ਅਤੇ ਇਸਪਾਤ ਉਦਯੋਗ, ਕੈਮੀਕਲਜ਼ ਉਪਰ ਹੀ ਨਿਰਭਰ ਕਰੇਗਾ। ਇਸ ਨਾਲ ਪੂੰਜੀ ਨਿਰਮਾਣ ਹੋਵੇਗਾ। ਜੇਕਰ ਆਰਕਕਤਾ ਨੂੰ ਆਤਮ ਨਿਰਭਰ ਕਰੇਗਾ। ਇਸ ਨਾਲ ਪੂੰਜੀ ਨਿਰਮਾਣ ਹੋਵੇਗਾ। ਜੇਕਰ ਆਰਥਕਤਾ ਨੂੰ ਆਤਮ ਨਿਰਭਰ ਬਣਾਉਣਾ ਹੈ ਤਾਂ ਭਾਰੀ ਮਸ਼ੀਨਰੀ ਦੀ ਜਿਥੇ ਕਿਤੇ ਜ਼ਰੂਰਤ ਪਏ, ਬਾਹਰੋਂ ਮੰਗਵਾ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਯੋਜਨਾਵਾ ਦੀ ਜੁਗਤ ਦਾ ਅਧਾਰ ਮਹਾਲਨੋਬਿਸ ਮਾਡਲ ਹੈ। ਪਹਿਲਾਂ ਸਾਰਜੀ ਆਰਥਕਤਾ ਨੂੰ ਦੋ ਖੇਤਰਾਂ ਵਿਚ ਵੰਡਿਆ ਗਿਆ- ਇਕ ਖੇਤਰ ਪੂੰਜੀ ਵਸਤਾਂ ਅਤੇ ਦੂਜਾ ਉਪਭੋਗ ਵਸਤਾਂ ਦਾ ਉਤਪਾਦਨ ਕਰਨ ਵਾਲਾ। ਪਰ ਬਾਅਦ ਵਿਚ ਇਸ ਵਿਚ ਕੁਝ ਸੁਧਾਰ ਕਰਕੇ ਪੂੰਜੀ ਵਸਤਾਂ ਦੇ ਉਤਪਾਦਨ ਕਰਨ ਵਾਲਾ। ਪਰ ਬਾਅਦ ਵਿਚ ਇਸ ਵਿਚ ਕੁਝ ਸੁਧਾਰ ਕਰਕੇ ਪੂੰਜੀ ਵਸਤਾਂ ਦੇ ਉਤਪਾਦਨ ਕਰਨ ਵਾਲੇ ਸੈਕਟਰ ਨੂੰ ਅੱਗੋਂ ਤਿੰਨ ਖੇਤਰਾਂ ਵਿਚ ਵੰਡ ਕੇ ਨਿਵੇਸ਼ ਯੋਜਨਾ ਬਣਾਈ। ਇਸ ਮਾਡਲ ਅਨੁਸਾਰ ਇਹ ਜਾਣਿਆ ਗਿਆ ਕਿ ਜੇਕਰ ਪੂੰਜੀ ਖੇਤਰ ਵਿਚ ਨਿਵੇਸ਼ ਜ਼ਿਆਦਾ ਕੀਤਾ ਜਾਵੇ ਤਾਂ ਸ਼ੁਰੂ ਵਿਚ ਭਾਵੇਂ ਵਿਕਾਸ ਦੀ ਦਰ ਘੱਟ ਹੋਵੇ ਪਰ ਲੰਮੇ ਸਮੇਂ ਵਿਚ ਆਮਦਨ ਦੇ ਵਾਧੇ ਦੀ ਦਰ ਵਿਚ ਤੇਜ਼ੀ ਆਵੇਗੀ। ਇਸ ਤਰ੍ਹਾਂ ਦੂਜੀ ਯੋਜਨਾ ਵਿਚ ਖੇਤਰੀ ਤਰਜੀਹ ਬਦਲ ਗਈ। ਖੇਤੀਬਾੜੀ ਨਾਲੋਂ ਉਦਯੋਗੀਕਰਨ ਵਲ ਜ਼ਿਆਦਾ ਮਹੱਤਵ ਦਿੱਤਾ ਗਿਆ। ਇਸ ਨੂੰ ਯੋਜਨਾਕਾਰ ਭਾਰੀ-ਜੁਗਤ (Heavy Industry Stragety) ਕਹਿੰਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਮੂਲ ਰੂਪ ਵਿਚ ਹੀ ਜੁਗਤ ਬਦਲ ਦਿੱਤੀ ਗਈ। ਇਹ ਹੋ ਸਕਦਾ ਹੈ ਕਿ ਸਮੇਂ ਦੀ ਜ਼ਰੂਰਤ ਹੀ ਸੀ ਕਿ ਇਹ ਖੇਤਰੀ ਸੰਤੁਲਨ ਬਣਾਈ ਰੱਖਣ ਲਈ ਕੀਤਾ ਗਿਆ ਹੋਵੇ।

**ਭਾਰੀ ਉਦਯੋਗ ਜੁਗਤ ਦਾ ਮੁਲਾਂਕਣ**

ਭਾਰੀ ਉਦਯੋਗ ਕੁਝ ਦੇਰ ਬਾਅਦ ਹੀ ਵਾਦ-ਵਿਵਾਦ ਦਾ ਵਿਸ਼ਾ ਬਣ ਗਿਆ। ਕੁਝ ਅਰਥ ਸ਼ਾਸਤਰੀਆਂ ਨੇ ਆਪਣੇ ਸੀਮਤ ਸਾਧਨਾਂ ਨੂੰ ਦੇਖਦੇ ਹੋਏ ਭਾਰੀ ਉਦਯੋਗਾਂ ਵਿਚ ਨਿਵੇਸ਼ ਕਰਨਾ ਉਚਿਤ ਨਾ ਸਮਝਿਆ ਕਿਉਂਕਿ ਇਸ ਨਾਲ ਵਿੱਤੀ ਸਾਧਨਾਂ ਦੀ ਪੂਰਤੀ ਵਾਸਤੇ ਵਿਦੇਸ਼ੀ ਸਹਾਇਤਾ ਉਪਰ ਨਿਰਭਰ ਕਰਨਾ ਪੈਣਾ ਸੀ। ਜਿਹੜਾ ਆਤਮ ਨਿਰਭਰਤਾ ਦੇ ਉਦੇਸ਼ ਦੇ ਖਿਲਾਫ਼ ਸੀ। ਇਵੇਂ ਹੀ ਮੁਦਰਾ (Inflation) ਰਹਿਤ ਵਿਕਾਸ ਵਿਚ ਵੀ ਅੜਚਨ ਪੈਂਦੀ ਸੀ ਕਿਉਂਕਿ ਇਸ ਨਾਲ ਖਰੀਦ ਸ਼ਕਤੀ ਵਿਚ ਵਾਧਾ ਹੋ ਜਾਣਾ ਸੀ ਪਰ ਮੰਡੀ ਵਿਚ ਵਸਤੂਆਂ ਦੀ ਸਪਲਾਈ ਪੂਰੀ ਨਾ ਹੋਣ ਕਰਕੇ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਜਾਦਾ ਸੀ। ਉਧਰ ਮੰਡੀ ਵਿਚ ਵਸਤੂਆਂ ਦੀ ਸਪਲਾਈ ਪੂਰੀ ਨਾ ਹੋਣ ਕਰਕੇ ਵਸਤਾ ਦੀਆਂ ਕੀਮਤਾਂ ਵਿਚ ਵਾਧਾ ਲਾਜ਼ਮੀ ਸੀ। ਪਰ ਫਿਰ ਵੀ ਯੋਜਨਾਕਾਰ ਨੇ ਆਪਣੀ ਭਾਰੀ ਉਦਯੋਗ ਜੁਗਤ ਅਪਣਾਉਣ ਦੇ ਹੱਕ ਵਿਚ ਹੇਝਾ ਦਿੱਤੀਆਂ ਦਲੀਲਾ ਦਿੱਤੀਆਂ:

ਅੰਗਰੇਜ਼ੀ ਸਾਮਰਾਜ ਨੇ ਕੋਈ ਵੀ ਭਾਰੀ ਉਦਯੋਗ ਉੱਨਤ ਨਾ ਹੋਣ ਦਿੱਤੇ। ਖੇਤੀਬਾੜੀ ਉਪਰ ਨਿਰਭਰਤਾ ਜ਼ਿਆਦਾ ਸੀ ਤਾਂ ਕਿ ਇਥੋਂ ਕੱਚੇ ਮਾਲ ਦੀ ਪੂਰਤੀ ਹੁੰਦੀ ਰਹੇ। ਉਧਰ ਭਾਰਤ ਕੋਲ ਕੁਦਰਤੀ ਸਾਧਨ ਇਤਨੇ ਕੁ ਹੈ ਸਨ ਕਿ ਉਦਯੋਗਿਕ ਵਿਕਾਸ ਨੂੰ ਸ਼ੁਰੂ ਕਰਕੇ ਅੱਗੇ ਤੋਰਿਆ ਜਾ ਸਕੇ। ਦੂਜੇ, ਖੇਤੀਬਾੜੀ ਉਪਰ ਜ਼ਿਆਦਾ ਨਿਰਭਰਤਾ ਹੋਦ ਕਾਰਨ ਭੂਮੀ ਉਪਰ ਵਾਧੂ ਵਸੋਂ ਦਾ ਭਾਰ ਵਧ ਰਿਹਾ ਸੀ। ਹੋਰ ਰੁਜ਼ਗਾਰ ਦੇ ਮੌਕੇ ਨਾ ਹੋਣ ਕਰਕੇ ਜ਼ਿਆਦਾ ਰੁਝਾ ਖੇਤੀ ਵੱਲ ਹੀ ਸੀ। ਇਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਸੁਲਝਾਉਣ ਲਈ ਕੁਦਰਤੀ ਸਾਧਨਾਂ ਦੀ ਸੁਚਾਰੂ ਰੂਪ ਨਾਲ ਵਰਤੋਂ

ਕਰਨ ਲਈ ਉਦਯੋਗਾਂ ਵਿਚ ਨਿਵੇਸ਼ ਕਰਨਾ ਗਲਤ ਨਹੀਂ ਸੀ।

ਤੀਜਾ, ਉਦਯੋਗੀਕਰਨ ਦੇ ਵਿਕਾਸ ਦੀ ਦਰ ਤੇਜ਼ ਹੋਣ ਨਾਲ ਸਿਰਫ ਖੇਤੀਬਾੜੀ ਨੂੰ ਹੀ ਨਹੀਂ ਸਗੋਂ ਅਰਥ ਵਿਵਸਥਾਂ ਦੇ ਬਾਕੀ ਖੇਤਰਾਂ ਦੀ ਵਿਕਾਸ ਦਰ ਵਿਚ ਤੇਜ਼ੀ ਆਵੇਗੀ। ਜਿਵੇਂ ਉਦਯੋਗਾਂ ਦੇ ਵਿਕਾਸ ਨਾਲ ਮਜ਼ਦੂਰ ਪੇਂਡੂ ਖੇਤਰਾਂ ਵਿਚੋਂ ਸ਼ਹਿਰਾਂ ਵਿਚ ਆਉਣਗੇ। ਖੇਤੀ ਬਾੜੀ ਵਿਚ ਖਾਧ ਪਦਾਰਥਾਂ ਦੇ ਨਾਲ ਨਾਲ ਕੱਚੇ ਮਾਲ, ਰੂੰ ਪਟਸਨ, ਤੇਲ, ਖਾਦਾਂ ਆਦਿ ਦੀ ਮੰਗ ਵਿਚ ਵਾਧਾ ਹੋਵੇਗਾ। ਕੱਚੇ ਮਾਲ ਦੀ ਵਧ ਤੇ ਲੋੜੀਦੀ ਮਾਤਰਾ ਵਿਚ ਪ੍ਰਾਪਤੀ ਹੋਣ ਕਰਕੇ ਉਦਯੋਗੀਕਰਨ ਦੇ ਖੇਤੀਬਾੜੀ ਦੋਵੇਂ ਵਿਕਸਿਤ ਹੋਣਗੇ। ਇਸ ਦੇ ਨਾਲ ਹੀ ਮੰਡੀ ਦਾ ਵਿਸਥਾਰ, ਵਪਾਰ, ਬੈਕਿੰਗ ਅਤੇ ਹੋਰ ਵਿਤੀ ਸੰਸਥਾਵਾਂ ਤੇ ਆਵਾਜਾਈ ਦੇ ਸਾਧਨਾਂ ਦੇ ਵਿਕਾਸ਼ ਜਰੂਰੀ ਹੋਵੇਗਾ।

ਚੋਥਾ, ਉਦਯੋਗਾਂ ਅਤੇ ਨਿਰਮਾਣ ਖੇਤਰ ਵਿਚ ਮਜ਼ਦੂਰ ਦੀ ਉਤਪਾਦਕਤਾ ਖੇਤੀ ਨਾਲੋਂ ਜ਼ਿਆਦਾ ਹੁੰਦੀ ਹੈ। ਇਸ ਨਾਲ ਪ੍ਰਤੀ ਜੀ ਆਮਦਨ ਅਤੇ ਰਾਸ਼ਟਰੀ ਆਮਦਨ ਵਧਦੀ ਹੈ।

ਇਸ ਤੋਂ ਇਲਾਵਾ ਯੋਜਨਾ ਕਮਿਸ਼ਨ ਨੇ ਵੀ ਇਸ ਭਾਰਤੀ ਉਦਯੋਗ ਨੀਤੀ ਨੂੰ ਉਤਸ਼ਾਹ ਦਿੱਤਾ ਕਿਉਂਕਿ ਇਹ ਤਾਂ ਭਾਰੀ ਉਦਯੋਗਾਂ ਵਿਚ ਨਿਵੇਸ਼ ਕਰਨ ਨਾਲ ਪੂੰਜੀ ਨਿਮਰਾਣ ਹੁੰਦਾ ਹੈ ਤੇ ਜ਼ਿਆਦਾ ਦਰ ਨਾਲ ਪੂੰਜੀ ਸੰਚਿਤ ਹੁੰਦਾ ਹੈ। ਦੂਜੀ ਆਰਥਕਤਾ ਨੂੰ ਆਤਮ ਨਿਰਭਰ ਬਨਣ ਵਿਚ ਸਹਾਇਤਾ ਮਿਲਦੀ ਹੈ। ਕਿਉਂਕਿ ਇਕ ਤਾਂ ਇਸ ਨਾਲ ਸਾਰੇ ਖੇਤਰਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਦੂਜਾ ਜ਼ਰੂਰੀ ਮਸ਼ੀਨਰੀ ਲਈ ਸਾਨੂੰ ਵਿਦੇਸ਼ਾਂ ਉਪਰ ਨਿਰਪਰ ਨਹੀਂ ਰਹਿਣਾ ਪੈਂਦਾ।

**1. ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਨਜ਼ਰ-ਅੰਦਾਜ਼ ਕਰਨਾ**

ਜੇਕਰ ਉਦਯੋਗੀਕਰਨ ਵਲ ਸਾਰੇ ਨਿਵੇਸ਼ ਸਾਧਨ ਲਗਾ ਦਿੱਤੇ ਜਾਣ ਤਾਂ ਖੇਤੀਬਾੜੀ ਵਿਚ ਆਪਣੇ ਆਪ ਹੀ ਨਿਰਉਤਸ਼ਾਹ ਹੋਵੇਗਾ। ਭਾਵੇਂ ਯੋਜਨਾਕਾਰ ਇਸ ਪੱਖ ਨੂੰ ਨਹੀਂ ਮੰਨਦੇ ਪਰ ਫਿਰ ਵੀ ਜਦੋਂ ਬਜਟ ਪਲਾਨਿੰਗ ਵਿਚ ਵਿਤੀ ਸਾਧਨਾਂ ਦੀ ਅਲਾਟਮੈਂਟ ਕੀਤੀ ਜਾਂਦੀ ਹੈ ਉਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਹੁਣ ਵਪਾਰ ਦੀਆਂ ਸਰਤਾਂ ਤੇ ਸੰਤੁਲਨ (Terms and Balance of Trade) ਖੇਤੀ ਦੇ ਹੱਕ ਵਿਚ ਨਹੀਂ ਰਹੇ।

**2. ਘਰੇਲੂ ਅਤੇ ਛੋਟੇ ਉਦਯੋਗਾਂ ਦੇ ਵਿਕਾਸ ਵਲ ਘਟ ਧਿਆਨ ਦੇਣਾ**

ਸਾਡੇ ਦੇਸ਼ ਦੀ ਜ਼ਰੂਰਤ ਵੱਡੇ ਤੇ ਪਾਰੀ ਉਦਯੋਗਾਂ ਦੇ ਵਿਕਾਸ ਨਾਲੋਂ ਛੋਟੇ ਅਤੇ ਘਰੇਲੂ ਉਦਯੋਗਾਂ ਦੇ ਵਿਕਾਸ ਦੀ ਹੈ ਕਿਉਂਕਿ

(ੳ) ਜੇਕਰ ਵੱਡੇ ਉਦਯੋਗਾਂ ਵਿਚ ਨਿਵੇਸ਼ ਕਰਨਾ ਹੈ ਤਾਂ ਮਸ਼ੀਨਰੀ ਅਤੇ ਤਕਨੀਕ ਤੇ ਨਿਰਭਰ ਕਰਨਾ ਪਵੇਗਾ। ਇਸ ਨਾਲ ਵਪਾਰ ਦਾ ਸੰਤੁਲਨ ਦੇਸ਼ ਦੀ ਆਰਥਕਤਾ ਵਿਰੁਧ ਜਾਵੇਗਾ।

(ਅ) ਭਾਰਤ ਦੀ ਇਕ ਵੱਡੀ ਸਮੱਸਿਆ ਵੱਧ ਰਹੀ ਵਸੋਂ ਦੀ ਵੀ ਹੈ। ਇਹ ਇਕ ਖਾਸ ਸੀਮਾ ਤੋਂ ਬਾਅਦ ਖੇਤੀਬਾੜੀ ਵਿਚ ਨਹੀਂ ਸਮਾ ਸਕਦੀ। ਇਸ ਲਈ ਬੇਰੁਜ਼ਗਾਰੀ ਸਮੱਸਿਆ ਵੀ ਨਾਲ ਹੀ ਪੈਦਾ ਹੋਣ ਲੱਗਦੀ ਹੈ। ਇਸ ਵਧ ਰਹੀਂ ਵਸੋਂ ਨੂੰ ਰੋਜ਼ਗਾਰ ਦੇਣ ਲਈ ਛੋਟੇ ਉਦਯੋਗਾਂ ਦਾ ਵਿਕਾਸ ਸਮੇਂ ਦੀ ਜ਼ਰੂਰਤ ਅਤੇ ਮੰਗ ਹੈ। ਇਨ੍ਹਾਂ ਛੋਟੇ ਉਦਯੋਗਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਮਜ਼ਦੂਰ ਲਗਾਏ ਜਾ ਸਕਦੇ ਹਨ। ਘਟ ਪੂੰਜੀ ਨਾਲ ਇਨ੍ਹਾਂ ਨੂੰ ਸ਼ੁਰੂ ਕੀਤਾ ਜਾ ਸਕਦਾ ਹੈ।

(ੲ) ਪੂੰਜੀਗਤ ਉਦਯੋਗਾਂ ਵਿਚ ਵਧ ਨਿਵੇਸ਼ ਕਰਨ ਨਾਲ ਆਰਥਕ ਸ਼ਕਤੀ ਕੁਝ ਹੱਥਾਂ ਵਿਚ ਇੱਕਠੀ ਹੋਣ ਦੀ ਸਮੱਸਿਆ ਉਤਪੰਨ ਹੋ ਜਾਂਦੀ ਹੈ ਜਿਹੜੇ ਵੱਡੇ ਵੱਡੇ ਵਪਾਰਕ ਘਰਾਣਿਆ ਅਤੇ ਇਜ਼ਾਰੇਦਾਰੀਆਂ ਨੂੰ ਜਨਮ ਦਿੰਦੀ ਹੈ।

(ਸ) ਸਿਰਫ ਉਦਯੋਗਿਕ ਵਿਕਾਸ ਦੀ ਦਰ ਤੇਜ਼ ਕਰਨ ਨਾਲ ਹੀ ਪੂਰੀ ਆਰਥਕਤਾ ਦੀ ਵਿਕਾਸ ਦਰ ਨਹੀਂ ਵਧਦੀ। ਜੇਕਰ ਕੁਲ ਰਾਸ਼ਟਰੀ ਆਮਦਨ ਵਧਦੀ ਜਾਵੇ ਤਾਂ ਜੇਕਰ ਪ੍ਰਤੀ ਜੀਅ ਆਮਦਨ ਨਹੀਂ ਵਧਦੀ, ਆਮ ਜੰਨ-ਸਧਾਰਣ ਦਾ ਜੀਵਨ ਪੱਧਰ ਉੱਚਾ ਨਹੀਂ ਉਠਦਾ ਤਾਂ ਬਚਤਾਂ ਆਦਿ ਦੇ ਵਾਧੇ ਬਾਰੇ ਸੋਚਿਆ ਵੀ ਨਹੀਂ ਉਠਦਾ ਤਾਂ ਬਚਤਾਂ ਆਦਿ ਦੇ ਵਾਧੇ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਨਾਲ ਨਿਵੇਸ਼ ਵੀ ਘਟ ਹੀ ਹੋਵੇਗਾ। ਇਵੇਂ ਸਿਧਾਂਤਕ ਤੌਰ ਤੇ ਵੀ ਸਿਰਫ ਵੱਡੇ ਉਦਯੋਗਾਂ ਰਾਹੀਂ ਵਿਕਾਸ ਕਰਨਾ ਗਲਤ ਸਿੱਧ ਹੋ ਜਾਂਦਾ ਹੈ।

**3. ਵੱਧ ਰਹੀ ਬੇਰੁਜ਼ਗਾਰੀ ਅਤੇ ਗਰੀਬੀ ਦੀ ਸਮੱਸਿਆ**

ਹਰ ਯੋਜਨਾ ਵਿਚ ਇਹ ਟੀਚਾ ਰੱਖਿਆ ਜਾਂਦਾ ਹੈ ਕਿ 5 ਪ੍ਰਤੀਸ਼ਤ ਵਿਕਾਸ ਦੀ ਦਰ ਹੋਵੇਗੀ। ਪਰ ਬਾਵਜੂਦ ਇਸ ਦੇ ਕਦੇ ਵੀ ਇਹ ਟੀਚਾ ਪੂਰਾ ਨਹੀਂ ਹੋ ਸਕਿਆ। ਸਾਡੇ ਯੋਜਨਾਕਾਰ ਆਪਣੀ ਜੁਗਤ ਨੂੰ ਤਬਦੀਲ ਨਹੀਂ ਕਰ ਰਹੇ। ਹਰੇਕ ਯੋਜਨਾਂ ਵਿਚ ਇਹ ਕਿਹਾ ਗਿਆ ਕਿ ਆਉਣ ਵਾਲੇ 15-20 ਸਾਲਾਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰ ਦਿੱਤੀ ਜਾਵੇਗੀ। ਪਰ ਅੰਕੜੇ ਦੱਸਦੇ ਹਨ ਕਿ ਹਰ ਯੋਜਨਾ ਦੇ ਅੰਤ ਤੇ ਇਨ੍ਹਾਂ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵਾਧਾ ਹੀ ਹੋ ਰਿਹਾ ਹੈ। ਇਸ ਦਾ ਕਾਰਨ ਵਧ ਰਹੀ ਆਬਾਦੀ ਹੀ ਨਹੀਂ ਗਲਤ ਯੋਜਨਾ ਨੀਤੀ ਅਤੇ ਜੁਗਤ ਹੈ।

**4. ਆਰਥਿਕ ਸ਼ਕਤੀ ਦਾ ਕੁਝ ਹੱਥਾਂ ਵਿਚ ਇਕੱਠੇ ਹੋਣਾ**

ਭਾਰੀ ਉਦਯੋਗ ਜੁਗਤ ਕਾਰਨ ਆਰਥਿਕ ਸ਼ਕਤੀ ਕੁਝ ਹੱਥਾਂ ਵਿਚ ਇੱਕਠੀ ਹੋ ਰਹੀ ਹੈ। ਇਸ ਨਾਲ ਵੱਡੇ ਵਪਾਰਕ ਘਰਾਣੇ ਪ੍ਰਫੁਲਿਤ ਹੋ ਰਹੇ ਹਨ, ਉਨ੍ਹਾਂ ਦੇ ਸਾਧਨ ਦਿਨੋ ਦਿਨ ਵੱਧ ਰਹੇ ਹਨ। ਪਰ ਦੂਜੇ ਪਾਸੇ ਗਰੀਬ ਹੋਰ ਗਰੀਬ ਹੋ ਰਹੇ ਹਨ ਜਦੋਂ ਉਨ੍ਹਾਂ ਦੀ ਪੂੰਜੀਗਤ ਉਦਯੋਗਾਂ ਵਿਚ ਕੋਈ ਰੁਜ਼ਗਾਰ ਮਿਲਣ ਦੀ ਆਸ ਨਹੀਂ ਹੁੰਦੀ। ਆਧੁਨਿਕ ਤਕਨੀਕ ਮਨੁੱਖ ਨੂੰ ਮਸ਼ੀਨ ਨਾਲ ਬਦਲ ਰਹੀ ਹੈ ਅਰਥਾਤ ਮਨੁੱਖ ਦੀ ਥਾਂ ਮਸ਼ੀਨ ਲੈ ਰਹੀ ਹੈ। ਇਸ ਨਾਲ ਬੇਰੁਜ਼ਗਾਰੀ ਹੋਰ ਵੀ ਵਧ ਰਹੀ ਹੈ ਤੇ ਗਰੀਬੀ ਨੂੰ ਬੜ੍ਹਾਵਾਂ ਦੇ ਰਹੀ ਹੈ। ਦੂਜੇ ਪਾਸੇ ਇਜ਼ਾਰਦੇਾਰੀ ਨਾਲ ਸੰਬੰਧਿਤ ਮਦੁਰਾ ਸਫੀਤੀ ਵਰਗੀਆਂ ਸਮੱਸਿਆਵਾਂ ਵੀ ਜੁੜੀਆਂ ਹੋਈਆਂ ਹਨ। ਇਸ ਨਾਲ ਵੀ ਧਨ ਗਰੀਬਾਂ ਹੱਥੋਂ ਅਮੀਰਾਂ ਵਲ ਜਾ ਰਿਹਾ ਹੈ। ਇਵੇਂ ਆਰਥਿਕਤਾ ਵਿਚ ਨਾ-ਬਰਾਬਰੀ ਹੋਰ ਵੱਧ ਰਹੀ ਹੈ।

**5. ਵੱਧ ਰਿਹਾ ਵਪਾਰਕ ਘਾਟਾ ( Growing Trade Deflcit)**

ਇਸ ਦਾ ਕਾਰਨ ਹੈ ਅਯਾਤ ਦਾ ਮੁੱਲ ਨਿਰਯਾਤ ਨਾਲੋਂ ਵੱਧ ਹੋਣਾ। ਪੂੰਜੀਗਤ ਵਸਤਾਂ, ਭਾਰੀ ਮਸ਼ੀਨਰੀ ਆਦਿ ਬਾਹਰੋਂ ਮੰਗਵਾਈਆਂ ਜਾ ਰਹੀਆਂ ਹਨ, ਜਿਸ ਦੀ ਯੋਜਨਾਕਾਰਾਂ ਅਨੁਸਾਰ ਜ਼ਰੂਰਤ ਹੈ। ਪਰ ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਨਿਰਯਾਤ ਵਾਧਾ ਜਾਂ ਆਯਾਤ ਪਰਿਸਥਾਪਨ ਦੀਆਂ ਨੀਤੀਆਂ ਵੀ ਕੁਝ ਨਹੀਂ ਕਰ ਸਕਦੀਆਂ। R.B.I. ਦੀ ਕਰੰਸੀ ਐਂਡ ਫਾਈਨੈਂਸ (currency and Finance) ਦੀ ਰਿਪੋਰਟ, ਅਨੁਸਾਰ ਇਹ ਵਪਾਰਕ ਘਾਟਾ ਚੌਥੀ ਯੋਜਨਾਂ ਵਿਚ 1560 ਕਰੋੜ ਰੁਪਏ ਸੀ ਜਿਹੜਾ ਵੱਧ ਕੇ ਪੰਜਵੀਂ ਯੋਜਨਾ ਵਿਚ ਕ੍ਰਮਵਾਰ 3780 ਅਤੇ 28100 ਕਰੋੜ ਰੁ: ਹੋ ਗਿਆ। ਸੱਤਵੀਂ ਯੋਜਨਾ ਦੇ ਵੱਧ ਦੇ ਅੰਦਾਜ਼ੇ ਅਨੁਸਾਰ ਇਹ 18190 ਕਰੋੜ ਰੁਪਏ ਸੀ।

ਇਸ ਵਿਆਖਿਆ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜੇਕਰ ਆਰਥਕ ਵਿਕਾਸ ਦੀ ਦਰ ਨੂੰ ਯੋਜਨਾਵਾਂ ਵਿਚ ਰਖੇ ਉਦੇਸ਼ਾਂ ਮੁਤਾਬਕ ਵਧਾਉਣਾ ਹੈ ਤਾਂ ਆਪਣੀ ਯੋਜਨਾ ਜੁਗਤ ਨੂੰ ਸਮੇਂ ਦੀ ਲੋੜ ਅਨੁਸਾਰ ਤਬਦੀਲ ਕਰਦੇ ਰਹਿਣਾ ਚਾਹੀਦਾ ਹੈ।

ਦੂਜੀ ਯੋਜਨਾ ਦੀ ਜੁਗਤ ਦੇ ਮਿਲੇ ਪ੍ਰਤੀਕਰਮ ਦਾ ਤੀਜੀ ਯੋਜਨਾ ਦੇ ਖਰੜੇ ਉਪਰ ਕੁਝ ਅਸਰ ਪਿਆ। ਸਟੈਟਿਕ ਇਨਪੁਟ-ਆਉਟ ਪੁਟ ਮਾਡਲ (Static input-output model) ਉਪਰ ਅਧਾਰਤ ਇਸ ਯੋਜਨਾ ਦੀ ਜੁਗਤ ਵਿਚ ਸੰਤੁਲਤ ਖੇਤਰੀ ਵਿਕਾਸ ਉਪਰ ਜ਼ੋਰ ਦਿੱਤਾ ਗਿਆ। ਖੇਤੀਬਾੜੀ ਅਤੇ ਉਦਯੋਗਾਂ ਦੀ ਆਪਣੀ ਨਿਰਭਰਤਾ ਨੂੰ ਪਛਾਣਦੇ ਹੋਏ ਮੁੜ ਖੇਤੀਬਾੜੀ ਨੂੰ ਉਤਸ਼ਾਹਤ ਕੀਤਾ ਗਿਆ। (ਜਿਹੜੀ ਦੀ ਪਲਾਨ ਵੇਲੇ ਨਹੀਂ ਸੀ) ਇਸ ਤੋਂ ਬਾਅਦ ਕੁਝ ਆਰਥਕ ਤੇ ਰਾਜਨੀਤਿਕ ਵਿਘਨ ਕਾਰਨ ਤਿੰਨ ਸਾਲਾਂ ਤੱਕ ਯੋਜਨਾਵਾਂ ਨੂੰ ਅੱਗੇ ਪਾਉਣਾ ਪਿਆ।

ਚੋਥੀ ਯੋਜਨਾ ਵਿਚ ਆਰਥਕ ਬਰਾਬਰੀ, ਆਤਮ ਨਿਰਭਰਤਾ ਅਤੇ ਸਥਿਰਤਾ ਵਾਲੇ ਵਿਕਾਸ ਦੇ ਉਦੇਸ਼ਾਂ ਦੀ ਪੂਰਤੀ ਲਈ ਗੈਡਗਿਲ ਜੁਗਤ (Gadgil Strategy) ਨੂੰ ਅਪਣਾਇਆ ਗਿਆ। ਇਥੇ ਡਾਇਨਮਿਕ ਮਾਡਲ ਵਰਤਿਆ ਗਿਆ ਸੀ। ਹੁਣ ਸਾਰੀ ਆਰਥਿਕਤਾ ਦੀ ਖੇਤਰ-ਦਰ-ਖੇਤਰ ਵੰਡ ਕੀਤੀ ਗਈ ਪਰ ਭਾਰੀ ਉਦਯੋਗਾਂ ਦੇ ਵਿਕਾਸ ਵਲ ਫਿਰ ਰੁਝਾਨ ਵਧ ਗਿਆ ਸੀ। ਇਹ ਆਤਮ ਨਿਰਭਰ ਵਿਕਾਸ ਵਾਸਤੇ ਜ਼ਰੂਰੀ ਸਮਝਿਆ ਗਿਆ।

ਚੌਥੀ ਯੋਜਨਾ ਵਿਚ ਹੀ ਖੇਤੀਬਾੜੀ ਦੀ ਨਵੀਂ ਜੁਗਤ ਆਮਦਨ ਨੂੰ 5 ਪ੍ਰਤੀਸ਼ਤ ਸਾਲਾਨਾ ਦਰ ਵਧਾਉਣ ਦਾ ਸੀ। ਆਰਥਕ ਸਥਿਰਤਾ ਦੁਆਰਾ ਆਰਥਿਕ ਵਿਕਾਸ ਕਰਨ ਲਈ ਆਮ ਸੀਮਤ ਪੱਧਰ ਅਤੇ ਖਾਸ ਕਰਕੇ ਖਾਸ ਪਦਾਰਥਾ ਦੀਆਂ ਕੀਮਤਾਂ ਵਿਚ ਸਥਿਰਤਾ ਦੀ ਦਰ ਨਾਲ ਨਿਰਯਾਤ ਵਿਚ ਵਾਧਾ ਕਰਨਾ ਵੀ ਯੋਜਨਾ ਦਾ ਮੁੱਖ ਉਦੇਸ਼ ਹੋਣ ਕਰਕੇ ਯੋਜਨਾ ਜੁਗਤ ਦਾ ਹਿੱਸਾ ਸੀ। ਇਹ ਮਹਿਸੂਸ ਕੀਤਾ ਜਾ ਰਿਹਾ ਸੀ ਸਰਵਜਨਕ ਖੇਤਰ ਦਾ ਵਿਕਾਸ ਭਾਵੇਂ ਹੋ ਰਿਹਾ ਹੈ ਪਰ ਕਾਰਜ

ਕੁਸ਼ਲਤਾ ਅਤੇ ਲਾਭ ਦੇ ਲਿਹਾਜ਼ ਨਾਲ ਇਸ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ। ਇਸ ਲਈ ਸਰਵਜਨਕ ਖੇਤਰ ਨੂੰ ਵੱਧ ਮਹੱਤਵ ਦਿੱਤਾ ਗਿਆ। ਉਦਯੋਗਿਕ ਨੀਤੀ ਵਿਚ ਇਸ ਖੇਤਰ ਵਿਚ ਨਿਵੇਸ਼ ਦੀ ਵਧ ਜ਼ਰੂਰਤ ਤੇ ਜ਼ੋਰ ਦਿੱਤਾ ਜਾਣਾ ਯੋਜਨਾ ਜੁਗਤ ਦਾ ਇਕ ਮੁੱਖ ਮੁੱਦਾ ਸੀ।

ਪੰਜਵੀਂ ਯੋਜਨਾ ਦਾ ਉਦੇਸ਼ ਪਹਿਲਾ ਗਰੀਬੀ ਖਤਮ ਕਰਨਾ ਅਤੇ ਦੂਜਾ ਆਤਮ ਨਿਰਭਰਤਾ ਸੀ। ਗਰੀਬੀ ਖਤਮ ਕਰਨ ਵਾਸਤੇ ਇਸ ਤਰ੍ਹਾਂ ਪ੍ਰੋਗਰਾਮ ਉਲੀਕਿਆ ਗਿਆ ਕਿ ਇਸ ਦੇ ਮੁੱਢਲੇ ਕਾਰਨਾਂ ਦੀ ਜਾਂਚ ਕੀਤੀ ਜਾਵੇ। ਅੰਤ ਵਿਚ ਯੋਜਨਾਕਾਰ ਇਸ ਸਿੱਟੇ ਤੇ ਪੁੱਜੇ ਕਿ ਆਮ ਗਰੀਬੀ ਦਾ ਮੁੱਖ ਕਾਰਨ ਵਸੋਂ ਦਾ ਵਾਧਾ ਨਹੀਂ ਸਗੋਂ ਆਰਥਕ ਵਿਕਾਸ ਦਾ ਪੱਧਰ ਨੀਵਾ ਹੋਣਾ ਹੈ। ਇਸ ਲਈ ਇਸ ਪ੍ਰਕਾਰ ਦੀ ਯੋਜਨਾ ਨੀਤੀ ਹੋਵੇ ਕਿ ਆਰਥਕ ਵਿਕਾਸ ਦੀ ਦਰ ਵਧਣ ਦੇ ਨਾਲ-ਨਾਲ ਆਮ ਜੀਵਨ ਪੱਧਰ ਉੱਚਾ ਹੋਵੇ, ਰਾਸ਼ਟਰੀ ਆਮਦਨ ਵਧਣ ਦੇ ਨਾਲ ਪ੍ਰਤੀ ਵਿਅਕਤੀ ਆਮਦਨ ਵੀ ਵਧੇ। ਦੂਜੇ, ਆਤਮ ਨਿਰਭਰ ਵਿਕਾਸ ਵਾਸਤੇ, ਜਿਹੜਾ ਕਿ ਇਸ ਪੰਜਵੀਂ ਪੰਜ ਸਾਲਾ ਯੋਜਨਾਂ ਦੀ ਜੁਗਤ ਦਾ ਧੁਰਾ ਜਾਂ ਥੰਮ ਸੀ, ਇਹ ਨਿਸ਼ਚਿਤ ਕੀਤਾ ਗਿਆ ਕਿ ਵਿਦੇਸ਼ੀ ਪੂੰਜੀ ਭਾਰਤੀ ਵਚ ਕਿਸੇ ਵੀ ਹਾਲਤ ਅਤੇ ਕਿਸੇ ਰੂਪ ਵਿਚ ਨਹੀਂ ਲਗਣੀ ਚਾਹੀਦੀ।

ਇਨ੍ਹਾਂ ਦੇ ਮੁੱਖ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਕਈ ਪ੍ਰੋਗਰਾਮ ਬਦਾਏ ਤਾ ਕਿ ਆਮ ਜਨ-ਸਾਧਾਰਨ ਦਾ ਘਟੋ ਘਟ ਉਪਭੋਗ ਪੱਧਰ (Minimum Consumption Level) ਉੱਚਾ ਹੋਵ ਅਤੇ ਦੂਜਾ ਨਿਰਯਾਤ ਦਾ ਵਾਧਾ ਅਤੇ ਅਯਾਤ ਪਰਿਸਥਾਪਨ ਕੀਤਾ ਜਾਵੇ।

ਛੇਵੀਂ ਪੰਜ ਸਾਲਾ ਯੋਜਨਾ ਦਾ ਪਹਿਲਾ ਖਰੜਾ ਜਨਤਾ ਸਰਕਾਰ ਦੁਆਰਾ ਤਿਆਰ ( 1978-83) ਗਿਆ। ਇਸ ਨੇ ਆਪਣੀ ਜੁਗਤ ਵਿਚ ਭਾਰੀ ਉਦਯੋਗ ਜੁਗਤ ਦੇ ਕਰੜੇ ਸ਼ਬਦਾਂ ਵਿਚ ਅਲੋਚਨਾ ਕੀਤੀ। ਇਹ ਉਹ ਸਮਾਂ ਸੀ ਜਦੋਂ ਦੇਸ਼ ਬਹੁਤ ਹੀ ਸੰਕਟਮਈ ਹਾਲਤਾਂ ਵਿਚੋਂ ਗੁਜ਼ਰ ਰਿਹਾ ਸੀ। ਆਰਥਕ ਸੰਕਟ ਦੇ ਨਾਲ ਨਾਲ ਰਾਜਨੀਤਕ ਸੰਕਟ ਵੀ ਸੀ। ਐਮਰਜੈਂਸੀ ਦਾ ਦੌਰ ਚਲ ਰਿਹਾ ਸੀ। ਦੂਜੇ ਪਾਸੇ ਕੀਮਤਾਂ ਦਾ ਪੱਧਰ ਕਾਫੀ ਉੱਚਾ ਹੋ ਕੇ ਸੀਮਾ ਪਾਰ ਕਰ ਚੁੱਕਿਆ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਦੇਸ਼ ਵਿਚ ਪੈਦਾ ਹੋਏ ਆਮ ਜਨ-ਸਾਧਾਰਨ ਦੇ ਜੀਵਨ ਵਿਚ ਆਏ ਉਤਰਾਅ ਚੜ੍ਹਾਅ ਨੂੰ ਰੋਕਣਾ ਸੀ ਜਿਸ ਲਈ ਮੁਦਰਾ ਸਫੀਤੀ ਨੂੰ ਰੋਕਦਾ, ਗਰੀਬੀ ਦਾ ਖਾਤਮਾ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਮੁਹੱਈਆਂ ਕਰਨੇ ਸਨ। ਇਸ ਲਈ ਘਰੇਲੂ ਅਤੇ ਛੋਟੇ ਉਦਯੋਗਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ। ਰੁਜ਼ਗਾਰ ਦੀਆਂ ਨਵੀਆਂ ਸਕੀਮਾਂ ਸ਼ੁਰੂ ਕੀਤੀਅ ਗਈਆਂ। ਵਿਦੇਸ਼ੀ ਪੂੰਜੀ ਅਤੇ ਨਿਵੇਸ਼ ਨੂੰ ਤੇ ਰੋਕਾਂ ਲਗਾਉਣ ਲਈ ਰੈਗੂਲੇਸ਼ਨ ਪਾਸ਼ ਕੀਤੇ ਗਏ।

ਪਰ ਕਿਉਂਕਿ ਸਰਕਾਰ ਥੁੜ੍ਹ-ਚਿਰੀ ਸੀ। ਇਸ ਲਈ ਯੋਜਨਾ ਦੇ ਖਰੜੇ ਦੇ ਨਾਲ ਹੀ ਇਸ ਦੇ ਉਦੇਸ਼ ਤੇ ਟੀਚੇ ਆਦਿ ਵੀ ਬਦਲ ਦਿੱਤੇ ਗਏ। 1980 ਵਿਚ ਮੁੜ ਕਾਂਗਰਸ ਸਰਕਾਰ ਦੇ ਸੱਤਾ ਵਿਚ ਆ ਜਾਣ ਕਰਕੇ ਪਹਿਲਾਂ ਦਿੱਤੀ ਗਈ ਜੁਗਤ ਨੂੰ ਬਦਲ ਦਿੱਤਾ ਭਾਵੇਂ ਮੁਖ ਰੂਪ ਵਿਚ ਕੋਈ ਵੱਡਾ ਫਰਕ ਨਹੀਂ ਪਰ ਜੁਗਤ ਵਿਚ ਦੱਸੇ ਨਿਸ਼ਾਨੇ ਅਤੇ ਉਦੇਸ਼ਾਂ ਦੀ ਪੂਰਤੀ ਵਾਸਤੇ ਪ੍ਰੋਗਰਾਮ ਤਬਦੀਲ ਕਰ ਦਿੱਤੇ ਗਏ।

ਨਵੀਂ ਛੇਵੀਂ ਪੰਜ ਸਾਲਾ ਯੋਜਨਾ ਦੀ ਜੁਗਤ (1980-85) ਵਿਚ ਮੁੱਢਲੇ ਢਾਂਚੇ ਨੂੰ ਮਜ਼ਬੂਤ ਕਰਨ ਵਾਸਤੇ ਉਦਯੋਗ ਅਤੇ ਖੇਤੀਬਾੜੀ ਦੋਵਾ ਖੇਤਰਾਂ ਨੂੰ ਇਕੋ ਜਿਹੀ ਮਹੱਤਤਾ ਦਿੱਤੀ ਗਈ। ਇਸ ਯੋਜਨਾ ਵਿਖ ਖੇਤਰੀ ਸੰਤੁਲਨ ਉਪਰ ਵੱਧ ਜ਼ੋਰ ਦਿੱਤਾ ਗਿਆ ਕਿਉਂਕਿ ਆਰਥਕ ਵਿਕਾ ਨਾਲ Back wash ਅਸਰ ਜ਼ਿਆਦਾ ਹੋ ਰਿਹਾ ਹਸੀ। ਸਰਵਜਨਕ ਖੇਤਰ ਦੀ ਮਹੱਤਤਾ ਨੂੰ ਸਮਝਦੇ ਹੋਏ ਵੱਧ ਤੋਂ ਵੱਧ ਤੋਂ ਵੱਧ ਨਿਵੇਸ਼ ਇਸ ਖੇਤਰ ਦੁਆਰਾ ਕਰਨ ਦੀ ਤਜਵੀਜ਼ ਰਖੀ ਗਈ। ਦੂਸਰੇ ਉਦੇਸ਼ਾਂ ਦੀ ਪੂਰਤੀ ਲਈ ਜਿਵੇਂ ਗਰੀਬੀ ਖਤਮ ਕਰਨਾ, ਵਧ ਰੁਜ਼ਗਾਰ ਦੇ ਖਾਤਮੇ ਵਾਸਤੇ ਖਾਸ ਤੌਰ ਤੇ 5.2 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਘਰੇਲੂ ਉਤਪਾਦਨ (domestic product) ਵਿਚ ਵਾਧੇ ਦਾ ਟੀਚਾ ਸਸੀ। ਰੁਜ਼ਗਾਰ ਵਧਾਉਣ ਲਈ ਤਕਨੀਕ ਦੀ ਤਬਦੀਲੀ ਲਾਜ਼ਮੀ ਸਮਝੀ ਗਈ। ਸਪੈਸ਼ਲ ਏਰੀਆਂ ਪ੍ਰੋਗਰਾਮ ਬਣਾਏ ਗਏ ਤਾਂ ਕਿ ਪੂਰਨ ਰੁਜ਼ਗਾਰ ਪ੍ਰਾਪਤ ਕੀਤੇ ਜਾ ਸਕਦੇ। ਇਸ ਤੋਂ ਇਲਾਵਾ ਸਮਾਜਕ ਭਲਾਈ ਦੇ ਕੰਮਾਂ ਵਿਚ ਸੁਧਾਰ ਅਤੇ ਕੁਝ ਹੋਰ ਕੰਮ ਕੰਮ ਸ਼ੁਰੂ ਕਰਨ ਨੂੰ ਵੀ ਤਰਜੀਹ ਦਿੱਤੀ ਗਈ। ਆਮ ਜੀਵਨ ਪੱਧਰ ਚੁੱਕਣ ਵਾਸਤੇ (Minimum need Programme) ਜਿਹੜੀ ਪੰਜਵੀਂ ਯੋਜਨਾ ਵਿਚ ਸ਼ੁਰੂ ਕੀਤਾ ਗਿਆ ਸੀ, ਉਸ ਨੂੰ ਜਾਰੀ ਰਖਿਆ ਗਿਆ। ਇਸ ਪ੍ਰੋਗਰਾਮ ਅਨੁਸਾਰ ਮੁੱਢਲੀ ਅਤੇ ਬਾਲਗ ਸਿੱਖਿਆ, ਪੇਂਡੂ ਸਿਹਤ, ਸਾਫ ਪੀਣ ਦੇ

ਪਾਣੀ ਦੀ ਸਹੂਲਤ, ਸੜਕਾਂ, ਬਿਜਲੀ, ਹਾਊਸਿੰਗ ਅਤੇ ਅਰਬਨ ਵਿਕਾਸ ਯੋਜਨਾਵਾਂ, ਸਾਫ ਅਤੇ ਸਿਹਤਮੰਦ ਖਾਣਾ ਆਦਿ ਦੇ ਕੁਝ ਮੁੱਖ ਨੁਕਤੇ ਰੱਖੇ ਗਏ ਸਨ।

ਸੱਤਵੀਂ ਯੋਜਨਾ (1985-90) ਦੀ ਜੁਗਤ ਦੀ ਮੁੱਖ ਧਾਰਾ ਪਹਿਲੀਆਂ ਯੋਜਨਾਵਾਂ ਵਾਲੀ ਹੀ ਸੀ। ਪਰ ਨੈਸ਼ਨਲ ਡਿਵੈਲਮੈਂਟ ਕੌਂਸਲ ਦੁਆਰਾ ਪਾਸ ਕੀਤੇ ਖਰੜੇ ਵਿਚ ਮੁੱਖ ਜ਼ੋਰ ਖਾਧ ਪਦਾਰਥਾਂ ਦੀ ਪੂਰਤੀ ਅਤੇ ਵਾਧਾ, ਵੱਧ ਰੁਜ਼ਗਾਰ ਮੌਕੇ ਪੈਦਾ ਕਰਨੇ ਅਤੇ ਉਦਯੋਗਾਂ ਵਿਚ ਉਤਪਾਦਨ ਵਧਾਉਣ ਉਪਰ ਸੀ।

ਇਸ ਯੋਜਨਾ ਦਾ ਲੰਮੇ ਸਮੇਂ ਲਈ ਖਰੜਾ ਤਿਆਰ ਕੀਤਾ ਗਆਿ ਜਿਸ ਨੂੰ ਲਮੇ ਸਮੇਂ ਦੀ ਵਿਕਾਸ ਜੁਗਤ ਕਿਹਾ ਜਾਂਦਾ ਹੈ। ਇਸ ਦੇ ਮੁੱਖ ਉਦੇਸ਼ ਹੇਠਾਂ ਲਿਖੇ ਸਨ:

1. ਉਤਪਾਦੀ ਰੁਜ਼ਗਾਰ (Productive employment) ਪੈਦਾ ਕਰਨਾ ਜਿਹੜਾ ਉਤਪਾਦਨ ਦੀ ਤਕਨੀਕੀ ਬਦਲ ਕੇ, ਲੇਬਰ ਇਨਟੈਂਸਿਵ ਪ੍ਰਜੇਕਟ ਸ਼ੁਰੂ ਕਰਕੇ, ਜਾਂ ਖੇਤੀਬਾੜੀ ਦਾ ਪੈਟਰਨ ਤਬਦੀਲ ਕਰਕੇ ਕਿਸੇ ਵੀ ਤਰ੍ਹਾਂ ਸੰਭਵ ਹੋ ਸਕੇਗਾ।
2. ਲੰਮੇ ਸਮੇਂ ਦੀ ਜੁਗਤ ਦਾ ਦੂਜਾ ਮੁੱਖ ਨੁਕਤ ਹੈ ਗਰੀਬੀ ਦੇ ਅਸਰ ਨੂੰ ਖਤਮ ਕਰਕੇ ਆਮ ਜ਼ਿੰਦਗੀ ਦੀ ਕਿਸਮ ਨੂੰ ਸੁਧਾਰਨਾ। ਇਹ ਪੇਂਡੂ ਯੁਵਕਾਂ ਨੂੰ ਵੱਧ ਰੁਜ਼ਗਾਰ ਦੇ ਮੌਕੇ ਦੇ ਕੇ ਵੀ ਕੀਤਾ ਜਾ ਸਕੇਗਾ।
3. ਸਵੈ-ਰੁਜ਼ਗਾਰ ਪੈਦਾ ਕਰਨ ਲਈ ਐਹੋ ਜਿਹੀਆਂ ਵਿਤੀ ਸੰਸਥਾਵਾਂ ਅਤੇ ਵਿਤੀ ਨੀਤੀਆਂ ਸ਼ੁਰੂ ਕੀਤੀਆਂ ਗਈਆਂ ਹਨ ਕਿ ਯੁਵਕ ਖੁਦ ਕੋਈ ਕੰਮ ਧੰਦਾ ਮਾਲੀ ਸਹਾਇਤਾ ਲੈ ਕੇ ਸ਼ੁਰੂ ਕਰ ਸਕਣ।
4. ਖਾਦ ਪਦਾਰਥਾ, ਤੇਲ, ਚੀਨੀ, ਕਪੜਾ, ਕੁਕਿੰਗ ਗੈਸ ਆਦਿ ਜ਼ਰੂਰੀ ਵਸਤਾਂ ਦੀਆ ਕੀਮਤਾਂ ਵਿਚ ਸਥਿਰਤਾ ਲਿਆਉਣ ਲਈ ਇਨ੍ਹਾਂ ਦੇ ਉਤਪਾਦਨ ਵਿਚ ਵਾਧਾ ਕਰਨਾ ਤਾਂ ਕਿ ਆਮ ਕੀਮਤਾਂ ਸਥਿਰ ਰਹਿਣ ਪਰ ਲੋਕਾਂ ਦੀ ਖਰੀਦ ਸ਼ਕਤੀ ਵਧੇ।
5. ਜਿਹੜੇ ਪ੍ਰਾਜੈਕਟ ਸ਼ੁਰੂ ਕੀਤੇ ਜਾ ਚੁੱਕੇ ਹਨ ਉਨ੍ਹਾਂ ਦੀ ਉਤਪਾਦਕਤਾ ਵਧਾਉਣ ਦੇ ਵਧੇਰੇ ਯਤਨ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਭਾਰਤੀ ਅਰਥ ਵਿਵਸਥਾ ਦੀ ਮੁੱਖ ਕਮਜ਼ੋਰੀ ਇਹੀ ਰਹੀ ਹੈ ਕਿ ਇਸ ਦੇ ਸਾਧਨਾਂ ਦੀ ਉਪਭੋਗਤਾ ਅਤੇ ਕਾਰਜ ਕੁਸ਼ਲਤਾ ਬਹੁਤ ਘੱਟ ਹੈ।
6. ਮਨੁੱਖੀ ਸਾਧਨਾਂ ਦੀ ਦੁਰਵਰਤੋਂ ਰੋਕਣ ਦੇ ਉਪਾਉ ਕਰਨੇ ਵੀ ਇਸ ਯੋਜਨਾ ਦਾ ਮੁੱਖ ਟੀਚਾ ਹੈ। ਇਸ ਲਈ ਇਸ ਪਾਸੇ ਵੱਲ ਖਾਸ ਧਿਆਨ ਦਿੱਤਾ ਗਿਆ ਹੈ।

ਸੱਤਵੀਂ ਯੋਜਨਾ ਦੀ ਜੁਗਤ ਮੁੱਖ ਤੌਰ ਤੇ ਵਿਕਾਸ, ਆਧੁਨਿਕੀਕਰਨ, ਸਵੈ-ਨਿਰਭਰਤਾ ਅਤੇ ਸਮਾਜਕ ਨਿਆਂ ਤੋ ਪ੍ਰਭਾਵਿਤ ਸੀ। ਇਸੇ ਨੂੰ ਮੁੱਖ ਰੱਖ ਕੇ ਹੀ ਯੋਜਨਾ ਦਾ ਖਰੜਾ ਤਿਆਰ ਕੀਤਾ ਗਿਆ ਸੀ। ਯੋਜਨਾ ਦਾ ਕੁਲ ਖਰਚ 322.366 ਕਰੋੜ ਸੀ ਜਿਸ ਵਿਚੋਂ 180.000 ਕਰੋੜ ਸਵਰਜਨਕ ਖੇਤਰ ਵਿਚ ਖਰਚ ਕੀਤੇ ਜਾਂਦੇ ਸਨ। 94 ਪ੍ਰਤੀਸ਼ਤ ਵਿਤੀ ਸਾਧਨ ਘਰੇਲੂ ਸਰੋਤਾਂ ਤੋਂ ਪੂਰੇ ਕੀਤੇ ਗਏ। ਘਰੇਲੂ ਉਤਪਾਦਨ 5 ਪ੍ਰਤੀਸ਼ਤ ਸਲਾਨਾ ਦਰ ਨਾਲ ਵੱਧਣ ਦਾ ਟੀਚਾ ਸੀ। ਕੁਲ ਨਿਵੇਸ਼ ਵਿਚ ਸਵਰਜਨਕ ਖੇਤਰ ਦਾ ਹਿੱਸਾ 48 ਪ੍ਰਤੀਸ਼ਤ ਸੀ। ਨਿੱਜੀ ਕਾਰਪੋਰੇਟ ਖਤੇਰ ਦਾ 17 ਪ੍ਰਤੀਸ਼ਤ ਅਤੇ ਅਨ-ਇਨਾਰਪੋਰੇਟ ਖੇਤਰ ਅਤੇ ਘਰੇਲੂ ਬਚਤਾਂ ਦਾ ਹਿੱਸਾ 35 ਪ੍ਰਤੀਸ਼ਤ ਹੋਣਾ ਸੀ। ਸਰਵਜਨਕ ਖੇਤਰ ਵਿਚ ਸ਼ਕਤੀ ਖੇਤਰ (energy sector) ਨੂੰ ਸਭ ਤੋਂ ਵੱਧ ਮਾਨਤਾ ਦਿੱਤੀ ਗਈ। ਕੁਲ ਨਿਵੇਸ਼ ਦਾ 30.105 ਪ੍ਰਤੀਸ਼ਤ ਇਸ ਖੇਤਰ ਵਿਚ, 22.09 ਪ੍ਰਤੀਸ਼ਤ ਖੇਤੀਬਾੜੀ ਵਿਚ ਨਿਵੇਸ਼ ਕੀਤਾ ਗਿਆ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਪੇਂਡੂ ਅਤੇ ਖੇਤਰੀ ਵਿਕਾਸ ਵਲ਼ ਇਸ ਯੋਜਨਾ ਜੁਗਤ ਦਾ ਜ਼ਿਆਦਾ ਮਹੱਤਵ ਸੀ। ਕੁਝ ਚੁਣੇ ਹੋਏ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਪਾਇਲਟ ਪ੍ਰਾਜੈਕਟ ਵੀ ਸ਼ੁਰੂ ਕੀਤੇ ਗਏ।

1992-97 ਅੱਠਵੀਂ ਯੋਜਨਾ ਚਾਲੂ ਕੀਤੀ ਗਈ ਜਿਸ ਵਿਚ ਟੀਚੇ ਪਹਿਲੀਆਂ ਯੋਜਨਾਵਾਂ ਨਾਲਂ ਹੱਟ ਕੇ ਮਿਕੇ ਗਏ। ਅਰਥ ਵਿਵਸਕਾ ਖੁਲ੍ਹੀ ਆਰਥਕਤਾ ਵਿਚ ਬਦਲ ਦਿੱਤੀ ਗਈ ਹੈ ਜਿਸ ਦਾ ਮੁੱਖ ਮੰਤਵ ਅੰਤਰ ਰਾਸ਼ਟਰੀ ਪੱਧਰ ਤੇ ਮੁਕਾਬਲੇ ਦੀ ਦੌੜ ਵਿਚ ਹਿੱਸਾ ਲੈਂਦਾ ਸੀ। ਪਰ, ਜਿਵੇਂ ਕਿ ਪਹਿਲੀਆਂ ਯੋਜਨਾਵਾਂ ਦਾ ਤਜਰਬਾ ਹੈ ਕਿ ਯੋਜਨਾ ਦੀ ਜੁਗਤ ਵਿਚ ਵੀ ਸਿਧਾਂਤਕ ਤੌਰ ਤੇ ਲਗਦਾ ਹੈ ਕਿ ਜਿਸ ਤਰ੍ਹਾਂ ਦੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ, ਇਹ ਆਪਣੇ ਉਦੇਸ਼, ਇਨ੍ਹਾਂ ਦੀ ਸਹਾਇਤਾ ਨਾਲ ਜ਼ਰੂਰ ਹੀ ਪੂਰੇ ਕਰ ਲਵੇਗੀ। ਪਰ ਜਦੋਂ ਅਸੀਂ ਆਮ ਜਨ-ਸਾਧਾਰਨ ਦਾ ਜੀਵਨ ਪੱਧਰ

ਦੇਖਦੇ ਹਾਂ ਤਾਂ ਅਸੀਂ ਸਹਿਜੇ ਹੀ ਕਹਿ ਸਕੇ ਹਾਂ ਕਿ ਗਰੀਬੀ ਤਾਂ ਸਗੋਂ ਹੋਰ ਵੀ ਵੱਧ ਰਹੀਂ ਹੈ। ਆਮ ਕੀਮਤ ਪੱਧਰ ਵਿਚ ਵਾਧਾ ਹੋ ਰਿਹਾ ਹੈ। ਖਾਦ ਪਦਾਰਥਾਂ ਦੀ ਪੈਦਾਵਾਰ ਵਿਚ ਵਾਧਾ ਹੋਣ ਦੇ ਨਾਲ ਉਨ੍ਹਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ। ਜਦੋਂ ਵੱਡੇ ਉਦਯੋਗਿਕ ਘਰਾਣਿਆ ਦੇ ਸਾਧਨਾਂ ਦੀ ਸੀਮਤ ਵਿਚ ਵਾਧਾ ਕਰ ਦਿੱਤਾ ਜਵੇ ਤਾਂ ਹਿਸ ਦਾ ਧਨ ਦੀ ਅਸਮਾਨ ਵੰਡ ਹੋਰ ਵੀ ਜ਼ਿਆਦਾ ਵਸਤਾਂ ਦੇ ਨਾਲ-ਨਾਲ ਦੇਰ ਤੱਕ ਵਰਤੋਂ ਵਿਚ ਆਉਣ ਵਾਲੀਆਂ ਆਰਾਮ ਦੀਅ ਵਸਤਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ ਉਧਰ ਬੇਰੁਜ਼ਗਾਰੀ ਦਾ ਵਾਧਾ ਆਮ ਜਿਹੀ ਗੱਲ ਹੀ ਬਣ ਗਈ ਹੈ। ਭਾਵੇਂ ਅਸੀਂ ਜਵਾਹਰ ਰੁਜ਼ਗਾਰ ਯੋਜਨਾ ਸ਼ੁਰੂ ਕਰ ਲਈਏ ਤੇ ਭਾਵੇਂ ਪੰਚਾਇਤ ਨੂੰ ਵਧ ਅਧਿਕਾਰ ਦੇ ਦੇਈਏ। ਜਿੰਨੀ ਦੇਰ ਤੱਕ ਲੋਕਾਂ ਦੀ ਜ਼ਰੂਰਤ ਨੂੰ ਪਰਖਣ ਤੋਂ ਬਿਨਾਂ ਕੇਂਦਰ ਵਲੋਂ ਹੀ ਯੋਜਨਾਵਾਂ ਬਣਾ ਕੇ ਹੇਠਾਂ ਤਕ ਲਾਗੂ ਕੀਤੀਆਂ ਜਾਣਗੀਆਂ, ਅਸੀਂ ਆਪਣੇ ਉਦੇਸ਼ ਪੂਰੇ ਨਹੀਂ ਕਰ ਸਕਾਂਗੇ। ਇਯ ਲਈ ਡੀ-ਸੈਂਟਰੇ ਲਾਈਜ਼ਡ ਯੋਜਨਾ (Decentralised Plan) ਵਲ ਜ਼ੋਰ ਦੇਣਾ ਚਾਹੀਦਾ ਹੈ।

ਅੱਠਵੀਂ ਯੋਜਨਾ ਵਿਚ ਭਾਰਤੀ ਆਰਥਕਤਾ ਨੂੰ ਪੂਰੀ ਦੁਨੀਆਂ ਦੀ ਆਰਥਕਤਾ ਦੇ ਮੁਕਾਬਲੇ ਵਿਚ ਖੜੀ ਕਰਨ ਦਾ ਉਦੇਸ਼ ਸੀ। ਇਸ ਲਈ ਖੁਲ੍ਹੀ ਆਰਥਕਤਾ (open economy) ਵਲ ਜ਼ਿਆਦਾ ਰੁਝਾਨ ਸੀ। ਇਸ ਲਈ ਮੁਖ ਤੌਰ ਤੇ ਨਿਜੀਕਰਨ ਅਤੇ ਉਦਾਰੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ।

**ਨੌਵੀ ਯੋਜਨਾ**

ਸਮਾਜਿਕ ਨਿਆਂ ਅਤੇ ਨਿਰਪੱਖਤਾ ਤੇ ਅਧਾਰਿਤ ਵਿਕਾਸ ਇਸ ਯੋਜਨਾ ਦਾ ਮੁੱਖ ਟੀਚਾ ਸੀ। ਇਸਦੇ ਉਦੇਸ਼ :

1) ਖੇਤੀਬਾੜੀ ਅਤੇ ਪੇਂਡੂ ਵਿਕਾਸ- ਗਰੀਬੀ ਘਟਾਉਣਾ ਅਤੇ ਰੁਜ਼ਗਾਰ ਮੁਹਈਆ ਕਰਾਉਣਾ।
2) ਅਰਥਵਿਵਸਥਾ ਦੇ ਵਿਕਾਸ ਦੀ ਦਰ 7% ਨਿਸ਼ਚਿਤ ਕੀਤੀ ਗਈ ਜੋ ਫਿਰ ਘਟਾ ਕੇ 6.5% ਮਿਥੀ ਗਈ।
3) ਸੱਤ ਮੁਢਲੀਆਂ ਜ਼ਰੂਰਤਾ ਦੀ ਪੂਰਤੀ ਖਾਸ ਤੌਰ ਤੇ ਗਰੀਬਾਂ ਲਈ।
4) ਸਵੈ ਨਿਰਭਰਤਾ ਲਈ ਕੋਸ਼ਿਸ਼।
5) ਇਸਤਰੀਆਂ ਅਤੇ ਪਛੜੀਆਂ ਜਾਤਾਂ, ਕਬੀਲਿਆਂ ਨੂੰ ਸ਼ਕਤੀਸ਼ਾਲੀ ਬਣਾਉਣਾ।
6) ਪੰਚਾਇਤੀ ਰਾਜ ਅਤੇ ਰਾਜ ਮਸ਼ੀਨਰੀ ਰਾਹੀਂ ਯੋਜਨਾਬੰਦੀ ਅਤੇ ਲਾਗੂ ਕਰਨ ਨੂੰ ਸਹੀ ਅਰਥਾਂ ਵਿਚ ਵਿਕੇਂਦਰਿਤ ਕਰਨ।

**ਪ੍ਰਾਪਤੀਆਂ** - ਨੌਵੀਂ ਯੋਜਨਾ ਦੌਰਾਨ ਨੈਟ ਪ੍ਰਾਡਕਟ ਵਿਚ 8.3 ਗੁਣਾ ਵਾਧਾ ਹੋਇਆ ਜੋ ਕਿ 1,32,367 ਕਰੋੜ ਤੋਂ 11.01, 065 ਕਰੋੜ ਰੁਪਏ- 4.2 ਪ੍ਰਤੀਸ਼ਤ ਪ੍ਰਤੀ ਸਾਲ ਸੀ। ਪ੍ਰਤੀ ਵਿਅਕਤੀ ਆਮਦਨ ਵਿਚ 2.9 ਗੁਣਾ ਵਾਧਾ ਹੋਇਆ ਜੋ ਕਿ ਰੁਪਏ 3687/- ਤੋ 10, 618/-ਸੀ ਜੋ ਕਿ 2.1% ਸੀ।

**ਦਸਵੀਂ ਯੋਜਨਾ - 2002-2007**

ਇਹ ਯੋਜਨਾ ਰਾਸ਼ਟਰੀ ਵਿਕਾਸ ਪਰਿਸ਼ਦ ਰਾਹੀਂ 1 ਸਤੰਬਰ, 2001 ਨੂੰ ਸਵੀਕਰਤ ਕੀਤੀ ਗਈ। ਇਸਦੇ ਮੁੱਖ ਉਦੇਸ਼ :

1. ਰਾਸ਼ਟਰੀ ਅਰਥ-ਵਿਵਸਥਾ ਦੀ ਵਿਕਾਸ ਦਰ 8 ਪ੍ਰਤੀਸ਼ਤ ਪ੍ਰਤੀ ਵਰਸ਼
2. ਆਰਥਿਕ, ਸਮਾਜਿਕ ਅਤੇ ਵਾਤਾਵਰਣ ਦੇ ਵਿਕਾਸ ਲਈ ਨਿਸ਼ਚਿਤ ਟੀਚੇ: ਗਰੀਬੀ ਘਟਾਉਣ , ਸਾਖਰਤਾ ਵਧਾਉਣ ਅਤੇ ਰੁਜ਼ਗਾਰ ਦੇ ਅਵਸਰ ਮੁਹੱਈਆਂ ਕਰਾਉਣੇ।
3. ਖੇਤੀਬਾੜੀ ਦਾ ਵਿਕਾਸ
4. ਉਹਨਾਂ ਖੇਤਰਾਂ ਦਾ ਗਤੀਸ਼ੀਲ ਵਿਕਾਸ ਜਿਨ੍ਹਾਂ ਵਿਚ ਵਧ ਤੋਂ ਵੱਧ ਰੁਜ਼ਗਾਰ ਦੇ ਅਵਸਰ ਮੁਹਈਆਂ ਕਰਵਾਏ ਜਾ ਸਕਦੇ ਹਨ।
5. ਪੰਚਾਈਤੀ ਰਾਜ ਵਿਵਸਥਾ ਨੂੰ ਮਜ਼ਬੂਤ ਬਣਾਉਣ ਅਤੇ ਉਹਨਾਂ ਨੂੰ ਗਰੀਬੀ ਹਟਾਓਂ ਸਕੀਮਾਂ ਨੂੰ ਬੇਹਤਰ ਤਰੀਕੇ ਨਾਲ ਲਾਗੂ ਕਰਨ ਦੇ ਯੰਤਰ ਵਜੋਂ ਜ਼ਿੰਮੇਵਾਰੀ ਸੌਂਪਣੀ।

1991 ਤੋਂ ਬਾਅਦ ਹਰੇਕ ਯੋਜਨਾ ਵਿਚ ਰਾਜ ਦੀ ਭੂਮਿਕਾ ਘਟਦੀ ਜਾ ਰਹੀ ਹੈ। ਉਦਯੋਗਿਕ ਜਗਤ ਨੇ ਕੋਈ ਖਾਸ ਤਰੱਕੀ ਨਹੀਂ ਵਖਾਈ ਸਗੋਂ ਘਾਟੇ ਵਲ ਜਾ ਰਿਹਾ ਹੈ। ਭਾਵੇਂ ਸਰਕਾਰੀ ਰਿਪੋਰਟਾਂ ਬਚਤ ਅਤੇ ਪੂੰਜੀ ਨਿਵੇਸ਼ ਦੀ

ਦਰ ਚੰਗੀ ਵਿਖਾ ਰਹੀਆਂ ਹਨ ਪਰ ਅਸਲ ਸਥਿਤੀ ਮੰਦੀ ਹੀ ਹੈ। ਸਰਕਾਰ ਦੀ ਸਟਾਫ਼ ਦੀ ਛਾਂਟੀ ਅਤੇ ਸਵੈ ਇਛਾ ਨਾਲ ਰਿਟਾਇਰਮੈਂਟ ਲੈਣ ਦੀ ਨੀਤੀ ਦੇ ਚਲਦੇ ਦੇਸ਼ ਵਿਚ ਬੇਰੁਜ਼ਗਾਰੀ ਬਹੁਤ ਵੱਧ ਗਈ ਹੈ। ਦੇਸ਼ ਵਿਚ ਬਿਜਲੀ ਅਤੇ ਹੋਰ ਲੋੜਵੰਦ ਵਸਤੂਆਂ ਦੀ ਘਾਟ ਵਧਦੀ ਜਾ ਰਹੀ ਹੈ।

ਸੋ ਕਹਿ ਸਕਦੇ ਹਾਂ ਕਿ ਦੇਸ਼ ਦੀ ਦਸਵੀਂ ਪੰਜ ਵਰਸ਼ੀ ਯੋਜਨਾਬੰਦੀ ਬਹੁਤ ਫਾਇਦੇ ਵਾਲੀ ਸਾਬਿਤ ਨਹੀਂ ਹੋਈ।

**11ਵੀਂ ਪੰਜ ਵਰਸ਼ੀ ਯੋਜਨਾ :**

2007 ਤੋਂ 2012 ਤੱਕ ਭਾਰਤ ਵਿਚ ਗਿਆਰਵੀਂ ਪੰਜ ਵਰਸ਼ੀ ਯੋਜਨਾ ਲਾਗੂ ਹੋ ਗਈ ਹੈ। ਇਸ ਦੇ ਮੁਖ ਉਦੇਸ਼ ਦੇਸ਼ ਦੇ ਵਿਕਾਸ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨਾ, ਟੀਚਿਆਂ ਦੀ ਪ੍ਰਾਪਤੀ ਰਾਹੀਂ ਆਮ ਜਨਤਾ ਦੇ ਜੀਵਨ ਪੱਧਰ ਨੂੰ ਉਚਾ ਚੁਕਣ ਤੋਂ ਹੈ, ਵਿਸ਼ੇਸ਼ ਤੋਰ ਤੇ ਐਸ.ਸੀ/ਐਸ.ਟੀ/ਬੀ.ਸੀ ਅਤੇ ਔਰਤਾਂ ਦਾ।

ਇਸ ਯੋਜਨਾ ਤਹਿਤ ਗਰੀਬੀ ਨੂੰ ਘਟਾਉਣ, ਨੌਕਰੀਆਂ ਦੀ ਗਿਣਤੀ ਵਿਚ ਵਾਧਾ ਕਰਨ, ਵਿਦਿਆ ਦਾ ਪ੍ਰਸਾਰ ਕਰਨ, ਜੱਚਾ-ਬੱਚਾ ਦੀ ਦੇਖਭਾਲ ਦੀਆਂ ਸੁਵੀਧਾਵਾਂ ਵਿਚ ਵਾਧਾ ਕਰਨ, ਕੁੜੀਆਂ ਦੀ ਘਟਦੀ ਗਿਣਤੀ ਤੇ ਠਲ੍ਹ ਪਾਉਣ ਅਤੇ ਮਹਿੰਗਾਈ ਨੂੰ ਨਿਯੰਤਰਣ ਵਿਚ ਰਖਣ ਆਦਿ ਟੀਚੇ ਮਿਥੇ ਗਏ। ਸਰਕਾਰ ਆਪਣੇ ਟੀਚਿਆਂ ਦੀ ਪ੍ਰਾਪਤੀ ਵਿਚ ਬਹੁਤ ਜ਼ਿਆਦਾ ਕਾਮਯਾਬ ਹੁੰਦੀ ਦਿਖਾਈ ਨਹੀਂ ਦਿੱਤੀ।

**12ਵੀਂ ਪੰਜ ਵਰਸ਼ੀ ਯੋਜਨਾ :**

2012-17 ਵਿਚ ਵੀ ਦੇਸ਼ ਦੀ ਗਰੀਬੀ ਅਤੇ ਅੰਤਰਰਾਸ਼ਟਰੀ ਕਰਜ਼ੇ ਘਟਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਪਾਠ ਨੰ: 1.5

## ਕੇਂਦਰੀ ਪੱਧਰ ਤੇ ਯੋਜਨਾਬੰਦੀ ਮਸ਼ੀਨਰੀ : ਯੋਜਨਾਬੰਦੀ ਕਮਿਸ਼ਨ (ਨੀਤੀ ਆਯੋਗ), ਰਾਸ਼ਟਰੀ ਵਿਕਾਸ ਪਰਿਸ਼ਦ

ਯੋਜਨਾਬੰਦੀ ਦਾ ਅਰਥ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਉਸ ਸੰਬੰਧੀ ਪੂਰੀ ਯੋਜਨਾ ਬਣਾਉਣਾ, ਕੋਈ ਵੀ ਕੰਮ ਕਿਉਂ ਕਰਨਾ ਹੈ, ਕਿਵੇਂ ਕਰਨਾ ਹੈ, ਕਦੋਂ ਕਰਨਾ ਹੈ ਅਤੇ ਕਿਸ ਕਿਸ ਵਿਅਕਤੀ ਦੁਆਰਾ ਕਿਸ ਕਿਸ-ਕਿਸ ਵਿਅਕਤੀ ਜਾਂ ਵਸਤੂ ਦੀ ਸਹਾਇਤਾ ਨਾਲ ਕੀਤਾ ਜਾਣਾ ਹੈ। ਇਨ੍ਹਾਂ ਸਭ ਬਾਰੇ ਨਿਰਣਾ ਲੈਣਾ ਹੀ ਯੋਜਨਾਬੰਦੀ ਹੈ। ਜਾਰਜ ਟੈਰੀ ਨੇ ਯੋਜਨਾਬੰਦੀ ਦਾ ਅਰਥ ਕਰਕੇ ਹੋਏ ਲਿਖਿਆ ਹੈ ਕਿ ''ਯੋਜਨਾਬੰਦੀ ਭਵਿੱਖ ਦੇ ਗਰਭ ਵਿਚ ਵੇਖਣ ਦੀ ਵਿਧੀ ਜਾਂ ਤਕਨੀਕ ਹੈ। ਇਹ ਭਵਿੱਖ ਦੀਆਂ ਲੋੜਾਂ ਦਾ ਪੂਰਣ ਅਨੁਮਾਨ ਲਗਾਉਂਦਾ ਹੈ ਤਾਂ ਜੋ ਨਿਰਧਾਰਤ ਉਦੇਸ਼ਾਂ ਦੀ ਪ੍ਰਾਪਤੀ ਦੇ ਦ੍ਰਿਸ਼ਟੀਕੋਣ ਤੋਂ ਕੀਤੇ ਜਾਣ ਵਾਲੇ ਕਾਰਜਾਂ ਦਾ ਸਮਾਯੋਜਨ (Adjustment) ਕੀਤਾ ਜਾ ਸਕੇ।'' ਇਸ ਪ੍ਰਕਾਰ ਯੋਜਨਾਬੰਦੀ ਦਾ ਅਰਥ ਹੈ, ''ਭਵਿੱਖ ਦੇ ਪ੍ਰੋਗਰਾਮ ਦੀ ਰੂਪ ਰੇਖਾ ਬਣਾਉਣਾ।'' ਕਿਉਂਕਿ ਯੋਜਨਾਬੰਦੀ ਵਿਚ ਭਵਿੱਖ ਸਬੰਧੀ ਨਿਰਣਾਂ ਲੈਣ ਦਾ ਭਾਵ ਲੁਕਿਆ ਹੋਇਆ ਹੁੰਦਾ ਹੈ, ਇਸ ਲਈ ਯੋਜਨਾਬੰਦੀ ਨੂੰ ਬੋਧਿਕ ਪ੍ਰਕ੍ਰਿਆ (mental process) ਵੀ ਕਿਹਾ ਜਾ ਸਕਦਾ ਹੈ। ਯੋਜਨਾਬੰਦੀ ਦੀ ਪ੍ਰਕ੍ਰਿਤੀ ਅਤੇ ਭਾਵ ਨੂੰ ਸਪੱਸ਼ਟ ਕਰਦੇ ਹੋਏ ਕੂੰਟਜ ਐਂਡ. ਓ. ਡੋਨਲ ਨੇ ਲਿਖਿਆ ਹੈ ਕਿ ''ਯੋਜਨਾਬੰਦੀ ਇਕ ਪ੍ਰਕ੍ਰਿਆ ਹੈ। ਇਹ ਕਾਰਜ ਕਰਨ ਦੇ ਮਾਰਗ ਦਾ ਸੁਚੇਤ ਨਿਰਧਾਰਣ ਹੈ। ਇਸ ਦਾ ਕੰਮ ਨਿਰਣਿਆਂ ਨੂੰ ਉਦੇਸ਼ਾਂ, ਤੱਥਾਂ ਅਤੇ ਵਿਚਾਰਪੂਰਵਕ ਲਗਾਏ ਗਏ ਅਨੁਮਾਨਾਂ ਤੇ ਆਧਾਰਿਤ ਕਰਨਾ ਹੈ।''

ਯੋਜਨਾਬੰਦੀ ਪ੍ਰਬੰਧ ਪ੍ਰਕ੍ਰਿਆ ਦਾ ਮਹੱਤਵਪੂਰਨ ਅੰਗ ਹੈ। ਇਸ ਦੀ ਅਣਹੋਂਦ ਵਿਚ ਕਿਸੇ ਵੀ ਕਾਰਜ ਵਿਚ ਵਿਵਸਥਾ ਨਹੀਂ ਰਹਿ ਸਕਦੀ ਅਤੇ ਉੱਦਮ ਆਪਣੇ ਉਦੇਸ਼ਾਂ ਵਿਚ ਅਸਫਲ ਹੋ ਜਾਂਦੇ ਹਨ। ਸਾਧਨਾਂ ਦੀ ਕੁ ਵਰਤੋਂ ਹੁੰਦੀ ਹੈ ਅਤੇ ਭਵਿੱਖ ਬਾਰੇ ਅਨਿਸ਼ਚਤਤਾ ਬਣੀ ਰਹਿੰਦੀ ਹੈ। ਯੋਜਨਾਬੰਦੀ ਇਕ ਅਜਿਹਾ ਔਜ਼ਾਰ ਹੈ ਜਿਸ ਦੁਆਰਾ ਵਪਾਰੀ ਭਵਿੱਖ ਦੀ ਬਹੁਤ ਸੁੰਦਰ ਮੂਰਤੀ ਬਣਾ ਸਕਦਾ ਹੈ। ਵਾਸਤਵ ਵਿਚ ਚੰਗੇ ਪ੍ਰਬੰਧ ਲਈ ਯੋਜਨਾਬੰਦੀ ਇਕ ਲੋੜ ਹੈ। ਇਹ ਉਹ ਅਧਾਰਭੂਤ ਕਾਰਜ ਹੈ ਜਿਸ ਨਾਲ ਪ੍ਰਬੰਧਕ ਆਧੁਨਿਕ ਗਤੀਸ਼ੀਲ ਵਪਾਰ ਨੂੰ ਬਦਲਦੇ ਹੋਏ ਯੁੱਗ ਵਿਚ ਠੀਕ ਢੰਗ ਨਾਲ ਚਲਾਉਂਦਾ ਹੈ।

ਅੱਜ ਦੇ ਆਧੁਨਿਕ ਯੁੱਗ ਵਿਚ ਜਦ ਕਿ ਸਰਕਾਰ ਦੇ ਕੰਮਾਂ ਵਿਚ ਨਿੱਤ ਵਾਧਾ ਹੁੰਦਾ ਜਾ ਰਿਹਾ ਹੈ। ਅਤੇ ਜਦੋਂ ਸਰਕਾਰ ਆਰਥਕ ਖੇਤਰ ਵਿਚ ਆ ਕੇ ਲੋਕਾਂ ਦੀ ਬਿਹਤਰੀ ਲਈ ਯਤਨ ਕਰ ਰਹੀ ਹੀ ਹੈ, ਯੋਜਨਾਬੰਦੀ ਦੀ ਲੋੜ ਅਤੇ ਮਹੱਤਵ ਨੂੰ ਘਟਾਇਆ ਨਹੀਂ ਜਾ ਸਕਦਾ , ਖਾਸ ਕਰਕੇ ਸਾਡੇ ਵਰਗੇ ਦੇਸ਼ ਵਿਚ ਜਿਹੜਾ ਕਿ ਵਿਕਸਤ ਦੇਸ਼ਾਂ ਦੀ ਕਤਾਰ ਵਿਚ ਸ਼ਾਮਲ ਹੋਣ ਦੀ ਸਿਰਤੋੜ ਯਤਨ ਕਰ ਰਿਹਾ ਹੈ। ਯੋਜਨਾਬੰਦੀ ਕਈ ਪ੍ਰਕਾਰ ਦੀ ਹੁੰਦੀ ਹੈ ਜਿਵੇਂ ਕਿ ਪ੍ਰਸ਼ਾਸਨਿਕ ਯੋਜਨਾਬੰਦੀ, ਸਮਾਜਿਕ ਯੋਜਨਾਬੰਦੀ, ਆਰਥਿਕ ਯੋਜਨਾਬੰਦੀ ਅਤੇ ਭੌਤਿਕ ਯੋਜਨਾਬੰਦੀ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ, ਭਾਵੇਂ ਕੋਈ ਮਰਜ਼ੀ ਖੇਤਰ ਹੋਵੇ, ਯੋਜਨਾਬੰਦੀ ਅੱਜਕਲ੍ਹ ਮੁੱਢਲੀ ਲੋੜ ਬਣ ਗਈ ਹੈ। ਯੋਜਨਾਬੰਦੀ ਦੇ ਮਹੱਤਵ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਥੋਂ ਤੱਕ ਕਈ ਵੀ ਪਰਿਵਾਰ ਦੀ ਮੁੱਖੀ ਯੋਜਨਾਬੰਦੀ ਤੋਂ ਬਗੈਰ ਆਪਣੇ ਪਰਿਵਾਰ ਦੀਆਂ ਲੋੜਾਂ ਨਹੀਂ ਪੂਰੀਆਂ ਕਰ ਸਕਦਾ ਅਤੇ ਨਾ ਹੀ ਆਪਣੇ ਸਾਰੇ ਪਰਿਵਾਰ ਦੀ ਚੰਗੀ ਤਰ੍ਹਾਂ ਦੇਖਪਾਲ ਕਰ ਸਕਦਾ ਹੈ। ਯੋਜਨਾਬੰਦੀ ਦੇ ਅਰਥ, ਲੱਛਣ ਅਤੇ ਜ਼ਰੂਰਤ ਨੂੰ ਸਮਝਣ ਤੋਂ ਬਾਦ ਇਹ ਜ਼ਰੂਰੀ ਹੈ ਕਿ ਭਾਰਤ ਵਿਚ ਯੋਜਨਾਬੰਦੀ ਮਸ਼ੀਨਰੀ ਦੀ ਹੋ ਦਬਾਰੇ ਕੁਝ ਜਾਸ਼ਦਆ ਜਾਏ, ਇਹ ਕੋਂ ਹੋਂਦ ਵਿਚ ਆਏ ਤੇ ਇਸ ਦੁਆਰਾ ਕਿਸ ਪ੍ਰਕਾਰ ਦੇ ਕੰਮ ਕੀਤੇ ਜਾਂਦੇ ਹਨ।

**(ੳ) ਭਾਰਤ ਵਿਚ ਯੋਜਨਾਬੰਦੀ ਮਸ਼ੀਨਰੀ (Planning Machinery in India)**

1947 ਵਿਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਲੋਕਾਂ ਦੀ ਚੁਣੀ ਹੋਈ ਸਰਕਾਰ ਦਾ ਧਿਆਨ ਲੋਕਾਂ ਦੇ ਵਿਕਾਸ ਵੱਲ ਕੇਂਦਰਿਤ ਹੋਇਆ। ਉਸ ਵੇਲੇ ਦੇਸ਼ ਵਿਚ ਕਈ ਪ੍ਰਕਾਰ ਦੀਆਂ ਸਮਾਜਿਕ ਅਤੇ ਆਰਥਿਕ ਕੁਰੀਤੀਆਂ, ਜਿਵੇਂ ਕਿ ਗਰੀਬੀ ਪ੍ਰਤਿ ਜੀਅ ਘੱਟ ਆਮਦਨ, ਰਹਿਦ ਸਹਿਣ ਦਾ ਨੀਵਾਂ ਪੱਧਰ ਅਤੇ ਬੇਰੋਜ਼ਗਾਰੀ ਆਦਿ ਮੌਜੂਦ ਸਨ। ਸਰਕਾਰ ਨੇ ਸੰਵਿਧਾਨ ਵਿਚ ਹੀ ਇਹ ਪ੍ਰਣ ਕੀਤਾ ਕਿ ਸਮਾਜ ਦੇ ਸਾਰੇ ਵਰਗਾਂ ਨੂੰ ਵਿਕਸਿਤ ਕਰਕੇ, ਅਜਿਹੇ ਸਮਾਜ ਨੂੰ ਸਿਰਜਿਆ ਜਾਵੇਗਾ ਜਿਥੇ ਮਾੜੇ ਅਤੇ ਤਕੜੇ ਵਿਚ ਕੋਈ ਫ਼ਰਕ ਨਾ ਹੋਵੇ। ਸਾਰੇ ਲੋਕਾਂ ਕੋਲ ਰੋਜਗਾਰ ਦੇ ਸਾਧਨ ਹੋਣ ਖਾਣ ਲਈ ਰੋਟੀ ਅਤੇ ਰਹਿਣ ਲਈ ਘਰ ਹੋਵੇ। ਮੋਟੇ ਤੌਰ ਤੇ ਸਾਡੀ ਸਰਕਾਰ ਚਾਹੁੰਦੀ ਸੀ। ਕਿ ਅਜਿਹਾ ਸਮਾਜ ਸਿਰਜਿਆ ਜਾਵੇ ਜਿਸ ਵਿਚ ਹਰੇਕ ਵਿਅਕਤੀ ਬਰਾਬਰ ਹੋਵੇ। ਇਹ ਸਾਰੇ ਉਦੇਸ਼ ਪੂਰੇ ਕਰਨ ਲਈ ਸਰਕਾਰ ਵੱਲੋਂ ਯੋਜਨਾਬੰਦੀ ਦਾ ਸਹਾਰਾ ਲਿਆ ਗਿਆ। ਯੋਜਨਾਬੰਦੀ ਹੀ ਇਕ ਅਜਿਹਾ ਤਰੀਕਾ ਜਾਂ ਪ੍ਰਣਾਲੀ ਨਜ਼ਰ ਆਈ ਜਿਸ ਰਾਹੀ ਲੋਕਾਂ ਦਾ ਵਿਕਾਸ ਸੰਭਵ ਹੋ ਸਕਦਾ ਸੀ। ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਹੀ ਨਿਯੋਜਨ ਕਮੀਸ਼ਨ (Planning Commission) ਹੋਂਦ ਵਿਚ ਆਇਆ।

**(ਅ) ਯੋਜਨਾਬੰਦੀ ਦਾ ਇਤਿਹਾਸ ਪਿਛੋਕੜ (Historical Background of Planning)**

ਆਰਥਿਕ ਵਿਕਾਸ ਕਰਨ ਲਈ ਭਾਵੇਂ ਸੰਗਠਿਤ ਰੂਪ ਵਿਚ ਯੋਜਨਾਬੰਦੀ ਨੂੰ ਅਜ਼ਾਦੀ ਤੋਂ ਬਾਦ ਹੀ ਅਪਣਾਇਆ ਗਿਆ ਪਰੰਤੂ ਇਸ ਸੰਦਰਭ ਵਿਚ ਦੇਸ਼ ਵਿਚੋਂ ਗਰੀਬੀ ਖਤਮ ਕਰਨ ਲਈ ਕਈ ਪ੍ਰਕਾਰ ਦੀਆਂ ਕੋਸ਼ਿਸ਼ਾਂ ਪਹਿਲਾਂ ਵੀ ਹੁੰਦੀਆਂ ਰਹੀਆਂ। ਇਕ ਪਾਸੇ ਤਾਂ ਰਾਜਨੀਤਿਕ ਆਗੂ ਆਜ਼ਾਦੀ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਸਨ ਅਤੇ ਦੂਸਰੇ ਪਾਸੇ ਉਹ ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਚਿੰਤਤ ਸਨ। ਉਨ੍ਹਾਂ ਨੇ ਦੂਸਰੇ ਦੇਸ਼ਾਂ ਵਿਚ ਜਿਥੇ ਯੋਜਨਾਬੰਦੀ ਦੀ ਸਹਾਇਤਾ ਨਾਲ ਲੋਕਾਂ ਦਾ ਵਿਕਾਸ ਕੀਤਾ ਜਾ ਰਿਹਾ ਸੀ, ਤੋਂ ਪ੍ਰੇਰਨਾ ਲੈ ਕੇ ਇਸ ਨੂੰ ਭਾਰਤ ਵਰਗੇ ਅਵਿਕਸਿਤ ਦੇਸ਼ ਦੇ ਵਿਕਾਸ ਦਾ ਇਕ ਮਹੱਤਵਪੂਰਨ ਹਿੱਸਾ ਸਮਝਿਆ ਗਿਆ। ਇਸੇ ਵਿਚਾਰਧਾਰਾ ਨੂੰ ਮੁੱਖ ਰਖਦੇ ਹੋਏ 1876 ਵਿਚ ਦਾਦਾ ਭਾਈ ਨਾਰੋਜੀ (Dada Bhai Naroji) ਵੱਲੋਂ ਭਾਰਤ ਵਿਚ ਗਰੀਬੀ (Poverty in India) ਨਾਮਕ ਕਿਤਾਬ ਲਿਖੀ ਗਈ। ਇਸ ਕਿਤਾਬ ਵਿਚ ਲੇਖਕ ਨੇ ਇਹ ਮਹਿਸੂਸ ਕੀਤਾ ਕਿ ਦੇਸ਼ ਵਿਚ ਵੱਧ ਰਹੀ ਗਰੀਬੀ ਤੇ ਕਾਬੂ ਪਾਉਣਾ ਬਹੁਤ ਲਾਜ਼ਮੀ ਹੋ ਗਿਆ ਹੈ। ਇਸ ਕਿਤਾਬ ਵਿਚ ਸਰਕਾਰ ਨੂੰ ਇਹ ਸੁਝਾਉ ਦਿੱਤਾ ਗਿਆ ਕਿ ਗਰੀਬੀ ਵਰਗੀ ਸਮਾਜਿਕ ਅਤੇ ਆਰਥਿਕ ਲਾਹਣਤ ਨੂੰ ਖਤਮ ਕਰਨ ਲਈ ਯੋਜਨਾਬੰਦੀ ਦਾ ਸਹਾਰਾ ਲੈਣਾ ਚਾਹੀਦਾ ਹੈ । ਜਦ ਤੱਕ ਸਰਕਾਰ ਇਸ ਸਮੱਸਿਆ ਨੂੰ ਯੋਜਨਾਬੱਧ ਤਰੀਕੇ ਨਾਲ ਦੂਰ ਨਹੀਂ ਕਰਦੀ, ਉਦੋਂ ਤੱਕ ਇਹ ਬੀਮਾਰੀ ਖਤਮ ਨਹੀਂ ਹੋ ਸਕਦੀ। ਇਸ ਕਿਤਾਬ ਵਿਚ ਦਾਦਾ ਭਾਈ ਨਾਰੋਜੀ ਵੱਲੋਂ ਦੇਸ਼ ਦਾ ਸੰਪੂਰਨ ਸੰਤੁਲਿਤ ਵਿਕਾਸ ਕਰਨ ਲਈ ਯੋਜਨਾਬੰਦੀ ਦੀ ਲੋੜ ਅਤੇ ਇਸ ਨੂੰ ਅਪਣਾਉਣ ਤੇ ਜ਼ੋਰ ਦਿੱਤਾ ਗਿਆ। ਇਸ ਤੋਂ ਬਾਦ ਐਮ. ਜੀ. ਰਨਾਡੇ ਅਤੇ ਆਰ ਸੀ. ਦੱਤ ਵਰਗੇ ਵਿਦਵਾਨਾਂ ਨੇ ਉਸ ਸਮੇਂ ਦੀਆਂ ਆਰਥਿਕ ਸਮੱਸਿਆਵਾਂ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਲਈ ਅਤੇ ਸਰਕਾਰ ਦਾ ਉਨ੍ਹਾ ਸੱਮਿਸਿਅਵਾਂ ਵੱਲ ਧਿਆਨ ਆਕਰਸ਼ਿਤ ਕਰਨ ਲਈ ਕਈ ਪ੍ਰਕਾਰ ਦੇ ਲੇਖ ਲਿਖੇ। ਇਨ੍ਹਾਂ ਵਿਦਵਾਨਾਂ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਬਰਤਾਨਵੀਂ ਸਰਕਾਰ ਦੀ ਮਨਮਰਜ਼ੀ ਵਾਲੀ ਨੀਤੀ (Policy of Laisez-Faire) ਕਾਰਨ ਹੀ ਭਾਰਤ ਵਿਚ ਆਰਥਿਕ ਵਿਕਾਸ ਨਹੀਂ ਹੋ ਰਿਹਾ। ਦੇਸ਼ ਦੇ ਆਰਥਿਕ ਵਿਕਾਸ ਕਰਨ ਲਈ ਸਰਕਾਰ ਵਲੋਂ ਆਰਥਿਕ ਖੇਤਰ ਵਿਚ ਭਾਗ ਲੈਣਾ ਬੜਾ ਜ਼ਰੂਰੀ ਹੈ। ਇਨ੍ਹਾ ਵਿਦਵਾਨਾਂ ਦਾ ਇਹ ਵੀ ਵਿਚਾਰ ਸੀ, ਯੋਜਨਾਬੰਦੀ ਤੋਂ ਬਗੈਰ ਨਾਂ ਤਾਂ ਸਨਅਤੀ ਵਿਕਾਸ ਅਤੇ ਨਾ ਹੀ ਖੇਤੀਬਾੜੀ ਦਾ ਵਿਕਾਸ ਸੰਭਵ ਹੋ ਸਕਦਾ ਹੈ ਜੋ ਸਾਰੇ ਦੇਸ਼ ਦੇ ਵਿਕਾਸ ਦਾ ਆਧਾਰ ਹਨ। ਇਸ ਤੋਂ ਇਲਾਵਾਂ ਭਾਰਤੀ ਰਾਸ਼ਟਰੀ ਕਾਂਗਰਸ (Indian National Congress) ਨੇ ਵੀ ਸਮੇਂ-ਸਮੇਂ ਸਿਰ ਆਪਣੇ ਪ੍ਰਸਤਾਵਾਂ (Resolutions) ਵਿਚ ਆਰਥਿਕ ਢਾਂਚੇ ਵਿਚ ਕ੍ਰਾਂਤੀਕਾਰੀ ਪਰਿਵਰਤਨ ਕਰਕੇ, ਦੇਸ਼ ਵਿਚੋਂ ਗੰਭੀਰ ਸਮੱਸਿਆਵਾਂ ਵਿਜੇਂ ਗਰੀਬੀ ਅਤੇ ਬੇਰੁਜ਼ਗਾਰੀ ਖਤਮ ਕਰਨ ਦਾ ਜ਼ੋਰ ਦਿੰਤਾ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਯੋਜਨਾਬੰਦੀ ਦੀ ਪ੍ਰਕ੍ਰਿਆ ਦੀ ਪ੍ਰਕ੍ਰਿਆ ਨਿਰੰਤਰ ਚਲਦੀ ਰਹੀ ਹੈ ਅਤੇ ਇਸ ਪਾਸੇ ਥੋੜੇ ਬਹੁਤ ਯਤਨ ਵੀ ਲਗਾਤਾਰ ਹੁੰਦੇ ਹਨ।

---

1. ਹੰਸ ਰਾਜ : ਇੰਡੀਅਨ ਪੁਲੀਟੀਕਲ ਸਿਸਟਮ, ਦਿੱਲੀ, ਪਬਲੀਕੇਸ਼ਨ, 1985, ਪੰਨਾ 381

ਯੋਜਨਾਬੰਦੀ ਦੇ ਖੇਤਰ ਵਿਚ ਸਿਲਸਿਲੇਵਾਰ ਕੰਮ 1934 ਵਿਚ ਹੋਇਆ ਜਦੋਂ ਸਰ ਐਮ. ਵਿਸਵੇਰੱਈਆਂ (Sir Visveshwaraya) ਵਲੋਂ ਲਿਖੀ ਮਸ਼ਹੂਰ ਪੁਸਤਕ ''ਭਾਰਤ ਲਈ ਯੋਜਨਾਬੰਦੀ ਅਰਥਚਾਰਾ (Planned Economy for India) ਪ੍ਰਕਾਸ਼ਤ ਹੋਈ। ਇਹ ਪੁਸਤਕ ਭਾਰਤ ਵਿਚ ਆਰਥਿਕ ਵਿਕਾਸ ਦੀ ਦਿਸ਼ਾ ਵਿਚ ਆਪਦੇ ਆਪ ਵਿਚ ਪਲੇਠੀ ਦਾ ਉੱਦਮ ਸੀ। ਇਸ ਪੁਸਤਕ ਵਿਚ ਲੇਖਕਾਂ ਵੱਲੋਂ ਭਾਰਤ ਦਾ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਰਨ ਲਈ 10 ਸਾਲਾਂ ਪ੍ਰੋਗਰਾਮ ਤਿਆਰ ਕੀਤਾ ਗਿਆ । ਇਸ 10 ਸੂਰਤੀ ਪ੍ਰੋਗਰਾਮ ਵਿਚ ਸਾਰਵਜਿਕ ਸਿੱਖਿਆ, ਸਿਖਲਾਈ, ਉਦਯੋਗੀਕਰਨ ਅਤੇ ਪੇਂਡੂ ਵਿਕਾਸ ਵਰਗੇ ਵਿਸ਼ੇ ਸ਼ਾਮਿਲ ਕੀਤੇ ਗਏ। 1938 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਨੇਤਾ ਸੁਭਾਸ਼ ਚੰਦਰ ਬੋਸ (Subhash Chandra Bose) ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠਾਂ ਰਾਸ਼ਟਰੀ ਯੋਜਨਾਬੰਦੀ ਕਮੇਟੀ (National Planning Commitee) ਦੀ ਸਥਾਪਨਾ ਕੀਤੀ ਪਰੰਤੂ ਉਸ ਵੇਲੇ ਦੂਸਰੇ ਸੰਸਾਰ ਯੁੱਧ ਕਰਨ ਇਹ ਕਮੇਟੀ ਸਫਲਤਾਪੂਰਵਕ ਕੰਮ ਨਾ ਕਰ ਸਕੀ। ਸਰਕਾਰ ਵਲੋਂ ਇਸ ਕਮੇਟੀ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਕਿ ਉਹ ਸਰਕਾਰ ਨੂੰ ਯੋਜਨਾਬੰਦੀ ਮਸ਼ੀਨਰੀ ਸੁਝਾਏ। 1948 ਵਿਚ ਯੋਜਨਾਬੰਦੀ ਕਮੇਟੀ ਦੀ ਥਾਂ ਤੇ ''ਕਾਰਜਕਾਰੀ ਸੰਸਥਾ ਦੇ ਪੁਨਰ ਨਿਰਮਾਣ ਲਈ ਕਮੇਟੀ'' (Reconstruction Committee of Executive Council) ਬਣਾ ਦਿੱਤੀ ਗਈ। ਇਸ ਕਮੇਟੀ ਦੀ ਪ੍ਰਧਾਨਗੀ ਦਾ ਭਾਰ ਗਵਰਨਰ ਜਨਰਲ (Governor General) ਨੂੰ ਸੌਂਪਿਆ ਗਿਆ। ਉਦੋਂ ਸਰਕਾਰ ਨੇ ਯੋਜਨਾਬੰਦੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅਤੇ ਸਮਾਜ ਦੇ ਵੱਖ ਫਿਰਕਿਆਂ ਦੇ ਵਿਚਾਰਾਂ ਨੂੰ ਮੁੱਖ ਰੱਖਦੇ ਹੋਏ 1944 ਵਿਚ ਯੋਜਨਾਬੰਦੀ ਅਤੇ ਵਿਕਾਸ ਵਿਭਾਗ (Planning and Development Department) ਸਥਾਪਿਤ ਕਰ ਦਿੱਤਾ ਤਾ ਜੋ ਇਹ ਵਿਭਾਗ ਯੋਜਨਾਬੰਦੀ ਦੀ ਸਹਾਇਤ ਨਾਲ ਦੇਸ਼ ਦਾ ਸਮਾਜਕ ਅਤੇ ਆਰਥਿਕ ਵਿਕਾਸ ਕਰਨ ਵਿਚ ਸਰਕਾਰ ਦੀ ਮਦਦ ਕਰ ਸਕੇ। ਇਸ ਤਰ੍ਹਾ ਹੀ ਯੋਜਨਾਬੰਦੀ ਦੇ ਖੇਤਰ ਵਿਚ ਕੁਝ ਗੈਰ-ਸਰਕਾਰੀ ਕੋਸ਼ਿਸਾ ਦਾ ਸਿਲਸਿਲਾ ਵੀ ਜਾਰੀ ਰਿਹਾ। 1944 ਵਿਚ ਬੰਬਈ ਦੇ ਕੁਝ ਸਨਅਤਕਾਰਾਂ ਨੈ ਰੱਲ ਕੇ ''ਬੰਬਈ ਯੋਜਨਾ (Bombay Plan) ਵੀ ਬਣਾਈ ਜਿਸ ਦੇ ਅਧੀਨ 10,000 ਕਰੋੜ ਰੁਪਏ ਖਰਚ ਕਰਕੇ ਰਾਸ਼ਟਰੀ ਆਮਦਨ ਨੂੰ ਦੁੱਗਣਾ (double) ਕਰਨ ਦਾ ਟੀਚਾ ਮਿਥਿਆ ਗਿਆ। ਪਰੰਤੂ ਕੁਝ ਕਾਰਨਾਂ ਕਰਕੇ ਇਹ ਵਿਕਾਸ ਦੀ ਯੋਜਨਾ ਬਹੁਤ ਕਾਮਯਾਬੀ ਪ੍ਰਾਪਤ ਨਾ ਕਰ ਸਕੀ। ਇਸ ਯੋਜਨਾ ਦਾ ਉਸੇ ਵੇਲੇ ਸਰਕਾਰ ਵਲੋਂ ਅਤੇ ਕੁਝ ਵਿਅਕਤੀਆਂ ਵਲੋਂ ਬਹੁਤ ਵਿਰੋਧ ਕੀਤਾ ਗਿਆ। ਇਸੇ ਤਰ੍ਹਾਂ ਹੀ ਗੈਰ ਸਰਕਾਰੀ ਕੋਸ਼ਿਸਾਂ ਦੀ ਲੜੀ ਵਿਚ ਲੋਕਾਂ ਦਾ ਸਮਾਜਿਕ ਅਤੇ ਆਰਥਿਕ ਵਿਕਾਸ ਕਰਨ ਲਈ ਸ੍ਰੀਮਨ ਨਰਾਇਣ ਵਲੋਂ ਗਾਂਧੀਵਾਦ ਯੋਂਜਨਾ (Gandhian Plan) ਸ਼ੁਰੂ ਕੀਤੀ ਗਈ ਜਿਸ ਵਿਚ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਤੇ ਜ਼ੋਰ ਦਿੱਤਾ ਗਿਆ। ਪੇਂਡੂ ਅਰਥਚਾਰੇ (Rural Economy) ਦੇ ਸਾਰੇ ਪੱਖਾਂ ਜਿਵੇਂ ਕਿ ਘਰੇਲੂ ਉਦੋਗ ਅਤੇ ਖੇਤੀਬਾੜੀ ਆਦਿ ਦਾ ਵਿਕਾਸ ਕਰਨ ਲਈ ਕਈ ਮਹੱਤਵਪੂਣ ਕਦਮ ਚੁੱਕੇ ਗਏ ਤਾਂ ਜੋ ਇਨ੍ਹਾਂ ਨਾਲ ਸੰਬੰਧਿਤ ਲੋਕਾਂ ਦਾ ਵਿਕਾਸ ਹੋ ਸਕੇ। ਇਸੇ ਤਰ੍ਹਾਂ ਹੀ ਸ੍ਰੀ ਐਮ. ਐਨ. ਰਾਏ/ (M. N. Roy) ਨੈ ਲੋਕਾਂ ਦਾ ਆਰਥਿਕ ਵਿਕਾਸਕਰਨ ਲਈ ਲੋਕਾਂ ਦੀ ਯੋਜਨਾ (People's Plan) ਵੀ ਸ਼ੁਰੂ ਕੀਤੀ। ਪਰ ਇਹ ਸਾਰੀਆਂ ਯੋਜਨਾਵਾਂ ਕਾਗਜ਼ੀ ਕਾਰਵਾਈ ਬਣ ਕੇ ਰਹਿ ਗਈਆਂ ਅਤੇ ਇਹਨਾਂ ਉਪਰ ਕੋਈ ਅਮਲ ਨਹੀਂ ਕੀਤਾ ਗਿਆ। 1946 ਵਿਚ ਅੰਤਰਿਮ ਸਰਕਾਰ ਵੱਲੋਂ (Interim Government) ਯੋਜਨਾਬੰਦੀ ਸਲਾਹਕਾਰ ਬੋਰਡ (Advisory Planning Board)[1] ਦੀ ਕੇ. ਸੀ. ਨਿਊਗੀ (K.C. Neogi) ਦੀ ਚੇਅਰਮੈਨਸ਼ਿਪ ਹੇਠ ਸਥਾਪਨਾ ਕਰ ਦਿੱਤੀ ਗਈ। ਇਸ ਬੋਰਡ ਦੀ ਇਹ ਜਿੰਮੇਵਾਰੀ ਸੀ ਕਿ ਉਹ ਯੋਜਨਾਬੰਦੀ ਵਿਚ ਸੁਧਾਰ ਕਰਨ ਲਈ ਤਾਲਮੇਲ ਪੈਦਾ ਕਰਨ ਲਈ ਸਰਕਾਰ ਨੂੰ ਸੁਝਾਉ ਦੇਵੇ ਇਹ ਮਹਿਸੂਸ ਕੀਤਾ ਗਿਆ ਕਿ ਯੋਜਨਾਬੰਦੀ ਵਰਗਾ ਮਹੱਤਵਪੂਰਨ ਕੰਮ ਪੱਕੇ ਤੌਰ ਤੇ ਨਿਯੰਤਰਤ ਕਰਨ ਲਈ ਕੋਈ ਅਜਿਹਾ ਸੰਗਠਨ ਹੋਦਾ ਚਾਹੀਦਾ ਹੈ ਜੋ ਕਿ ਮੁੱਖ ਤੌਰ ਤੇ ਸਰਕਾਰ ਨੂੰ ਯੋਜਨਾਬੰਦੀ ਸੰਬੰਧਿਤ ਮਸਲਿਆਂ ਬਾਰੇ ਸਲਾਹ ਦੇਵੇ। ਅਜਿਹਾ ਸੰਗਠਨ ਮੰਤਰੀ ਮੰਡਲ ਨੂੰ ਜਵਾਬ ਦੇ (accountble) ਹੋਣਾ ਚਾਹੀਦਾ ਹੈ ਤਾਂ ਜੋ ਉਸਦੀ ਕਾਰਗੁਜ਼ਾਰੀ ਦੀ ਨਜ਼ਰਸਾਨੀ ਹੋ ਸਕੇ। ਇਸ ਬੋਰਡ ਵੱਲੋਂ ਸਰਕਾਰ ਨੂੰ ਇਹ ਵੀ ਸੁਝਾਉ ਦਿੱਤਾ ਗਿਆ ਕਿ ਅਜਿਹੀ ਬਾਡੀ ਦਾਂ ਨਾਂ ਯੋਜਨਾਬੰਦੀ ਕਮਿਸ਼ਨ (Planning Commission) ਹੋਣਾ ਚਾਹੀਦਾ ਹੈ। ਸਰਕਾਰ

---

1. ਹੰਸ ਰਾਜ : ਇੰਡੀਅਨ ਪੁਲੀਟੀਕਲ ਸਿਸਟਮ।

ਨੂੰ ਇਹ ਵੀਂ ਸਲਾਹ ਦਿੱਤੀ ਗਈ ਕਿ ਇਸ ਕਮਿਸ਼ਨ ਦੇ ਮੈਂਬਰ ਅਜਿਹੇ ਵਿਅਕਤੀ ਹੋਣੇ ਚਾਹੀਦੇ ਹਨ ਜੋ ਕਿ ਵੱਖ ਵੱਖ ਖੇਤਰਾਂ ਜਿਵੇਂ ਕਿ ਅਰਥ ਸ਼ਾਸਤਰ ਖੇਤੀਬਾੜੀ, ਸਨਅੱਤ, ਸਾਇੰਸ ਅਤੇ ਤਕਨਾਲੋਜੀ ਆਦਿ ਦੇ ਮਾਹਿਰ ਹੋਣ ਅਤੇ ਕੋਈ ਵੀ ਮੰਤਰੀ ਇਸ ਕਮਿਸ਼ਨ ਦਾ ਮੈਂਬਰ ਨਹੀਂ ਨਿਯੁੱਕਤ ਕੀਤਾ ਜਾਣਾ ਚਾਹੀਦਾ। ਭਾਵੇਂ ਇਸ ਬੋਰਡ ਦੀਆਂ ਸਾਰੀਆਂ ਸਿਫਾਰਸ਼ਾਂ ਉਸ ਵੇਲੇ ਦੀ ਸਰਕਾਰ ਵੱਲੋਂ ਨਾ ਮੰਨੀਆਂ ਗਈਆਂ ਪਰੰਤੂ ਇਹ ਸਿਫਾਰਸ਼ਾ ਆਉਣ ਵਾਲੇ ਸਮੇਂ ਵਿਚ ਭਾਰਤ ਵਿਚ ਯੋਜਨਾਬੰਦੀ ਵਰਗਾ ਕੰਮ ਕਰਨ ਲਈ ਕੋਈ ਸਥਾਈ ਪ੍ਰਬੰਧ ਦਾ ਅਧਾਰ ਬਣੀਆਂ।

**(ੲ) ਯੋਜਨਾਬੰਦੀ ਕਮਿਸ਼ਨ (ਨੀਤੀ ਆਯੋਗ) ਦੀ ਸਥਾਪਨਾ (Creation of Planning Commission)**

15 ਅਗਸਤ, 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਲੋਕਾਂ ਦੀ ਚੁਣੀ ਹੋਈ ਸਰਕਾਰ ਵੱਲੋਂ ਇਹ ਕੰਮ ਮਹਿਸੂਸ ਕੀਤਾ ਗਿਆ ਕਿ ਦੇਸ਼ ਦੇ ਲੋਕਾਂ ਦਾ ਸਮੁੱਚਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਕਲਿਆਣਕਾਰੀ ਰਾਜ ਦੀ ਧਾਰਨਾ (Concept of Welfare State) ਨੂੰ ਅਪਣਾਉਣ ਨਾਲ ਸਰਕਾਰ ਦੇ ਕੰਮਾਂ ਵਿਚ ਚੌਖਾ ਵਾਧਾ ਇਕਸਾਰ ਵਿਕਸਿਤ ਕੀਤਾ ਜਾਵੇ। ਕੁਝ ਵਿਅਕਤੀਆਂ ਦੇ ਹੱਥਾਂ ਵਿਚ ਕੇਂਦਰਿਤ ਹੋਈ ਪੂਜੀ ਨੂੰ ਸਾਰੇ ਸਮਾਜ ਦੇ ਹਿੱਸਿਆਂ ਵਿਚ ਬਰਾਬਰ ਵੰਡਿਆ ਜਾਏ। ਸਰਕਾਰ ਲੋਕਾਂ ਨੂੰ ਅਜਿਹਾ ਸਮਾਜਿਕ ਢਾਂਚਾ ਦੇਣਾ ਚਾਹੁੰਦੀ ਸੀ ਕਿ ਜਿਸ ਵਿਚ ਅਮੀਰ ਅਤੇ ਗਰੀਬ ਵਿਚ ਕੋਈ ਫਰਕ ਨਾ ਹੋਵੇ, ਹਰਕ ਵਿਅਕਤੀ ਕੋਲ ਰੋਜਗਾਰ ਦੇ ਮੌਕੇ ਹੋਣ ਅਤੇ ''ਸਮਾਨਤਾਵਾਦੀ'' (Egalitarian Society) ਦੀ ਸਥਾਪਨਾ ਕੀਤੀ ਜਾਵੇ। ਇਨ੍ਹਾ ਸਾਰੇ ਉਦੇਸ਼ਾਂ ਦੀ ਪੂਰਤੀ ਲਈ ਯੋਜਨਾਬੰਦੀ ਦਾ ਸਹਾਰਾ ਲਿਆ ਗਿਆ। ਅੰਤ ਵਿਚ 15 ਮਾਰਚ, 1950 ਨੂੰ ਭਾਰਤ ਸਰਕਾਰ ਦੇ ਇਕ ਮਤੇ ਰਾਹੀਂ ਯੋਜਨਾ ਕਮਿਸ਼ਨ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ ਗਿਆ ਅਤੇ 28 ਮਾਰਚ 1950 ਨੂੰ ਯੋਜਨਾ ਕਮਿਸ਼ਨ ਨੇ ਬਕਾਇਦਾ ਰੂਪ ਵਿਚ ਕਾਰਜ ਕਰਨਾ ਆਰੰਭ ਕਰ ਦਿੱਤਾ। ਕੇਂਦਰੀ ਪੱਧਰ ਤੇ ਦੇਸ਼ ਦਾ ਸਮਾਜਿਕ ਅਤੇ ਆਰਥਿਕ ਵਿਕਾਸ ਕਰਨ ਸਮੇਂ ਸਮੇਂ ਸਿਰ ਯੋਜਨਾਵਾਂ ਦਾ ਨਿਰਮਾਣ ਕਰਨ ਲਈ ਯੋਜਨਾ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਆਰਥਿਕ ਵਿਕਾਸ ਸੰਬੰਧੀ ਕੇਂਦਰ ਅਤੇ ਰਾਰਾਂ ਵਿਚ ਤਾਲਮੇਲ ਪੈਦਾ ਕਰਨ ਲਈ ਰਾਸ਼ਟਰੀ ਵਿਕਾਸ ਪਰਿਸ਼ਦ (National Development Council) ਦੀ ਵੀ ਕੇਂਦਰੀ ਪੱਧਰ ਤੇ ਸਥਾਪਨਾ ਕੀਤੀ ਗਈ ਜਿਸ ਵਿਚ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀ ਹੁੰਦੇ ਹਨ ਅਤੇ ਦੇਸ਼ ਦਾ ਮੰਤਰੀ ਉਸਦਾ ਮੁੱਖੀ ਹੁੰਦੀ ਹੈ। ਇਸ ਤੋਂ ਇਲਾਵਾ ਕੇਂਦਰੀ ਪੱਧਰ ਤੇ ਯੋਜਨਾਬੰਦੀ ਸਬੰਧੀ ਸਰਕਾਰ ਨੂੰ ਸਲਾਹ ਦੇਣ ਲਈ ਇਕ ''ਸੰਸਦੀ ਸਲਾਹਕਾਰ ਕਮੇਟੀ (Parliamentary Consultative Committee) ਵੀ ਸਥਾਪਿਤ ਕੀਤੀ ਗਈ। ਰਾਜ ਪੱਧਰ ਦਾ ਆਰਥਿਕ ਵਿਕਾਸ ਕਰਨ ਲਈ ਰਾਜ ਸਰਕਾਰ ਨੂੰ ਸਲਾਹ ਦੇਣ ਲਈ ''ਰਾਜ ਯੋਜਨਾ ਬੋਰਡ ਜਾਂ ਕਮਿਸ਼ਨ'' (State Planning Board or Commission) ਦੀ ਸਥਾਪਨਾ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਜ਼ਿਲਾ ਤੇ ਬਲਾਕ ਪੱਧਰ ਤੇ ਨਿਯੋਜਨ ਦਾ ਕੰਮ ਵੇਖਣ ਲਈ ਜ਼ਿਲ੍ਹਾ ਅਤੇ ਬਲਾਕ ਨਿਯੋਜਨ ਬੋਰਡ'' (District and Block Planning Board) ਵੀ ਸਥਾਪਿਤ ਕੀਤੀ ਗਏ ਹਨ।

**1. ਯੋਜਨਾ ਕਮਿਸ਼ਨ ਦੀ ਬਣਤਰ ਅਤੇ ਸੰਗਠਨ (Composition and Organisation of Planning Commission)**

ਕੇਂਦਰੀ ਪੱਧਰ ਤੇ ਯੋਜਨਾ ਕਮਿਸ਼ਨ ਦਾ ਸੰਗਠਨ ਅਤੇ ਬਣਤਰ 1950 ਤੋਂ ਲੈ ਕੇ ਹੁਣ ਤੱਕ ਸਮੇਂ-ਸਮੇਂ ਸਿਰ ਬਦਲਦਾ ਰਿਹਾ ਹੇ। ਜਦੋ ਯੋਜਨਾ ਕਮਿਸ਼ਨ ਹੋਂਦ ਵਿਚ ਆਇਆ ਤਾਂ ਇਹ ਸੋਚਿਆ ਗਿਆ ਸੀ ਕਿ ਯੋਜਨਾ ਕਮਿਸ਼ਨ, ਸਰਕਾਰ ਦੇ ਦੂਸਰੇ ਵਿਭਾਗਾਂ ਨਾਲੋਂ ਭਿੰਨ ਹੋਣਾ ਚਾਹੀਦਾ ਹੈ ਤਾਂ ਜੋ ਇਹ ਆਪਣੇ ਕਾਇਮ ਕਰਨ ਪਿਛੇ ਨਿਰਧਾਰਤ ਕੀਤੇ ਹੋਏ ਉਦੇਸ਼ਾਂ ਦੀ ਸਫਲਤਾ ਪੂਰਵਕ ਪੂਰਤੀ ਕਰ ਸਕੇ। ਸ਼ੁਰ-ਸ਼ੁਰੂ ਵਿਚ ਇਸ ਨੂੰ ਕਿਸੇ ਵੀ ਵਿਭਾਗ ਜਾਂ ਮਨਿਸਟਰੀ ਦੇ ਅਧੀਨ ਰੱਖਿਆ ਗਿਆ ਤਾਂ ਜੋ ਇਹ ਦੂਸਰੇ ਵਿਭਾਗ ਦੀ ਤਰ੍ਹਾ ਹੀ ਆਮ ਜਾਂ ਰੋਜ਼ਮਰਾਂ ਆਪਣੀ ਵਿਸੇਸ਼ (Expert) ਰਾਏ ਪ੍ਰਦਾਨ ਕਰੇ। ਦੂਸਰਾ, ਯੋਜਨਾ ਕਮਿਸ਼ਨ ਦੀ ਸਮੁੱਚੀ ਬਣਤਰ ਬੜੀ ਲਚਕੀਲੀ ਰੱਖੀ ਜਗਾਈ ਤਾਂ ਜੋ ਸਮੇ-ਸਮੇਂ ਸਿਰ ਇਸ ਵਿਚ ਲੋੜਾ ਅਤੇ ਜਰੂਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਰੂਰੀ

1. ਰੁਦਰ ਦੱਤ ਐਂਡ ਕੇ.ਪੀ. ਐਮ. ਸੁੰਦਰਮ : ਇੰਡੀਅਨ ਇਕਾਨਮੀ, ਨਵੀਂ ਦਿੱਲੀ, ਐਸ. ਚਾਂਦ ਐਂਡ ਕੰਪਨੀ, 1985, ਪੰਨਾ 108.

ਪਰਿਵਰਤਨ ਕੀਤੇ ਜਾ ਸਕਣ।

ਸ਼ੁਰੂ-ਸ਼ੁਰੂ ਵਿਚ ਯੋਜਨਾ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੰਜ ਸੀ, ਪਰੰਤੂ ਇਹ ਬਾਅਦ ਵਿਚ ਵਧਦੇ ਵਧਦੇ 12 ਹੋ ਗਈ ਜਿਸ ਵਿਚ ਪ੍ਰਧਾਨ ਮੰਤਰੀ ਇਸਦੇ ਚੇਅਰਮੈਨ, ਯੋਜਨਾ ਮੰਤਰੀ ਇਸ ਦੇ ਉਪ ਚੇਅਰਮੈਨ ਅਤ ਗ੍ਰਹਿ ਮੰਤਰੀ, ਖੁਰਾਕ ਮੰਤਰੀ ਅਤੇ ਬਦੇਸ਼ ਮੰਤਰੀ ਇਸ ਦੇ ਮੈਂਬਰਾਂ ਵਜੋਂ ਕਾਰਜ ਕਰਦੇ ਸਨ। ਇਨ੍ਹਾਂ ਮੈਬਰਾਂ ਦੇ ਇਲਾਵਾ ਚਾਰ ਜਾਂ ਪੰਜ ਪੂਰੇ ਸਮੇਂ ਲਈ (Whole Time) ਮੈਂਬਰ ਵੀ ਸਨ ਜੋ ਪੂਰਾ ਸਮੇਂ ਯੋਜਨਾ ਕਮਿਸ਼ਨ ਲਈ ਕਾਰਜ ਕਰਦੇ ਸਨ। ਪਰੰਰਤੂ ਥੋੜੀ ਦੇਰ ਬਾਅਦ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਸੀ ਕਿ ਯੋਜਨਾ ਕਮਿਸ਼ਨ ਦੇ ਬਹੁਤੇ ਮੈਂਬਰ ਮੰਤਰੀ ਹੋਣ ਕਰਕੇ ਜੋ ਕਿ ਪ੍ਰਭਾਵਸ਼ਾਲੀ ਰਾਜਨੀਤਿਕ ਆਗੂ (Political Leaders) ਸਨ ਜਿਸ ਕਾਰਨ ਯੋਜਨਾ ਕਮਿਸ਼ਨ ਦੇ ਸੁਪਰ ਮੰਤਰੀ ਮੰਡਲ ਦਾ ਰੂਪ ਧਾਰਣ ਕਰ ਲਿਆ ਹੈ। ਇਨ੍ਹਾਂ ਰਾਜਨੀਤਿਕ ਆਗੂਆਂ ਦੀ ਯੋਜਨਾ ਕਮਿਸ਼ਨ ਵਿਚ ਮੌਜਦੂਗੀ ਹੋਣ ਕਰਕੇ ਸਾਰੇ ਫੈਸਲੇ ਰਾਜਨੀਤਿਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੇ ਜਾਣ ਲਗ ਪਏ। ਯੋਜਨਾ ਕਮਿਸ਼ਨ ਦੀ ਕਰੜੀ ਆਲੋਚਨਾ ਹੋਣ ਲਗ ਪਈ। ਇਸ ਆਲੋਚਨਾ ਨੂੰ ਮੁੱਖ ਰੱਖਦੇ ਹੋਏ, 1968 ਵਿਚ ਯੋਜਨਾ ਕਮਿਸ਼ਨ ਦੁਬਾਰਾ ਪੁਨਰ-ਗਠਨ ਕੀਤਾ ਗਿਆ। ਇਸ ਦੇ ਅਨੁਸਾਰ ਯੋਜਨਾ ਕਮਿਸ਼ਨ ਦੇ ਮੈਂਬਰ ਪ੍ਰਧਾਨ ਮੰਤਰੀ ਅਤੇ ਪੰਜ ਪੂਰੇ ਸਮੇਂ ਲਈ ਮੈਂਬਰ ਨਿਯੁੰਕਤ ਕੀਤੇ ਗਏ। ਇਸ ਦਾ ਚੇਅਰਮੈਨ ਦੇ ਅਹੁਦੇ ਤੇ ਡਾ. ਡੀ. ਆਰ ਗੈਡਗਿਲ (D.R. Gadgil) ਨੂੰ ਨਿਯੁੱਕਤ ਕੀਤਾ ਗਿਆ। ਉਸ ਸਮੇਂ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਅਤੇ ਵਿੱਤ ਮੰਤਰੀ ਤੋਂ ਇਲਾਵਾ ਪੰਜ ਪੂਰੇ ਸਮੇਂ ਦੇ ਮੈਬਰ ਸਨ। ਪਰ ਇਹ ਪੁਨਰ ਗਠਨ ਬਹੁਤ ਦੇਰ ਨਾ ਚਲਿਆ ਅਤੇ ਸਰਕਰ ਇਸ ਵਿਚ ਪਰਿਵਰਤਨ ਕਰਨ ਕਾਰਨ ਨਿਰੰਤਰ ਸੋਚਦੀ ਰਹੀ। ਇਸ ਤੋਂ ਇਲਾਵਾ ਉਸ ਸਮੇਂ ਦੀ ਪ੍ਰਧਾਨ ਮੰਤਰੀ ਯੋਜਨਾ ਕਮਿਸਨ ਨੂੰ ਆਪਣੀਆਂ ਨੀਤੀਆਂ ਲਾਗੂ ਕਰਨ ਵਿਚ ਰੁਕਾਵਟ ਸਮਝਣ ਲੱਗ ਪਈ। ਸਿੱਟੇ ਵਜੋ ਮਾਰਚ, 1971 ਦੀਆਂ ਮੱਧਕਾਲੀ ਚੋਣਾ ਤੋਂ ਬਾਅਦ ਯੋਜਨਾ ਕਮਿਸ਼ਨ ਦਾ ਫਿਰ ਤੋਂ ਪੁਨਰ-ਗਠਨ ਕਰਕੇ ਇਸ ਨੂੰ ਇਥ ਵੱਖਰੇ ਸਥਾਪਤ ਯੋਜਨਾ ਮੰਤਰਾਲੇ ਦੇ ਅਧੀਨ ਕਰ ਦਿੱਤਾ ਗਿਆ। ਇਸ ਨਵੇਂ ਪ੍ਰਬੰਧ ਨਾਲ ਯੋਜਨਾ ਕਮਿਸ਼ਨ ਦੀ ਸੁਤੰਤਰ ਹੋਂਦ ਖਤਮ ਹੋ ਗਈ ਅਤੇ ਇਸ ਨੂੰ ਯੋਂਜਨਾ ਮੰਤਰਲੇ ਦਾ ਹਾ ਇਕ ਭਾਗ ਸਮਝਿਆ ਜਾਣ ਲਗ ਪਿਆ। ਇਸ ਦੇ ਚੇਅਰਮੈਨ ਤਾਂ ਭਾਵੇਂ ਪ੍ਰਧਾਨ ਮੰਤਰੀ ਹੀ ਸਨ, ਪਰੰਤੂ ਯੋਜਨਾ ਮੰਤਰੀ ਨੂੰ ਇਸ ਪਦਵੀ ਵਜੋਂ (Ex officio) ਉਪ-ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ। ਪਰੰਤੂ ਇਹ ਪ੍ਰਥਾ ਵੀ ਬਹੁਤ ਦੇਰ ਨਾ ਚਲ ਸਕੀ ਅਤੇ ਥੋੜੇ ਸਮੇਂ ਬਾਦ ਹੀ ਪੀ. ਐਨ. ਹਕਸਰ ਨੂੰ ਕਮਿਸ਼ਨ ਦਾ ਪੂਰੇ ਸਮੇਂ ਦਾ ਉਪ-ਚੇਅਰਮੈਨ ਨਿਯੁਕਤ ਕੀਤਾ ਗਿਆ।

1977 ਵਿਚ ਜਦੋਂ ਜਨਤਾ ਪਾਰਟੀ ਕੇਂਦਰ ਵਿਚ ਸੱਤਾ (Power) ਵਿਚ ਆਈ ਤਾਂ ਇਸ ਤੋਂ ਯੋਜਨਾ ਕਮਿਸ਼ਨ ਦਾ ਨਵੇਂ ਸਿਰ ਤੋਂ ਪੁਨਰਗਠਨ ਕੀਤਾ। ਪ੍ਰਧਾਨ ਮੰਤਰੀ ਯੋਜਨਾਬੰਦੀ ਕਮਿਸ਼ਨ ਦਾ ਚੇਅਰਮੈਨ ਬਣਿਆ ਅਤੇ ਉਸ ਤੋਂ ਇਲਾਵਾ, ਤਿੰਨ ਕੈਬਨਿਟ ਪੱਧਰ ਦੇ ਮੱਤਰੀ , ਵਿੱਤ ਗ੍ਰਹਿ ਅਤੇ ਰੱਖਿਆ ਮੰਤਰੀ ਕਮਿਸ਼ਨ ਦੇ ਮੈਂਬਰ ਬਣੇ। ਇਹ ਸਾਰੇ ਹੀ ਕਮਿਸ਼ਨ ਦੇ ਬੜੇ ਸਮੇਂ ਦੇ ਮੈਂਬਰ ਸਨ, ਇਨ੍ਹਾਂ ਤੋਂ ਇਲਾਵਾ ਉਪਰ ਚੇਅਰਮੈਨ ਅਤੇ ਤਿੰਨ ਹੋਰ ਮੈਂਬਰ ਨਿਯੁਕਤ ਕੀਤੇ ਗਏ। ਇਸ ਦੇ ਮੈਂਬਰ ਵੱਖ-ਵੱਖ ਖੇਤਰਾਂ ਜਿਵੇਂ ਅਰਥ-ਸਾਸਤਰ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਖੇਤੀਬਾੜੀ ਪ੍ਰਸ਼ਾਸਨ ਨਾਲ ਸੰਬੰਧਿਤ ਸਨ। ਇਸ ਤਰ੍ਹਾਂ 1977 ਵਿਚ ਯੋਜਨਾਬੰਦੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 8 ਸੀ। ਉਪਰ ਚੇਅਰਮੈਨ ਦਾ ਰੁਤਬਾ (status) ਕੈਬਨਿਟ ਮੰਤਰੀ ਵਾਲਾ ਸੀ।[2]

1980 ਵਿਚ ਜਨਤਾ ਪਾਰਟੀ ਦੀ ਸਰਕਾਰ ਟੁੱਟਣ ਤੋਂ ਬਾਦ, ਕੇਂਦਰੀ ਪੱਧਰ ਤੇ ਕਾਂਗਰਸ ਫਿਰ ਦੁਬਾਰਾ ਸੱਤਾ ਵਿਚ ਆਈ ਤਾਂ ਇਸ ਨੇ ਆਪਣੇ ਅਨੁਸਾਰ ਯੋਜਨਾਬੰਦੀ ਕਮਿਸ਼ਨ ਦੇ ਸੰਗਠਨ ਅਤੇ ਬਣਤਰ ਵਿਚ ਰੱਦੋ-ਬਦਲ ਕੀਤਾ। ਯੋਜਨਾ ਮੰਤਰੀ ਐਨ.ਡੀ. ਤਿਵਾੜੀ ਨੂੰ ਯੋਜਨਾ ਕਮਿਸ਼ਨ ਦਾ ਉਪ ਚੇਅਰਮੈਨ ਨਾਮਜ਼ਦ ਕੀਤਾ ਗਿਆ। ਚੇਅਰਮੈਨ ਪ੍ਰਧਾਨ ਮੰਤਰੀ ਨੂੰ ਬਣਾਇਆ ਗਿਆ। ਇਨ੍ਹਾਂ ਤੋਂ ਇਲਾਵਾ ਪੰਜ ਪੂਰੇ ਸਮੇਂ ਦੇ ਮੈਂਬਰ ਵੀ ਨਿਯੁਕਤ ਕੀਤੇ ਗਏ ਜਿਨ੍ਹਾਂ ਨੂੰ ਰਾਸ਼ਟਰਪਤੀ ਦੁਆਰਾ ਉਨ੍ਹਾਂ ਦੀ ਯੋਗਤਾ ਅਤੇ ਵਿਸ਼ੇਸ਼ਤਾ ਦੇ ਆਧਾਰ ਤੇ ਨਾਮਜ਼ਦ ਕੀਤਾ ਜਾਂਦਾ ਹੈ। ਯੋਜਨਾ ਮੰਤਰਾਲੇ ਦੇ ਸਕੱਤਰ ਨੂੰ ਯੋਜਨਾ ਕਮਿਸ਼ਨ ਦੇ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ ਸੀ। ਯੋਜਨਾਬੰਦੀ ਕਮਿਸ਼ਨ ਦੀ ਇਹ ਬਣਤਰ ਬਹੁਤ ਦੇਰ ਤੱਕ ਇਸੇ ਤਰ੍ਹਾਂ ਹੀ ਚਲਦੀ ਰਹੀ ਪਰੰਤੂ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ, ਜਦੋਂ ਸ੍ਰੀ ਰਾਜੀਵ ਗਾਂਧੀ 1985 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਕੇਂਦਰੀ ਪ੍ਰਸ਼ਾਸਨ ਵਿਚ ਕਾਫੀ ਫੇਰ ਬਦਲ ਹੋਏ। ਯੋਜਨਾਬੰਦੀ ਕਮਿਸ਼ਨ ਵੀ ਇਸ ਰੱਦੋ-ਬਦਲ ਤੋਂ ਨਾ ਬਚ ਸਕਿਆ। ਯੋਜਨਾਬੰਦੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 5 ਤੋਂ ਵਧਾ ਕੇ ਅੱਠ ਕਰ ਦਿੱਤੀ ਗਈ ਜਿਸ ਵਿਚ ਪਹਿਲਾਂ ਦੀ ਤਰ੍ਹਾਂ ਪ੍ਰਧਾਨ ਮੰਤਰੀ ਯੋਜਨਾ ਕਮਿਸ਼ਨ ਦੇ ਚੇਅਰਮੈਨ ਬਦੇ ਅਤੇ ਮਨਮੋਹਨ ਸਿੰਘ ਜੋ ਪ੍ਰਸਿੱਧ ਅਰਥਸ਼ਾਸਤਰੀ ਹਨ, ਨੂੰ ਯੋਜਨਾ ਕਮਿਸ਼ਨ ਦਾ ਡਿਪਟੀ ਚੇਅਰਮੈਨ ਬਣਾਇਆ ਗਿਆ। ਇਸ ਤੋਂ ਇਲਾਵਾ ਪੰਜ

ਪੂਰੇ ਸਮੇਂ ਦੇ ਮੈਂਬਰ ਜੋਕਿ ਵੱਖ-ਵੱਖ ਖੇਤਰਾਂ ਦੇ ਮਾਹਿਰ ਸਨ, ਨੂੰ ਯੋਜਨਾ ਕਮਿਸ਼ਨ ਦੇ ਬਤੌਰ ਪੱਕੇ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਦੋ ਮੰਤਰੀਆਂ ਪੀ.ਵੀ. ਨਰਸਿਮਹਾ ਰਾਓ ਅਤੇ ਵਿਸ਼ਵਨਾਥ ਪ੍ਰਤਾਪ ਸਿੰਘ ਜੋ ਕਿ ਉਸ ਸਮੇਂ ਵਿੱਤ ਮੰਤਰੀ ਸਨ ਨੂੰ ਥੋੜੇ ਸਮੇਂ (part time) ਦੇ ਮੈਂਬਰ ਨਿਯੁਕਤ ਕੀਤਾ ਗਿਆ। 1989 ਵਿਚ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਸ੍ਰੀ ਰਾਮ ਕ੍ਰਿਸ਼ਨ ਹੇਗੜੇ ਉਪ ਪ੍ਰਧਾਨ ਅਤੇ ਹੋਰ 9 ਫੁਲ ਟਾਇਮ ਮੈਂਬਰ ਨਿਯੁਕਤ ਕੀਤੇ ਗਏ। ਪਰ 1990 ਵਿਚ ਸ੍ਰੀ ਹੇਗੜੇ ਦੇ ਅਸਤੀਫੇ ਦੇਣ ਕਾਰਨ ਪ੍ਰੋ. ਮਧੂ ਦੰਡਵਤੇ ਨੂੰ ਉਪ ਪ੍ਰਧਾਨ ਬਣਾਇਆ ਗਿਆ। ਨਰਸਿਮਹਾ ਰਾਓ ਦੀ ਸਰਕਾਰ ਦੌਰਾਨ ਸ੍ਰੀ ਪ੍ਰਨਾਥ ਮੁਕਰਜੀ ਇਸ ਦੇ ਉਪ ਪ੍ਰਧਾਨ ਸਨ। ਯੂਨਾਇਟਿਡ ਫਰੰਟ ਸਰਕਾਰ ਦੇ ਦੌਰ ਦੇ ਸਮੇਂ ਮੁੜ ਪ੍ਰੋ. ਮਧੂ ਦੰਡਵਤੇ ਇਸ ਦੇ ਉਪ-ਪ੍ਰਧਾਨ ਬਣੇ। ਫਿਰ ਜਸਵੰਤ ਸਿੰਘ (ਬੀ.ਜੇ.ਪੀ.) ਇਸਦੇ ਉਪਰ-ਚੇਅਰਮੈਨ ਬਣੇ। ਫਿਰ ਕੇ.ਸੀ. ਪੰਤ ਇਸਦੇ ਉਪ ਚੇਅਰਮੈਨ ਸਨ।

ਅੱਜ ਕੱਲ੍ਹ ਯੋਜਨਾ ਕਮਿਸ਼ਨ ਦੇ ਅੱਠ ਮੈਂਬਰ ਹਨ। ਯੋਜਨਾ ਕਮਿਸ਼ਨ ਤੋਂ ਇਲਾਵਾ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਪ੍ਰਧਾਨ ਮੰਤਰੀ ਵਲੋਂ ਕਈ ਆਰਥਿਕ ਸਲਾਹਕਾਰਾਂ ਦੀਆਂ ਸੇਵਾਵਾਂ ਵੀ ਲਈਆਂ ਜਾਂਦੀਆਂ ਹਨ ਇਹ ਸਲਾਹਕਾਰ ਵੱਖ-ਵੱਖ ਖੇਤਰਾਂ ਦੇ ਮਾਹਿਰ ਹੋਣ ਕਰਕੇ, ਪ੍ਰਧਾਨ ਮੰਤਰੀ ਦੀ ਯੋਜਨਾਬੰਦੀ ਦੇ ਕੰਮਾਂ ਸੰਬੰਧੀ ਮਦਦ ਕਰਦੇ ਹਨ। ਅੱਜ ਦੇ ਸਮੇਂ ਡਾ. ਮੋਨਟੇਕ ਸਿੰਘ ਆਹਲੂਵਾਲੀਆ ਇਸਦੇ ਉਪ ਪ੍ਰਧਾਨ ਹਨ।

**2. ਯੋਜਨਾਬੰਦੀ ਕਮਿਸ਼ਨ ਦੇ ਕੰਮ (Functions of Planning commission)**

1950 ਵਿਚ ਜਦੋਂ ਸਰਕਾਰ ਦੇ ਮਤੇ ਰਾਹੀਂ (Government Resolution) ਯੋਜਨਾਬੰਦੀ ਕਮਿਸ਼ਨ ਹੋਂਦ ਵਿਚ ਆਇਆ ਤਾਂ ਇਸ ਨੂੰ ਹੇਠ ਲਿਖੇ ਕੰਮ ਸੌਂਪੇ ਗਏ ਸਨ :

(ੳ) ਦੇਸ਼ ਦੇ ਮੌਜੂਦ ਸਰੋਤਾਂ ਦੀ ਅਸਰਦਾਇਕ ਅਤੇ ਸੰਤੁਲਿਤ ਵਰਤੋਂ ਕਰਨ ਲਈ ਪੰਜ ਸਾਲਾ ਯੋਜਨਾਵਾਂ ਦਾ ਨਿਰਮਾਣ ਕਰਨਾ।

(ਅ) ਯੋਜਨਾਵਾਂ ਦੇ ਉਦੇਸ਼ਾਂ ਵਿਚ ਪ੍ਰਥਾਮਿਕਤਾ ਨਿਰਧਾਰਤ ਕਰਨਾ।

(ੲ) ਰਾਸ਼ਟਰੀ ਸਰੋਤਾਂ ਦਾ ਅਨੁਮਾਨ ਲਗਾਉਣਾ ਅਤੇ ਉਨ੍ਹਾਂ ਦੀ ਵਰਤੋਂ ਸੰਬੰਧੀ ਤਰੀਕਿਆਂ ਦੀ ਖੋਜ ਕਰਨਾ।

(ਸ) ਯੋਜਨਾਵਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਮਸ਼ੀਨਰੀ ਨੂੰ ਨਿਰਧਾਰਤ ਕਰਨਾ ਅਤੇ

(ਹ) ਯੋਜਨਾਵਾਂ ਦੀ ਸਫਲਤਾ ਦਾ ਮੁਲਾਂਕਣ ਕਰਨਾ ਅਤੇ ਜੇਕਰ ਜ਼ਰੂਰੀ ਹੋਏ ਤਾਂ ਉਸ ਵਿਚ ਕੁਝ ਸੋਧ (Amendment) ਕਰਨੀਆਂ ਤਾਂ ਜੋ ਉਹ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਣ।

ਅੱਜਕੱਲ੍ਹ ਯੋਜਨਾ ਕਮਿਸ਼ਨ ਹੇਠ ਲਿਖੇ ਕੰਮ ਕਰ ਰਿਹਾ ਹੈ :

1. ਦੇਸ਼ ਦੇ ਮਨੁੱਖੀ ਅਤੇ ਭੌਤਿਕ ਸ੍ਰੋਤਾਂ ਦਾ ਅਨੁਮਾਨ ਲਗਾਉਣਾ।
2. ਦੇਸ਼ ਦੀਆਂ ਲੋੜਾਂ ਨੂੰ ਸਾਹਮਣੇ ਰੱਖਦੇ ਹੋਏ ਤਰਜੀਹ (priority) ਦੇ ਆਧਾਰ ਤੇ ਸ੍ਰੋਤਾਂ ਦੀ ਵੰਡ ਕਰਨਾ, ਯੋਜਨਾਬੰਦੀ ਕਰਨਾ।
3. ਦੇਸ਼ ਵਿਚ ਮੌਜੂਦ ਸਾਧਨਾਂ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣਾ।
4. ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਵਿਕਾਸ ਯੋਜਨਾਵਾਂ ਦਾ ਨਿਰਮਾਣ ਕਰਨਾ।
5. ਦੇਸ਼ ਦੇ ਉਦਯੋਗਿਕ ਵਿਕਾਸ ਕਰਨ ਲਈ ਯੋਜਨਾਬੰਦੀ ਕਰਨਾ।
6. ਆਰਥਿਕ ਵਿਕਾਸ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਅਤੇ ਤੱਥਾਂ ਦਾ ਪਤਾ ਲਗਾਉਣਾ ਅਤੇ ਦੇਸ਼ ਦੀਆਂ ਸਮਾਜਿਕ ਅਤੇ ਆਰਥਿਕ ਪਰਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਯੋਜਨਾਵਾਂ ਲਈ ਸੁਖਾਵਾਂ ਵਾਤਾਵਰਣ ਪੈਦਾ ਕਰਨਾ।
7. ਅਜਿਹੇ ਅੰਤਰਿਮ ਜਾਂ ਸਹਾਇਕ ਸੁਝਾਅ ਦੇਣੇ ਜੋ ਪ੍ਰਚਲਿਤ ਆਰਥਿਕ ਪ੍ਰਸਥਿਤੀਆਂ, ਵਰਤਮਾਨ ਨੀਤੀਆਂ (current policies), ਢੰਗਾਂ ਅਤੇ ਵਿਕਾਸ ਪ੍ਰੋਗਰਾਮਾਂ ਦੇ ਦ੍ਰਿਸ਼ਟੀਕੋਣ ਤੋਂ ਢੁਕਵੇਂ ਹੋਣ।
8. ਰਾਸ਼ਟਰੀ ਵਿਕਾਸ ਵਿਚ ਲੋਕਾਂ ਦਾ ਸਹਿਯੋਗ ਅਤੇ
9. ਜਰਨਲ ਯੋਜਨਾ ਪ੍ਰਕਾਸ਼ਤ ਕਰਨਾ ਆਦਿ (Publication of Journal Yojana)

---

1. ਕੇ.ਕੇ. ਪੁਰੀ : ਭਾਰਤੀ ਪ੍ਰਸ਼ਾਸਨ, ਜਲੰਧਰ, ਭਾਰਤ ਪ੍ਰਕਾਸ਼ਨ, 1984, ਪੰਨਾ 558
2. ਐਮ.ਆਰ. ਮਹੇਸ਼ਵਰੀ : ਇੰਡੀਅਨ ਐਡਮਨਿਸਟਰੇਸ਼ਨ, ਨਵੀਂ ਦਿੱਲੀ, ਐਰੀਐਂਟ ਲਗਕੇਨ, 1979

**3. ਬਣਤਰ**

**ਯੋਜਨਾਬੰਦੀ ਆਯੋਗ 1950 ਵਿਚ ਬਣਿਆ**

ਪ੍ਰਧਾਨ ਮੰਤਰੀ
ਮੁਖੀ (ਚੇਅਰਮੈਨ)

↓

ਉਪ-ਚੇਅਰਮੈਨ

↓

ਕੁਝ ਪਾਰਟ ਟਾਈਮ ਸਦਸ (Member)
(ਮੰਤਰੀ - ਅਹੁਦੇ ਵਜੋਂ)

↓

ਕੁਝ ਫੁਲ ਟਾਈਮ ਸਦਸ (Member)
(ਵਿਸ਼ੇਸ਼ਗ - ਅਰਥ ਸ਼ਾਸਤਰੀ, ਉਦਯੋਗਪਤੀ ਆਦਿ)

ਇਕ ਸਕੱਤਰ - ਜੋ ਰਾਸ਼ਟਰੀ ਵਿਕਾਸ ਪਰਿਸ਼ਦ ਦਾ ਵੀ ਸਕੱਤਰ ਹੈ।

ਯੋਜਨਾਬੰਦੀ ਕਮਿਸ਼ਨ ਇਕ ਸਟਾਫ ਇਕਾਈ ਦੇ ਰੂਪ ਵਿਚ ਕਾਰਜ ਕਰਦਾ ਹੈ। ਇਸ ਦੀ ਇਹ ਮੁੱਖ ਜ਼ਿੰਮੇਵਾਰੀ ਹੈ ਕਿ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਕਰਨ ਲਈ ਯੋਜਨਾਵਾਂ ਦਾ ਨਿਰਮਾਣ ਕਰੇ ਅਤੇ ਸਰਕਾਰ ਦੀ ਆਰਥਿਕ ਵਿਕਾਸ ਦੇ ਖੇਤਰ ਵਿਚ ਸਹਾਇਤਾ ਕਰੇ। ਭਾਵੇਂ ਯੋਜਨਾ ਕਮਿਸ਼ਨ ਦਾ ਰੁਤਬਾ ਸੰਵਿਧਾਨਕ (constitutional status) ਨਹੀਂ ਹੈ ਪਰੰਤੂ ਫਿਰ ਵੀ, ਇਸ ਦਾ ਭਾਰਤੀ ਪ੍ਰਸ਼ਾਸਨ ਵਿਚ ਵਿਸ਼ੇਸ਼ ਮਹੱਤਵ ਹੈ। ਸਮੇਂ - ਸਮੇਂ ਸਿਰ ਕਮਿਸ਼ਨ ਵੱਲੋਂ ਸਰਕਾਰ ਨੂੰ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਜ਼ਰੂਰੀ ਸਲਾਹ ਦਿੱਤੀ ਜਾਂਦੀ ਹੈ। ਇਹ ਸਰਕਾਰ ਨੂੰ ਨਵੀਆਂ-ਨਵੀਆਂ ਸਕੀਮਾਂ ਜਾਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦੀ ਹੈ ਜਿੰਨਾਂ ਰਾਹੀਂ ਦੇਸ਼ ਦਾ ਵਿਕਾਸ ਹੋ ਸਕਦਾ ਹੈ। ਇਹ ਰਾਜਨੀਤੀਵਾਨਾਂ (politicians) ਅਤੇ ਵਿਸ਼ੇਸ਼ਗਾਂ (Experts) ਦੀ ਮਿਲੀ ਜੁਲੀ ਸੰਸਥਾ ਹੈ ਜਿਸ ਵਿਚ ਉਨ੍ਹਾਂ ਲੋਕਾਂ ਨੂੰ ਲਿਆ ਜਾਂਦਾ ਹੈ। ਜਿਨ੍ਹਾਂ ਨੂੰ ਆਰਥਿਕ, ਉਦਯੋਗਿਕ, ਸਮਾਜ ਸੁਧਾਰ ਅਤੇ ਪ੍ਰਸ਼ਾਸਕੀ ਖੇਤਰਾਂ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੋਵੇ। ਇਸ ਦੇ ਦੁਆਰਾ ਨਿਰਧਾਰਿਤ ਯੋਜਨਾ ਨੂੰ ਮੰਤਰੀ ਮੰਡਲ ਦੀ ਪ੍ਰਵਾਨਗੀ ਜਾਂ ਸਹਿਮਤੀ ਲਈ ਪੇਸ਼ ਕੀਤਾ ਜਾਂਦਾ ਹੈ ਜੋਕਿ ਸਿਰਫ ਰਸਮੀ ਕਾਰਵਾਈ ਹੀ ਹੁੰਦੀ ਹੈ। ਅਸਲ ਵਿਚ ਯੋਜਨਾ ਕਮਿਸ਼ਨ ਦਾ ਚੇਅਰਮੈਨ ਪ੍ਰਧਾਨ ਮੰਤਰੀ ਹੋਣ ਕਰਕੇ ਇਸ ਦੀ ਸਥਿਤੀ ਬੜੀ ਮਜ਼ਬੂਤ ਬਣ ਗਈ ਹੈ। ਯੋਜਨਾਬੰਦੀ ਕਮਿਸ਼ਨ ਦੁਆਰਾ ਕੀਤੀ ਹੋਈ ਹਰੇਕ ਕਾਰਵਾਈ ਜਾਂ ਬਣਾਈ ਹੋਈ ਯੋਜਨਾ ਨੂੰ ਕੈਬਨਿਟ ਵਲੋਂ ਪ੍ਰਵਾਨ ਕਰ ਲਿਆ ਜਾਦਾ ਹੈ। ਪ੍ਰਧਾਨ ਮੰਤਰੀ ਵਲੋਂ ਯੋਜਨਾ ਕਮਿਸ਼ਨ ਦੀਆਂ ਸਾਰੀਆਂ ਮਹੱਤਵਪੂਰਲ ਮੀਟਿੰਗਾਂ ਵਿਚ ਹਿੱਸਾ ਲਿਆ ਜਾਂਦਾ ਹੈ। ਭਾਵੇਂ ਉਹ ਕਮਿਸ਼ਨ ਦੇ ਰੋਜ਼ਮਰਾ ਪ੍ਰਸ਼ਾਸਨ ਤੋਂ ਵਾਕਿਫ ਨਹੀਂ ਹੁੰਦਾ। ਪਰ ਜਿਥੇ ਤੱਕ ਕਮਿਸ਼ਨ ਦੇ ਲੰਬੇ ਸਮੇਂ ਪ੍ਰਸ਼ਾਸਨ ਦਾ ਸੰਬੰਧ ਹੈ ਉਹ ਉਸ ਨੂੰ ਚਲਾਉਣ ਵਿਚ ਆਪਣਾ ਯੋਗਦਾਨ ਪਾਉਂਦਾ ਹੈ।

ਯੋਜਨਾਬੰਦੀ ਕਮਿਸ਼ਨ ਦਾ ਨਿੱਤ ਪ੍ਰਤੀ ਦਾ ਪ੍ਰਸ਼ਾਸਨ ਉਪ ਚੇਅਰਮੈਨ ਵਲੋਂ ਚਲਾਇਆ ਜਾਂਦਾ ਹੈ। ਯੋਜਨਾ ਕਮਿਸ਼ਨ ਦਾ ਰੋਜ਼ਮਰਾ ਪ੍ਰਸ਼ਾਸਨ ਚਲਾਉਣ ਲਈ ਉਪ-ਚੇਅਰਮੈਨ ਤੋਂ ਇਲਾਵਾ ਸਾਰੇ ਸਮੇਂ ਦੇ ਮੈਂਬਰ ਵੀ ਉਸ ਦਾ ਹੱਥ ਵਟਾਉਂਦੇ ਹਨ। ਯੋਜਨਾਬੰਦੀ ਕਮਿਸ਼ਨ ਦਾ ਸਾਰਾ ਕੰਮ ਇਹਨਾਂ ਮੈਂਬਰਾਂ ਵਿਚਕਾਰ ਵੰਡਿਆ ਹੁੰਦਾ ਹੈ। ਸਾਰੇ ਸਮੇਂ ਦੇ ਮੈਂਬਰ ਕੇਂਦਰੀ ਪੱਧਰ ਤੇ ਦੂਸਰੀਆਂ ਮਨਸਟਿਰੀਆਂ ਜਾਂ ਵਿਭਾਗਾਂ ਨਾਲ ਆਪਣਾ ਸੰਬੰਧ ਬਣਾਈ ਰੱਖਦੇ ਹਨ। ਕਮਿਸ਼ਨ ਦਾ ਉਪ-ਚੇਅਰਮੈਨ ਕੈਬਨਿਟ ਦੀਆਂ ਸਾਰੀਆਂ ਮੀਟਿੰਗਾਂ ਵਿਚ ਭਾਗ ਲੈ ਸਕਦਾ ਹੈ ਅਤੇ ਜੇਕਰ ਉਹ ਜ਼ਰੂਰੀ ਹੋਏ ਤਾਂ ਫਿਰ ਮੈਂਬਰ ਵੀ ਕੈਬਨਿਟ ਦੀਆਂ ਮੀਟਿੰਗਾਂ ਵਿਚ ਭਾਗ ਲੈ ਸਕਦੇ ਹਨ।

ਇਹ ਕਮਿਸ਼ਨ ਇਕ ਸਲਾਹਕਾਰ ਸੰਸਥਾ (Advisory Body) ਹੈ ਅਤੇ ਇਸ ਦਾ ਮੁੱਖ ਕਾਰਜ ਭਿੰਨ-ਭਿੰਨ ਵਿਕਾਸਸ਼ੀਲ ਇਕਾਈਆਂ ਦੇ ਕਾਰਜਾਂ ਵਿਚ ਤਾਲਮੇਲ ਕਰਨਾ ਹੈ। ਇਹ ਯੋਜਨਾ ਬਣਾਉਂਦੇ ਸਮੇਂ ਭਿੰਨ-ਭਿੰਨ ਸੰਸਥਾਵਾਂ ਦੀ ਸਹਾਇਤਾ ਲੈਂਦਾ ਹੈ। ਇਸ ਦੀ ਅਣਹੋਂਦ ਵਿਚ ਯੋਜਨਾਬੰਦੀ ਦੀ ਸਫਲਤਾ ਅਸੰਭਵ ਹੈ ਕਿਉਂਕਿ ਪ੍ਰਸ਼ਾਸਕੀ ਮੰਤਰਾਲੇ ਵਿਚ ਤਾਂ ਕਾਰਜਕਾਰੀ ਯੋਜਨਾ ਵਿਚ ਰੁੱਝੇ ਰਹਿੰਦੇ ਹਨ ਅਤੇ ਦੂਜੇ ਯੋਜਨਾਬੰਦੀ ਇਕ ਬਹੁਮੁੱਖੀ ਪ੍ਰਕਿਆ ਹੈ ਜਿਸ ਦਾ ਸੰਬੰਧ ਸਰਕਾਰ ਦੇ ਸਾਰੇ ਵਿਭਾਗਾਂ ਜਾਂ ਮੰਤਰੀ ਨਾਲ ਹੈ ਜੋ ਯੋਜਨਾ ਕਮਿਸ਼ਨ ਰਾਸ਼ਟਰੀ ਸੰਸਥਾ ਹੋਣ ਕਰਕੇ ਰਾਸ਼ਟਰੀ ਸਮੱਸਿਆਵਾਂ ਅਤੇ ਸਾਧਨਾਂ ਨੂੰ ਸਾਹਮਣੇ ਰੱਖਦੇ ਹੋਏ ਯੋਜਨਾਵਾਂ ਦਾ ਨਿਰਮਾਣ ਕਰਦਾ ਹੈ। ਇਹ ਕੇਂਦਰ ਅਤੇ ਰਾਜ ਸਰਕਾਰ ਦੁਆਰਾ ਯੋਜਨਾਵਾਂ ਨੂੰ ਸਫ਼ਲਤਾਪੂਰਕ ਲਾਗੂ ਕਰਵਾਉਣ ਦਾ ਯਤਨ ਕਰਦਾ ਹੈ। ਯੋਜਨਾਬੰਦੀ ਕਮਿਸ਼ਨ ਦੇ ਸਾਰੇ ਮੈਂਬਰ ਇਕ ਟੀਮ ਦੇ ਰੂਪ ਵਿਚ ਕਾਰਜ ਕਰਦੇ ਹਨ ਪਰੰਤੂ ਫਿਰ ਵੀ ਇਸ ਦਾ ਸਾਰਾ ਕੰਮ ਵੱਖ-ਵੱਖ ਭਾਗਾਂ ਜਾਂ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਸਾਰੇ ਸਮੇਂ ਦੇ ਮੈਂਬਰਾਂ ਨੂੰ ਵੱਖ-ਵੱਖ ਵਿਭਾਗ ਦਿੱਤੇ ਜਾਂਦੇ ਹਨ। ਇਹਨਾਂ ਮੈਂਬਰਾਂ ਦੀ ਸਹਾਇਤਾ ਲਈ ਪ੍ਰੋਗਰਾਮ ਸਲਾਹਕਾਰ ਅਤੇ ਹੋਰ ਸੀਨੀਅਰ ਅਫਸਰ ਵੀ ਹੁੰਦੇ ਹਨ। ਕਮਿਸ਼ਨ ਦਾ ਪ੍ਰਸ਼ਾਸਨ ਦਾ ਕੰਮ-ਕਾਜ ਚਲਾਉਣ ਲਈ ਇਕ ਸਕੱਤਰ ਵੀ ਹੁੰਦਾ ਹੈ ਜੋ ਕਿ ਪ੍ਰਸ਼ਾਸਨਿਕ ਮੁੱਖੀ ਹੁੰਦਾ ਹੈ। ਇਸ ਅਧਿਕਾਰੀ ਨੂੰ ਕਮਿਸ਼ਨ ਦਾ ਪ੍ਰਸ਼ਾਸਨ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੀ ਸਹਾਇਤਾ ਲਈ ਉਪ ਸਕੱਤਰ ਅਤੇ ਹੋਰ ਅਧਿਕਾਰੀ ਹੁੰਦੇ ਹਨ ਜੋ ਕਿ ਮੁੱਖ ਤੌਰ ਤੇ ਸਕੱਤਰ ਦਾ ਕਮਿਸ਼ਨ ਦਾ ਪ੍ਰਸ਼ਾਸਨ ਚਲਾਉਣ ਵਿਚ ਮੱਦਦ ਕਰਦੇ ਹਨ। ਪ੍ਰਸ਼ਾਸਕੀ ਵਿੰਗ ਦਾ ਮੁਖੀ ਸਕੱਤਰ ਹੁੰਦਾ ਹੈ ਜਦੋਂ ਕਿ ਤਕਨੀਕੀ ਵਿੰਗ ਦਾ ਮੁਖੀ ਪ੍ਰੋਗਰਾਮ ਸਲਾਹਕਾਰ ਹੁੰਦੇ ਹਨ ਜੋ ਕਿ ਪੂਰੇ ਸਮੇਂ ਦੇ ਮੈਂਬਰਾਂ ਦੀ ਦੇਖ ਰੇਖ ਹੇਠ ਕੰਮ ਕਰਦੇ ਹਨ। ਪਹਿਲਾਂ ਕਮਿਸ਼ਨ ਦੀਆਂ ਤਿੰਨ ਮੁਖ ਡਿਵੀਜ਼ਨ ਹੁੰਦੀਆਂ ਹਨ, ਜਨਰਲ ਪਲਾਇੰਗ ਡਿਵੀਜ਼ਨ, ਸਪੈਸ਼ਲ ਪਲਾਨਿੰਗ ਡਿਵੀਜ਼ਨ ਅਤੇ ਤਕਨੀਕੀ ਪਲਾਨਿੰਗ ਡਿਵੀਜ਼ਨ ਜਿਸ ਵਿਚ ਆਮ ਤੌਰ ਤੇ ਅਰਥ ਸ਼ਾਸਤਰੀ, ਇੰਜਨੀਅਰ ਅਤੇ ਅੰਕੜਾ ਅਧਿਕਾਰੀ ਸ਼ਾਮਲ ਹੁੰਦੇ ਹਨ। ਕਮਿਸ਼ਨ ਵਲੋਂ ਅਜਿਹਾ ਸੰਗਠਨ ਰੂਪ ਅਪਣਾਇਆ ਗਿਆ ਹੈ ਤਾਂ ਜੋ ਇਹ ਇਕ ਵਿਸ਼ੇਸ਼ ਸੰਸਥਾ (Expert Agency) ਬਣ ਸਕੇ। ਕਮਿਸ਼ਨ ਦਾ ਕੰਮ ਕਰਨ ਦੀ ਮੁੱਖ ਇਕਾਈ, ਡਿਵੀਜ਼ਨ ਹੁੰਦੀ ਹੈ। ਹੁਣ ਵੀ ਕਮਿਸ਼ਨ ਦੀਆਂ ਤਕਰੀਬਨ 26 ਮਹੱਤਵਪੂਰਨ ਡਿਜੀਜ਼ਨਾਂ ਪੇਂਡੂ ਵਿਕਾਸ ਸਹਿਕਾਰਤਾ ਡਿਵੀਜ਼ਨ; ਸਿੰਚਾਈ ਅਤੇ ਸਹਿਕਾਰਤਾ ਡਿਵੀਜ਼ਨ, ਬਹੁ ਪੱਧਰੀ ਨਿਯੋਜਨ ਡਿਵੀਜ਼ਨ; ਬਿਜਲੀ ਅਤੇ ਊਰਜਾ ਡਿਵੀਜ਼ਨ; ਉਦਯੋਗ ਅਤੇ ਖਣਿਜ ਡਿਵੀਂਨ; ਪੇਂਡੂ ਤੇ ਲਘੂ ਉਦਯੋਗ ਡਿਵੀਜ਼ਨ, ਗ੍ਰਹਿ ਨਿਰਮਾਣ ਸ਼ਹਿਰੀ ਵਿਕਾਸ ਅਤੇ ਪਾਣੀ ਸਪਲਾਈ ਡਿਵੀਜ਼ਨ, ਵਾਤਾਵਰਣ ਡਿਵੀਜ਼ਨ, ਵਾਤਾਵਰਣ ਡਿਵੀਜ਼ਨ; ਵਿਗਿਆਨ ਅਤੇ ਤਕਨੀਕੀ ਡਿਵੀਜ਼ਨ, ਸਿਹਤ ਅਤੇ ਪਰਿਵਾਰ ਕਲਿਆਣ ਡਿਵੀਜ਼ਨ, ਸਮਾਜ ਕਲਿਆਣ ਡਿਵੀਜ਼ਨ; ਪਛੜੀਆਂ ਵਰਗ ਡਵੀਜ਼ਨ; ਕਿਰਤ, ਰੁਜਗਾਰ ਅਤੇ ਮਨੁੱਖੀ ਸ਼ਕਤੀ ਡਿਵੀਜ਼ਨ; ਅੰਕੜਾ ਸ਼ਾਸਤਰ ਅਤੇ ਸਰਵੇ ਡਿਵੀਜ਼ਨ; ਆਵਾਜਾਈ ਸੂਚਨਾ ਅਤੇ ਪ੍ਰਸਾਰ ਡਿਵੀਜ਼ਨ; ਸਮਾਜਿਕ ਅਤੇ ਆਰਥਿਕ ਖੋਜ ਇਕਾਈ, ਅੰਤਰ ਰਾਸ਼ਟਰੀ ਆਰਥਿਕ ਇਕਾਈ ਯੋਜਨਾ ਤਾਲਮੇਲ ਡਿਵੀਜ਼ਨ ਅਤੇ ਨਿਯੋਜਨ ਸਰੂਪ ਡਿਵੀਜ਼ਨ। ਇਹ ਡਿਵੀਜ਼ਨਾਂ ਵੱਖ-ਵੱਖ ਪ੍ਰਕਾਰ ਦੀਆਂ ਸਥਾਪਿਤ ਕਮੇਟੀਆਂ ਜਿਵੇਂ ਕਿ ਖੋਜ ਪ੍ਰੋਗਰਾਮ ਕਮੇਟੀਆਂ ਕਮੇਟੀ, ਸਿੰਚਾਈ ਅਤੇ ਸ਼ਕਤੀ ਕਮੇਟੀ ਅਤੇ ਤਾਲਮੇਲ ਕਮੇਟੀ ਵਗੈਰਾ ਦਾ ਕੰਮਕਾਰ ਵੀ ਦੇਖਦੀਆਂ ਹਨ।

**(ਸ) ਰਾਸ਼ਟਰੀ ਵਿਕਾਸ ਪਰਿਸ਼ਦ (National Development Council)**

ਕੇਂਦਰੀ ਪੱਧਰ ਤੇ ਸੁਤੰਤਰ ਯੋਜਨਾਬੰਦੀ ਕਮਿਸ਼ਨ ਦੀ ਸਥਾਪਨਾ ਇਸ ਲਈ ਕੀਤੀ ਗਈ ਸੀ ਤਾਂ ਕਿ ਉਹ ਸਰਕਾਰ ਨੂੰ ਦੇਸ਼ ਦਾ ਆਰਥਿਕ ਵਿਕਾਸ ਕਰਨ ਵਿਚ ਨਿਰਪੱਖ ਹੋ ਕੇ ਆਪਣੇ ਯੋਗਦਾਨ ਦੇ ਸਕੇ। ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ 1951-52 ਤੋਂ ਲੈ ਕੇ ਹੁਣ ਤੱਕ, ਸਮੇਂ ਸਮੇਂ ਸਿਰ ਪੰਜ ਸਾਲਾ ਯੋਜਨਾਵਾਂ ਦਾ ਨਿਰਮਾਣ ਕਮਿਸ਼ਨ ਵਲੋਂ ਕੀਤਾ ਜਾਂਦਾ ਰਿਹਾ ਹੈ। ਇਹਨਾਂ ਯੋਜਨਾਂਵਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਵੱਖ-ਵੱਖ ਰਾਜ ਸਰਕਾਰਾਂ ਦੀ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਯੋਜਨਾਵਾਂ ਦੀ ਸਫਲਤਾ ਲਈ ਇਹ ਜ਼ਰੂਰੀ ਸੀ ਕਿ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਤਾਲਮੇਲ ਹੋਣਾ ਚਾਹੀਦਾ ਹੈ। ਇਸ ਦੇ ਹੋਂਦ ਵਿਚ ਆਉਣ ਬਾਰੇ ਪਹਿਲੀ ਪੰਜ ਸਾਲ ਯੋਜਨਾ ਡਰਾਫਟ ਵਿਚ ਇਹ ਕਿਹਾ ਗਿਆ ਸੀ ਕਿ, ''ਭਾਰਤ ਵਰਗੇ ਵੱਡੇ ਦੇਸ਼ ਵਿਚ ਜਿੱਥੇ ਰਾਜਾਂ ਨੂੰ ਸੰਵਿਧਾਨ ਦੇ ਮੁਤਾਬਕ ਆਪਣੇ ਕਾਰਜ ਖੇਤਰਾਂ ਵਿਚ ਖੁਦਮੁਖਤਾਰੀ (Autonomy) ਦਿੱਤੀ ਗਈ ਰਾਜਾ ਦੇ ਮੁਖੀ ਮਿਲ ਕੇ ਯੋਜਨਾਵਾਂ ਦੇ ਕੰਮ ਕਾਰ ਦੀ ਪੜਚੋਲ ਕਰ ਸਕਣ ਤਾਂ ਜੋ ਉਨ੍ਹਾਂ ਦੀਆਂ ਪਾ੍ਪਤੀਆਂ ਬਾਬਤ ਪਤਾ ਲੱਗ ਸਕੇ।'' ਇਸ

ਤੋਂ ਪਹਿਲਾਂ ਵੀ 1946 ਵਿਚ ਜਦੋਂ ਅੰਤਰਿਮ ਸਰਕਾਰ ਵਲੋਂ ਕੇ.ਸੀ. ਨਿਉਗੀ ਦੀ ਪ੍ਰਧਾਨਗੀ ਹੇਠ ਸਲਾਹਕਾਰੀ ਯੋਜਨਾ ਬੋਰਡ (Advisory Planning Board) ਦੀ ਸਥਾਪਨਾ ਕੀਤੀ ਗਈ ਸੀ, ਵਲੋਂ ਵੀ ਇਹ ਮਹਿਸੂਸ ਕੀਤਾ ਗਿਆ ਸੀ ਕਿ ਯੋਜਨਾ ਕਮਿਸ਼ਨ ਤੋਂ ਬਗੈਰ ਕੋਈ ਅਜਿਹੀ ਬਾਡੀ ਜ਼ਰੂਰੀ ਹੋਣੀ ਚਾਹੀਦੀ ਹੈ ਜਿਸ ਵਿਚ ਕੇਂਦਰ ਦੇ ਨਾਲ-ਨਾਲ ਰਾਜਾਂ ਨੂੰ ਵੀ ਪ੍ਰਤੀਨਿਧਤਾ (Representation) ਦਿੱਤੀ ਜਾ ਸਕੇ। ਸਿਧਾਂਤਕ ਤੌਰ ਤੇ ਰਾਸ਼ਟਰੀ ਵਿਕਾਸ ਪਰਿਸ਼ਦ ਉਦੋਂ ਦੀ ਹੋਂਦ ਵਿਚ ਆ ਚੁੱਕੀ ਸੀ ਜਦੋਂ ਕਿ ਪੰਜ ਸਾਲਾ ਯੋਜਨਾਵਾਂ ਦੀ ਸਫਲਤਾ ਲਈ ਦੋ ਪਹਿਲੀਆਂ ਸ਼ਰਤਾਂ (Pre-conditions) ਇਕਸਾਰ ਪੱਧਰੀ (Uniformity in Approach) ਅਤੇ ਕੰਮਕਾਰ ਸੰਬੰਧੀ ਇਕਸਾਰਤਾ (Uniformity in its working) ਨੂੰ ਅਪਣਾਇਆ ਗਿਆ ਸੀ।1 ਰਾਸ਼ਟਰੀ ਵਿਕਾਸ ਪਰਿਸ਼ਦ ਦੇ 1952 ਵਿਚ ਹੋਂਦ ਵਿਚ ਆਉਣ ਨਾਲ ਦੋ ਮੁੱਢਲੇ ਉਦੇਸ਼ਾਂ ਦੀ ਸਫਲਤਾ ਲਈ ਤਾਲਮੇਲ ਪੈਦਾ ਕਰਨ ਅਤੇ ਸਾਰੇ ਦੇਸ਼ ਦਾ ਸੁੰਤਲਿਤ ਵਿਕਾਸ ਕਰਨ ਦੀ ਪ੍ਰਾਪਤੀ ਹੋਈ।

ਰਾਸ਼ਟਰੀ ਵਿਕਾਸ ਪਰਿਸ਼ਦ ਬੜੀ ਮਹੱਤਵਪੂਰਨ ਏਜੰਸੀ ਹੈ ਇਸ ਦਾ ਮੁੱਖੀ ਪ੍ਰਧਾਨ ਮੰਤਰੀ ਖੁਦ ਹੁੰਦਾ ਹੈ। ਉਸ ਤੋਂ ਇਲਾਵਾ, ਇਸ ਵਿਚ ਸਾਰੇ ਰਾਜਾਂ ਦੇ ਮੁੱਖ ਮੰਤਰੀ, ਯੋਜਨਾਬੰਦੀ ਕਮਿਸ਼ਨ ਦੇ ਮੈਂਬਰ, ਦਿੱਲੀ ਪ੍ਰਸ਼ਾਸਨ ਦਾ ਲੈਫਨੀਨੈਂਟ ਗਵਰਨਰ, ਗ੍ਰਹਿ, ਵਿੱਤ ਅਤੇ ਰੱਖਿਆ ਮੰਤਰੀ ਇਸ ਦੇ ਮੈਂਬਰ ਹੁੰਦੇ ਹਨ। ਯੋਜਨਾਬੰਦੀ ਕਮਿਸ਼ਨ ਦਾ ਸਕੱਤਰ ਰਾਸ਼ਟਰੀ ਵਿਕਾਸ ਦੇ ਸਕੱਤਰ ਵਜੋਂ ਵੀ ਕੰਮ ਕਰਦਾ ਹੈ ਅਤੇ ਯੋਜਨਾਬੰਦੀ ਕਮਿਸ਼ਨ ਵਲੋਂ ਪਰਿਸ਼ਦ ਨੂੰ ਹਰ ਪ੍ਰਕਾਰ ਦੀ ਪ੍ਰਸ਼ਾਸਕ ਸਹਾਇਤਾ ਵੀ ਮੁਹੱਈਆ ਕੀਤੀ ਜਾਂਦੀ ਹੈ। ਆਮ ਤੌਰ ਤੇ ਰਾਸ਼ਟਰੀ ਵਿਕਾਸ ਪਰਿਸ਼ਦ ਦੀਆਂ ਬੈਠਕਾਂ ਵਿਚ ਕੇਂਦਰੀ ਅਤੇ ਰਾਜ ਸਰਕਾਰਾਂ ਦੁਆਰਾ ਸੁਝਾਏ ਗਏ ਮਸਲੇ ਅਤੇ ਯੋਜਨਾਬੰਦੀ ਕਮਿਸ਼ਨ ਦੁਆਰਾ ਸੋਪੇ ਗਏ ਕੰਮਾਂ ਬਾਰੇ ਵੀ ਵਿਚਾਰ ਵਟਾਂਦਰਾ ਹੁੰਦਾ ਹੈ। ਰਾਸ਼ਟਰੀ ਵਿਕਾਸ ਪਰਿਸ਼ਦ ਦੀਆਂ ਮੀਟਿੰਗਾਂ ਵਿਚ ਰਾਜਾਂ ਦੇ ਮੁੱਖ ਮੰਤਰੀ ਆਪਣੇ-ਆਪਦੇ ਰਾਜਾਂ ਵਿਚ ਚੱਲ ਰਹੀਆਂ ਵੱਖ-ਵੱਖ ਵਿਕਾਸ ਯੋਜਨਾਵਾਂ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਸਰਕਾਰ ਦੇ ਧਿਆਨ ਵਿਚ ਜੇਕਰ ਕੋਈ ਸਮੱਸਿਆਵਾਂ ਹੋਣ, ਵੀ ਲਿਆਉਂਦੇ ਹਨ। ਇਸ ਪਰਿਸ਼ਦ ਨੂੰ ਕਾਇਮ ਕਰਨ ਦਾ ਮੁੱਖ ਉਦੇਸ਼ ਹੈ ਕੇਂਦਰ ਅਤੇ ਰਾਜਾਂ ਵਿਚਕਾਰ ਆਰਥਿਕ ਵਿਕਾਸ ਸੰਬੰਧੀ ਤਾਲਮੇਲ ਪੈਦਾ ਕਰਨਾ। ਪਰਿਸ਼ਦ ਦੀ ਹਰੇਕ ਮੀਟਿੰਗ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਦੇ ਉਦਘਾਟਨੀ ਪਾਸ਼ਨ ਨਾਲ ਹੁੰਦੀ ਹੈ। ਰਾਸ਼ਟਰੀ ਵਿਕਾਸ ਪਰਿਸ਼ਦ ਦੀਆਂ ਆਮ ਤੌਰ ਤੇ ਸਾਲ ਵਿਚ ਦੋ ਮੀਟਿੰਗਾਂ ਹੁੰਦੀਆਂ ਹਨ।2 ਪਰ ਲੋਕ ਮੁਤਾਬਕ ਇਕ ਸਾਲ ਵਿਚ ਦੋਂ ਤੋਂ ਵੱਧ ਮੀਟਿੰਗਾਂ ਵੀ ਕਰ ਸਕਦੀ ਹੈ। ਜਦੋਂ ਤੋਂ ਵਿਕਾਸ ਪਰਿਸ਼ਦ ਹੋਂਦ ਵਿਚ ਆਈ ਹੈਂ ਇਹ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਕਈ ਮਹੱਤਵਪੂਰਨ ਸਿਫਾਰਸ਼ਾਂ ਕਰ ਚੁੱਕੀ ਹੈ।

## 1. ਰਾਸ਼ਟਰੀ ਵਿਕਾਸ ਪਰਿਸ਼ਦ ਦੇ ਕੰਮ
## (Functions of National Development Council)

ਰਾਸ਼ਟਰੀ ਵਿਕਾਸ ਪਰਿਸ਼ਦ, ਮੁੱਢਲੇ ਤੌਰ ਤੇ ਰਾਜਾਂ ਨੂੰ ਯੋਜਨਾਬੰਦੀ ਦੀ ਪ੍ਰਣਾਲੀ ਵਿਚ ਭਾਗੀਦਾਰ ਬਣਾਉਣ ਲਈ ਕਾਇਮ ਕੀਤੀ ਗਈ ਸੀ ਤਾਂ ਜੋ ਕੇਂਦਰੀ ਅਤੇ ਰਾਜ ਸਰਕਾਰਾਂ ਵਿਚ ਯੋਜਨਾਵਾਂ ਲਾਗੂ ਕਰਨ ਲਈ ਸੰਪੂਰਨ ਤਾਲਮੇਲ ਪੈਦਾ ਕੀਤਾ ਜਾ ਸਕੇ। ਕੈਬਨਿਟ ਸਕੱਤਰ ਦੇ ਅਤੇ ਜਿਸ ਰਾਹੀਂ ਇਹ ਹੋਂਦ ਵਿਚ ਆਈ ਸੀ, ਦੁਆਰਾ ਇਸ ਨੂੰ ਹੇਠ ਲਿਖੇ ਕੰਮ ਸੌਂਪੇ :

1. ਸਮੇਂ-ਸਮੇਂ ਸਿਰ ਰਾਸ਼ਟਰੀ ਯੋਜਨਾਵਾਂ ਦੇ ਕੰਮ ਕਾਰ ਦਾ ਜਾਇਜ਼ਾ ਲੈਣਾ।
2. ਰਾਸ਼ਟਰੀ ਵਿਕਾਸ ਨਾਲ ਸੰਬੰਧਿਤ ਸਮਾਜਿਕ ਅਤੇ ਆਰਥਿਕ ਨੀਤੀ ਦੇ ਮਹੱਤਵਪੂਰਣ ਮੁੱਦਿਆਂ ਨੂੰ ਵਿਚਾਰਨਾ ਅਤੇ

---

1. ਫਸਟ ਫਾਈਵ ਯੀਅਰ ਪਲਾਨ : ਏ ਡਰਾਫਟ ਆਊਟਲਾਈਨ, ਨਿਊ ਦਿੱਲੀ, ਪਲਾਨਿੰਗ ਕਮਿਸ਼ਨ, ਗੌਰਮਿੰਟ ਆਫ ਇੰਡੀਆਂ, ਜੁਲਾਈ, 1951, ਪੰਨਾ 253
2. ਐਸ.ਆਰ. ਸੈਨ : ਪਲਾਨਿੰਗ ਇਨ ਇੰਡੀਆ ਇਨ ਦੀ ਇੰਡੀਅਨ ਜਰਨਲ ਆਫ ਪਬਲਿਕ ਐਡਮਿਨਿਸਟਰੇਸ਼ਨ, ਵੌਲਿਅਮ ਡ, ਨੰ: 3 ਜੁਲਾਈ-ਸਤੰਬਰ, 1961, ਪੰਨਾ 233

3. ਯੋਜਨਾਵਾਂ ਨੂੰ ਸਫਲ ਬਣਾਉਣ ਲਈ ਸੁਝਾਅ ਦੇਣੇ।

ਪਰੰਤੂ 1947 ਵਿਚ ਪ੍ਰਸ਼ਾਸਨੀ ਸੁਧਾਰ ਕਮਿਸ਼ਨ (Administrative Reforms Commission) ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਭਾਰਤ ਸਰਕਾਰ ਵਲੋਂ ਰਾਸ਼ਟਰੀ ਵਿਕਾਸ ਪਰਿਸ਼ਦ ਲਈ ਹੇਠ ਲਿਖੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕੀਤੀਆਂ ਗਈਆਂ।

1. ਰਾਸ਼ਟਰੀ ਯੋਜਨਾਵਾਂ ਦੇ ਨਿਰਮਾਣ ਲਈ ਕੁਝ ਗਾਈਡਲਾਈਨਜ਼ (Guidelines) ਮੁਹੱਈਆ ਕਰਨਾ;
2. ਯੋਜਨਾਵਾਂ ਦੇ ਸ੍ਰੋਤਾਂ ਦਾ ਅੰਦਾਜ਼ਾ ਲਗਾਉਣਾ;
3. ਯੋਜਨਾਬੰਦੀ ਕਮਿਸ਼ਨ ਦੁਆਰਾ ਨਿਰਮਾਣ ਕੀਤੀਆਂ ਹੋਈਆਂ ਯੋਜਨਾਵਾਂ ਤੇ ਵਿਚਾਰ ਕਰਨਾ;
4. ਉਹਨਾਂ ਮਹੱਤਵਪੂਰਨ ਸਮਾਜਿਕ ਅਤੇ ਆਰਥਿਕ ਮੁੱਦਿਆਂ ਉਪਰ ਵਿਚਾਰ ਕਰਨਾ ਜਿਨ੍ਹਾਂ ਦਾ ਸੰਬੰਧ ਰਾਸ਼ਟਰੀ ਵਿਕਾਸ ਨਾਲ ਹੁੰਦਾ ਹੈ,
5. ਯੋਜਨਾਬੰਦੀ ਪ੍ਰਣਾਲੀ ਵਿਚ ਲੋਕਾਂ ਦਾ ਸਹਿਯੋਗ ਲੈਣ ਲਈ ਤੇ ਉਹਨਾਂ ਨੂੰ ਭਾਗੀਦਾਰ ਬਣਾਉਣ ਲਈ ਸੁਝਾਅ ਦੇ ਣਾ।
6. ਉਹਨਾਂ ਪ੍ਰਸ਼ਾਸਨਿਕ ਸੇਵਾਵਾਂ (Administrative Services) ਦੀ ਕਾਰਜ-ਕੁਸ਼ਲਤਾ ਨੂੰ ਸੁਧਾਰਣ ਲਈ ਸੁਝਾਅ ਦੇਣਾ ਜਿਨ੍ਹਾਂ ਦਾ ਸੰਬੰਧ ਯੋਜਨਾਵਾਂ ਨੂੰ ਲਾਗੂ ਕਰਨਾ ਹੁੰਦਾ ਹੈ ਅਤੇ
7. ਉਹਨਾਂ ਸਮੂਹਾਂ (Communities) ਜਾਂ ਰਾਜਾਂ ਦਾ ਸੰਤੁਲਿਤ ਵਿਕਾਸ ਕਰਨਾ ਜਿਹੜੇ ਕਿ ਘੱਟ ਵਿਕਸਿਤ ਹਨ।

ਰਾਸ਼ਟਰੀ ਵਿਕਾਸ ਪਰਿਸ਼ਦ ਆਪਣੀ ਮਦਦ ਲਈ ਕਈ ਪ੍ਰਕਾਰ ਦੀਆਂ ਸਬ-ਕਮੇਟੀਆਂ ਦਾ ਵੀ ਸੰਗਠਨ ਕਰਦੀ ਹੈ ਜੋ ਕਿ ਪਰਿਸ਼ਦ ਨੂੰ ਸੌਂਪੇ ਹੋਏ ਕੰਮਾਂ ਨੂੰ ਵੀ ਕਰਦੀਆਂ ਹਨ। ਜਿਥੋਂ ਤੱਕ ਵਿਕਾਸ ਪਰਿਸ਼ਦ ਦੁਆਰਾ ਕੀਤੇ ਹੋਏ ਕੰਮਾਂ ਦਾ ਪ੍ਰਸ਼ਨ ਹੈ, 1952 ਵਿਚ ਜਦੋਂ ਵਿਕਾਸ ਪਰਿਸ਼ਦ ਹੋਂਦ ਵਿਚ ਆਈ ਤੇ ਹੁਣ ਤੱਕ ਸ਼ਾਇਦ ਹੀ ਕੋਈ ਅਜਿਹਾ ਮਹੱਤਵਪੂਰਣ ਮੁੱਦਾ (matter) ਹੋਵੇ ਜੋ ਕਿ ਪਰਿਸ਼ਦ ਦੇ ਸੰਪਰਕ ਵਿਚ ਨਹੀਂ ਆਇਆ। ਇਸ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਜਦੋਂ ਵੀ ਕੋਈ ਯੋਜਨਾ ਯੋਜਨਾਬੰਦੀ ਕਮਿਸ਼ਨ ਦੁਆਰਾ ਬਣਾਈ ਜਾਂਦੀ ਹੈ ਤਾਂ ਉਹ ਪਰਿਸ਼ਦ ਕੋਲ ਵਿਚਾਰ ਲਈ ਆਉਂਦੀ ਹੈ। ਇਸ ਤੋਂ ਇਲਾਵਾ ਵਿਕਾਸ ਪਰਿਸ਼ਦ ਯੋਜਨਾ ਦੇ ਸਰੂਪ (size) ਅਤੇ ਬਣਤਰ (Structure) ਬਾਰੇ ਵੀ ਆਪਣੇ ਵਿਚਾਰ ਯੋਜਨਾਬੰਦੀ ਕਮਿਸ਼ਨ ਨੂੰ ਦਸ ਸਕਦੀ ਹੈ।

## 2. ਰਾਸ਼ਟਰੀ ਵਿਕਾਸ ਪਰਿਸ਼ਦ ਦਾ ਮਹੱਤਵ

## (Significance of National Development Council)

ਰਾਸ਼ਟਰੀ ਵਿਕਾਸ ਪਰਿਸ਼ਦ ਭਾਵੇਂ ਯੋਜਨਾਬੰਦੀ ਕਮਿਸ਼ਨ ਦੀ ਸਲਾਹਕਾਰ ਸੰਸਥਾ ਹੈ ਪਰੰਤੂ ਇਸ ਦੇ ਸੰਗਠਨ ਨੂੰ ਇਸ ਨੂੰ ਬਹੁਤ ਮਹੱਤਵਪੂਰਣ ਸੰਸਥਾ ਬਣਾ ਦਿੱਤਾ ਹੈ। ਸ੍ਰੀ ਐਚ. ਐਮ. ਪਟੇਲ ਦੇ ਸ਼ਬਦਾਂ ਵਿਚ ''ਯੋਜਨਾਬੰਦੀ ਕਮਿਸ਼ਨ ਦੀਆ ਸਲਾਹਕਾਰ ਸੰਸਥਾਵਾਂ ਵਿਚ ਰਾਸ਼ਟਰੀ ਵਿਕਾਸ ਪਰਿਸ਼ਦ ਵੀ ਸ਼ਾਮਿਲ ਹੈ। ਪਰੰਤੂ ਜੇਕਰ ਇਸ ਦੇ ਸੰਗਠਨ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ ਇਹ ਸਰਵ ਉੱਚ ਸੰਸਥਾ ਪ੍ਰਤੀਤ ਹੁੰਦੀ ਹੈ ਜੋ ਕਿ ਨੀਤੀ ਨਿਰਮਾਣ (Policy Formation) ਦਾ ਵੀ ਕੰਮ ਕਰਦੀ ਹੈ। ਇਸ ਦੁਆਰਾ ਕੀਤੇ ਹੋਏ ਨਿਰਣਿਆਂ ਨੂੰ ਸਹਿਜੇ ਸਲਾਹ ਨਹੀਂ ਸਮਝਿਆ ਜਾਂਦਾ ਬਲਕਿ ਉਨ੍ਹਾਂ ਨੂੰ ਨੀਤੀ ਸੰਬੰਧੀ ਨਿਰਣੇ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ। ਕਿ ਵਿਕਾਸ ਪਰਿਸ਼ਦ ਦੀ ਯੋਜਨਾਬੰਦੀ ਕਮਿਸ਼ਨ ਵਾਂਗ ਹੀ ਆਰਥਿਕ ਯੋਜਨਾਬੰਦੀ ਦੇ ਖੇਤਰ ਵਿਚ ਬੜੀ ਅਹਿਮੀਅਤ ਹੈ। ਇਹ ਨਾ ਸਿਰਫ ਯੋਜਨਾਵਾਂ ਦਾ ਨਿਰਮਾਣ ਕਰਨ ਵਿਚ ਕਾਰਜ ਕਰਦੀ ਹੈ ਬਲਕਿ ਉਸ ਤੋਂ ਇਕ ਕਦਮ ਅੱਗੇ

---

1. ਰੈਜ਼ੂਲੂਸ਼ਨ ਨੰ: 62/ਸੀ. ਐਫ/50 ਤਾਰੀਕ 6 ਅਗਸਤ, 1952, ਕੈਬਨਿਟ ਸੈਕਟਰੀਏਟ।

ਜਾ ਕੇ ਉਨ੍ਹਾਂ ਨੂੰ ਲਾਗੂ ਕਰਨ ਦੀ ਪ੍ਰਣਾਲੀ ਵਿਚ ਦਰਪੇਸ਼ ਸਮੱਸਿਆ ਨੂੰ ਦੂਰ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।''

ਰਾਸ਼ਟਰੀ ਵਿਕਾਸ ਪਰਿਸ਼ਦ ਰਾਜਾਂ ਅਤੇ ਕੇਂਦਰੀ ਸਰਕਾਰ ਅਤੇ ਯੋਜਨਾਬੰਦੀ ਕਮਿਸ਼ਨ ਦੇ ਵਿਚਕਾਰ ਇਕ ਕੜੀ ਦੇ ਤੌਰ ਤੇ ਕੰਮ ਕਰਦੀ ਹੈ। ਰਾਸ਼ਟਰੀ ਵਿਕਾਸ ਪਰਿਸ਼ਦ ਇਕ ਪ੍ਰਕਾਰ ਦੀ ਫੋਰਮ (Forum) ਹੈ ਜਿੱਥੇ ਰਾਜ ਸਰਕਾਰਾਂ ਆਪਣੀਆਂ-ਆਪਣੀਆਂ ਸਮੱਸਿਆਵਾਂ ਦਾ ਨਜ਼ਰੀਏ (view Point) ਤੋਂ ਕੇਂਦਰੀ ਸਰਕਾਰ ਨੂੰ ਜਾਣੂ ਕਰਵਾ ਸਕਦੀਆਂ ਹਨ। ਇਹ ਕੇਂਦਰੀ ਸਰਕਾਰ ਅਤੇ ਯੋਜਨਾਬੰਦੀ ਕਮਿਸ਼ਨ ਨੂੰ ਯੋਜਨਾਵਾਂ ਨੂੰ ਲਾਗੂ ਕਰਨ ਸੰਬੰਧੀ ਵੀ ਆਪਣੀ ਰਾਇ ਦੇਂਦੀ ਹੈ। ਐਮ. ਬਰੀਚਰ (M. Breacher) ਰਾਸ਼ਟਰੀ ਵਿਕਾਸ ਪਰਿਸ਼ਦ ਦੀ ਮਹੱਤਤ ਬਾਰੇ ਕਹਿੰਦਾ ਹੈ ਕਿ ਭਾਵੇਂ ਵਿਕਾਸ ਪਰਿਸ਼ਦ ਸਿਰਫ ਪ੍ਰਸ਼ਾਸਕੀ ਸਲਾਹਕਾਰ ਏਜੰਸੀ ਹੈ, ਪਰੰਤੂ ਜਦੋਂ ਤੋਂ ਇਸ ਨੂੰ ਕਾਇਮ ਕੀਤਾ ਗਿਆ ਹੈ ਇਹ ਕੁਝ ਅਜਿਹੇ ਕੰਮ ਵੀ, ਜਿਨ੍ਹਾਂ ਦਾ ਸੰਬੰਧ ਨੀਤੀ ਨਿਰਮਾਣ ਨਾਲ ਹੁੰਦਾ ਹੈ, ਕਰਦੀ ਹੈ ਜੋ ਕਿ ਕੈਬਨਿਟ ਦੁਆਰਾ ਸਵੀਕਾਰ ਕਰ ਲਏ ਜਾਂਦੇ ਹਨ।[1] ਇਸ ਤਰ੍ਹਾਂ ਹੀ ਕੇ ਸੰਨਥਾਨਮ (K. Sanathanam) ਇਸ ਤੋ ਇਕ ਕਦਮ ਹੋਰ ਅੱਗੇ ਜਾ ਕੇ ਕਹਿੰਦਾ ਹੈ, ''ਰਾਸ਼ਟਰੀ ਵਿਕਾਸ ਪਰਿਸ਼ਦ ਦਾ ਰੁਤਬਾ (Status) ਭਾਰਤੀ ਫੈਡਰੇਸ਼ਨ ਵਿਚ ਸੁਪਰ ਕੈਬਨਿਟ ਵਰਗਾ ਹੈ ਜੋ ਕਿ ਭਾਰਤ ਸਰਕਾਰ ਅਤੇ ਸਾਰਾ ਰਾਜਾਂ ਲਈ ਕਾਰਜ ਕਰਦੀ ਹੈ।''[2]

ਇਸ ਤੋਂ ਇਲਾਵਾ ਯੋਜਨਾਬੰਦੀ ਕਮਿਸ਼ਨ ਦੇ ਮੈਂਬਰਾਂ ਦਾ ਸੰਬੰਧ ਰਾਸ਼ਟਰੀ ਵਿਕਾਸ ਪਰਿਸ਼ਦ ਨਾਲ ਵੀ ਹੁੰਦਾ ਹੈ ਜਿਸ ਨਾਲ ਇਸ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਰਾਸ਼ਟਰੀ ਵਿਕਾਸ ਪਰਿਸ਼ਦ ਨੂੰ ਸਿਰਫ ਸਲਾਹਕਾਰ ਸੰਸਥਾ ਕਹਿਣਾ ਵਾਜਬ ਨਹੀਂ ਹੈ, ਕਿਉਂਕਿ ਇਹ ਬਹੁਤ ਸਾਰੇ ਕੰਮ ਨੀਤੀ ਘੜਨ ਵਾਲੇ ਵੀ ਕਰਦੀ ਹੈ।

**(ਹ) ਸਲਾਹਕਾਰ ਸੰਸਥਾਵਾਂ (Advisory Bodies)**

ਕੇਂਦਰੀ ਪੱਧਰ ਤੇ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਯੋਜਨਾਬੰਦੀ ਕਮਿਸ਼ਨ ਤੋਂ ਇਲਾਵਾ ਕਈ ਹੋਰ ਸੰਸਥਾਵਾਂ ਜਾਂ ਸੰਗਠਨ ਕਾਇਮ ਕਰਨ ਦਾ ਮੁੱਖ ਮੰਤਵ ਹੈ ਯੋਜਨਾਵਾਂ ਨਿਰਮਾਣ ਅਤੇ ਲਾਗੂ ਕਰਨ ਸੰਬੰਧੀ ਯੋਜਨਾਬੰਦੀ ਕਮਿਸ਼ਨ ਨੂੰ ਸਲਾਹ ਦੇਣਾ ਅਤੇ ਉਸਦੀ ਮਦਦ ਕਰਨਾ। ਅਜਿਹੀਆਂ ਸੰਸਥਾਵਾਂ ਜਾਂ ਸੰਗਠਨਾਂ ਵਿਚੋਂ ਕੁਝ ਕੁ ਮੁੱਖ ਸੰਸਥਾਵਾਂ ਹੇਠ ਲਿਖੇ ਪ੍ਰਕਾਰ ਹਨ:-

**1. ਪ੍ਰੋਗਰਾਮ ਮੁਲਾਂਕਣ ਸੰਸਥਾ (Programme Evaluation Organisation)***

ਕੇਂਦਰੀ ਪੱਧਰ ਤੇ ਯੋਜਨਾਬੰਦੀ ਕਮਿਸ਼ਨ ਦਾ ਕੋਈ ਸਹਾਇਕ ਜਾਂ ਜੁੜਵਾ ਦਫਤਰ ਨਹੀਂ ਹੈ ਪਰ ਕਮਿਸ਼ਨ ਦੀ ਇਕ ਬੜੀ ਮਹੱਤਵਪੂਰਨ ਸੰਸਥਾ ਹੈ ਜਿਸ ਨੂੰ ਪ੍ਰੋਗਰਾਮ ਮੁਲਾਂਕਣ ਸੰਸਥਾ ਕਿਹਾ ਜਾਂਦਾ ਹੈ। ਇਹ ਸੰਸਥਾ 1952 ਵਿਚ ਸਮੂਹਿਕ ਵਿਕਾਸ ਪ੍ਰੋਗਰਾਮ ਦਾ ਸਿਲਸਿਲੇਵਾਰ ਮੁਲਾਂਕਣ ਕਰਨ ਲਈ ਕਾਇਮ ਕੀਤੀ ਗਈ ਸੀ। ਇਸ ਸੰਸਥਾਂ ਤੇ ਪ੍ਰਸ਼ਾਸਨਿਕ ਨਿਯੰਤਰਣ ਅੱਜ ਕਲ੍ਹ ਯੋਜਨਾਬੰਦੀ ਕਮਿਸ਼ਨ ਵੱਲੋਂ ਰੱਖਿਆ ਜਾਂਦਾ ਹੈ ਅਤੇ ਇਹ ਕਮਿਸ਼ਨ ਦੀ ਅਗਵਾਈ ਹੇਠ ਕੰਮ ਕਰਦੀ ਹੈ। ਇਸ ਦੇ ਮੁੱਖ ਅਧਿਕਾਰੀ ਨੂੰ ਨਿਰਦੇਸ਼ਕ ਕਿਹਾ ਜਾਂਦਾ ਹੈ ਜਿਸਦੀ ਸਹਾਇਤਾ ਲਈ ਦੋ ਡਿਪਟੀ ਡਾਇਰੈਕਟਰ , ਖੋਜ ਅਫਸਰ ਅਤੇ ਹੋਰ ਅਧੀਨ ਸਟਾਫ (Subordinate Staff) ਵੀ ਹੁੰਦਾ ਹੈ, ਜੋ ਇਸ ਸੰਸਥਾ ਕਮਿਸ਼ਨ ਦੇ ਕੰਨਾਂ ਅਤੇ ਅੱਖਾਂ ਦੀ ਤਰ੍ਹਾਂ ਕੰਮ ਕਰਦੀ ਹੈ।[3] ਪ੍ਰੋਗਰਾਮ ਮੁਲਾਂਕਣ ਸੰਗਠਨ ਦੀਆਂ ਖੇਤਰੀ ਇਕਾਈਆਂ ਜਿਨ੍ਹਾਂ ਨੂੰ ਖੇਤਰੀ ਮੁਲਾਂਕਣ ਦਫਤਰ (Regional Evaluation offices) ਕਿਹਾ ਜਾਂਦਾ ਹੈ, ਕਲੱਕਤਾ, ਮਦਰਾਸ ਹੈਦਰਾਬਾਦ, ਲਖਨਾਊ, ਜੈਪੁਰ ਅਤੇ ਚੰਡੀਗੜ੍ਹ ਵਿਖੇ ਕੰਮ ਕਰ ਰਹੀਆਂ ਹਨ। ਇਸ ਸੰਗਠਨ ਦੇ ਹੇਠ ਲਿਖੇ ਮੁੱਖ ਕਾਰਜ ਹਨ।

1. ਪੰਜ ਸਾਲਾ ਯੋਜਨਾਵਾਂ ਵਿਚ ਸ਼ਾਮਿਲ ਵੱਖ-ਵੱਖ ਵਿਕਾਸ ਪ੍ਰੋਗਰਾਮਾਂ ਦਾ ਮੁਲਾਂਕਣ ਕਰਨਾ।
2. ਪ੍ਰੋਗਰਾਮ ਦਾ ਅਧਿਐਨ ਕਰਕੇ ਇਸਦੇ, ਲੋਕਾਂ ਦੀ ਸਮਾਜਿਕ ਅਤੇ ਆਰਥਿਕ ਜ਼ਿੰਦਗੀ ਤੇ ਪਏ ਪ੍ਰਭਾਵ ਦਾ ਅੰਦਾਜ਼ਾ ਲਾਉਣਾ।

---

1. ਐਮ. ਬਰੀਚਰ, ਨਹਿਰੂ-ਏ ਪੋਲੀਟੀਕਲ ਬਾਇਗਰਾਫੀ, ਲੰਡਨ, ਔਕਸਫੋਰਲ ਯੂਨੀਵਰਸਿਟੀ ਪ੍ਰੈਸ, 1959, ਪੰਨਾ 521
2. ਕੇ. ਸੰਨਸਾਮਨ, ਯੂਨੀਅਨ ਸਟੇਟ ਡਿਲੇਬਨਸਿਪ ਇਨ ਇੰਡੀਆ, ਬੰਬੇ, ਹਿਮਾਲਿਆ ਪਬਲਿਸਿੰਗ ਹਾਊਸ, 1960, ਪੰਨਾ 47
3. ਐਚ.ਐਸ. ਪਟੇਲ, ਇੰਡੀਅਨ ਜਰਨਲ ਆਫ ਪਬਲਿਕ ਐਡਮਿਨਿਸਟਰੇਸ਼ਨ, ਅਕਤੂਬਰ-ਦਸੰਬਰ, 1959, ਪੰਨਾ 460

* ਕੇਵਲ ਜਾਣਕਾਰੀ ਲਈ

3. ਮੁਲਾਂਕਣ ਵਿਧੀ (Evaluation Methodology) ਵਿਚ ਸਿਖਲਾਈ ਦੇਣ ਲਈ ਕੋਰਸਾਂ ਦਾ ਪ੍ਰਬੰਧ ਕਰਨਾ।
4. ਕੇਂਦਰੀ ਅਤੇ ਰਾਜਕੀ ਮੁਲਾਂਕਣ ਏਜੰਸੀਆਂ ਦੁਆਰਾ ਕੀਤੇ ਹੋਏ ਕੰਮਾਂ ਦੇ ਸੰਬੰਧ ਵਿਚ ਕਾਰਜ ਕਰਨਾ।
5. ਮੁਲਾਂਕਣ ਪ੍ਰੋਗਰਾਮਾਂ ਨਾਲ ਸੰਬੰਧਿਤ ਵਾਰਸ਼ਿਕ ਰਿਪੋਰਟਾਂ।

ਇਹ ਰਿਪੋਰਟਾਂ ਮੁੱਖ ਅਧਿਕਾਰੀ ਵੱਲੋਂ ਵਿਚਾਰੀਆਂ ਜਾਂਦੀਆਂ ਹਨ ਤਾਂ ਜੋ ਕਿ ਜ਼ਰੂਰੀ ਕਾਰਵਾਈ ਕੀਤੀ ਜਾ ਸਕੇ। ਇਸ ਦੁਆਰਾ ਭੇਜੀਆਂ ਹੋਈਆਂ ਮੁਲਾਂਕਣ ਰਿਪੋਰਟਾਂ ਮੁੱਖ ਤੌਰ ਤੇ ਦੋ ਪ੍ਰਕਾਰ ਦੀਆਂ ਹਨ।

1. ਸਰਵੇ ਰਿਪੋਰਟ ਜੋ ਕਿ ਇਕ ਤਰ੍ਹਾ ਅਧਿਐਨ ਰਿਪੋਰਟਯ ਹੀ ਹੁੰਦੀਆਂ ਹਨ ਅਤੇ
2. ਮੁੱਖ ਮੁਲਾਂਕਣ ਰਿਪੋਰਟਸ, ਜੋ ਕਿ ਕਿਸੇ ਖਾਸ ਪ੍ਰੋਗਰਾਮ ਸੰਬੰਧੀ ਇਸ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ।

**2. ਯੋਜਨਾਬੰਦੀ ਉੱਤੇ ਸੰਸਦੀ ਸਲਾਹਕਾਰ ਕਮੇਟੀ ( Parliamentary Consulative Committee on Planning)***

ਕੇਂਦਰੀ ਪੱਧਰ ਤੇ ਹੀ ਯੋਜਨਾਬੰਦੀ ਕਮਿਸ਼ਨ ਅਤੇ ਰਾਸ਼ਟਰੀ ਵਿਕਾਸ ਪਰਿਸ਼ਦ ਤੋਂ ਬਿਨਾਂ ਇਕ ਸੰਸਦੀ ਸਲਾਹਕਾਰ ਕਮੇਟੀ ਵੀ ਕਾਇਮ ਕੀਤੀ ਗਈ ਹੈ। ਇਸ ਨੂੰ ਕਾਇਮ ਕਰਨ ਦਾ ਮੁੱਖ ਕਾਰਨ ਸੰਸਦ ਵਿਚ ਯੋਜਨਾਵਾਂ ਦੇ ਨਿਰਮਾਣ ਸੰਬੰਧੀ ਸਮੇਂ ਦੀ ਘਾਟ ਕਰਕੇ ਪੂਰਾ ਵਿਚਾਰ ਵਟਾਂਦਰਾਂ ਕੀਤਾ ਜਾਣਾ ਸੰਭਵ ਹੋ ਸਕਦਾ ਹੈ। ਇਸ ਕਰਕੇ ਹੀ ਕਮੇਟੀ ਸਥਾਪਿਤ ਕੀਤੀ ਗਈ ਹੈ ਜੋ ਕਿ ਯੋਜਨਾਬੰਦੀ ਕਮਿਸ਼ਨ ਦੁਆਰਾ ਬਣਾਈਆਂ ਹੋਈਆਂ ਯੋਜਨਾਵਾਂ ਦੇ ਵੱਖ ਵੱਖ ਪਹਿਲੂਆਂ ਨੂੰ ਚੰਗੀ ਤਰ੍ਹਾ ਘੋਖਦੀ ਹੈ। ਇਸ ਕਮੇਟੀ ਵਿਚ ਸੱਤਾ ਵਿਚ ਆਈ ਹੋਈ ਪਾਰਟੀ ਅਤੇ ਕੁਝ ਵਿਰੋਧੀ ਧਿਰ ਦੇ ਮੈਂਬਰ ਸ਼ਾਮਿਲ ਕੀਤੇ ਜਾਂਦੇ ਹਨ। ਮੈਂਬਰਾਂ ਨੂੰ ਨਿਯੁੱਕਤ ਕਰਦੇ ਹੋਏ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਕਿ ਉਹ ਮੈਂਬਰ ਕਿਸੇ ਨਾ ਕਿਸੇ ਖੇਤਰ ਦੇ ਮਾਹਿਰ ਜ਼ਰੂਰ ਹੋਣੇ ਚਾਹੀਦੇ ਹਨ। ਇਹ ਕਮੇਟੀ ਸਮੇਂ-ਸਮੇਂ ਸਿਰ ਆਪਣੀਆਂ ਮੀਟਿੰਗਾਂ ਕਰਦੀ ਹੈ ਅਤੇ ਯੋਜਨਾਂਵਾਂ ਦੇ ਵੱਖ-ਵੱਖ ਪਹਿਲੂਆਂ ਦਾ ਆਲੋਚਨਾਤਮਕ ਅਧਿਐਨ ਕਰਦੀ ਹੈ।

**3. ਖੋਜ ਪ੍ਰੋਗਰਾਮ ਕਮੇਟੀ (Research Programme Committee)***

ਇਹ ਕਮੇਟੀ ਪਹਿਲੀ ਯੋਜਨਾਂ ਦੇ ਦੌਰਾਨ ਕਾਇਮ ਕੀਤੀ ਗਈ ਸੀ। ਇਸ ਨੂੰ 50 ਲੱਖ ਰੁਪਏ ਦੀ ਧਨ ਰਾਸ਼ੀ ਦਿੱਤੀ ਗਈ ਸੀ ਤਾਂ ਜੋ ਇਹ ਰਾਸ਼ਟਰੀ ਵਿਕਾਸ ਨਾਲ ਸੰਬੰਧਿਤ ਪ੍ਰਸ਼ਾਸਨਿਕ, ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਖੋਜ ਕਰ ਸਕੇ। ਇਸ ਕਮੇਟੀ ਨੂੰ ਕਾਇਮ ਕਰਨ ਦਾ ਮੁੱਖ ਉਦੇਸ਼ ਸੀ ਵਿਕਾਸ ਨਾਲ ਸੰਬੰਧਿਤ ਵੱਖ ਵੱਖ ਪਹਿਲੂਆਂ, ਪ੍ਰਸ਼ਾਸਨਿਕ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਬਾਰੇ ਖੋਜ ਨੂੰ ਉਤਸ਼ਾਹਿਤ ਕਰਨਾ। ਇਸ ਕਮੇਟੀ ਵਿਚ ਪ੍ਰਸਿੱਧ ਅਰਥ-ਸ਼ਾਸਤਰੀ ਅਤੇ ਸਮਾਜ ਸ਼ਾਸਤਰੀ ਸ਼ਾਮਿਲ ਕੀਤੇ ਗਏ ਜੋ ਕਿ ਦੇਸ਼ ਵਿਚਲੀਆਂ ਉਨ੍ਹਾਂ ਯੂਨੀਵਰਸਿਟੀਆਂ ਅਤੇ ਸਕੂਲਾਂ ਨਾਲ ਸੰਪਰਕ ਰੱਖਦੇ ਸਨ, ਜਿਥੇ ਇਨ੍ਹਾਂ ਵਿਸ਼ਿਆ ਸੰਬੰਧੀ ਪਹਿਲਾਂ ਤੋਂ ਹੀ ਖੋਜ ਚਲ ਰਹੀ ਸੀ।

**4. ਰਾਸ਼ਟਰੀ ਯੋਜਨਾ ਕੌਂਸਲ (National Planning Council)***

ਇਸ ਕੌਸ਼ਲ ਵਿਚ ਵੀ ਮੁੱਖ ਤੌਰ ਤੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਹੀ ਸ਼ਾਮਿਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਮੁੱਖ ਕੰਮ ਸੀ ਯੋਜਨਾ ਕਮਿਸ਼ਨ ਨੂੰ ਸਲਾਹ ਦੇਣਾ। ਇਸ ਕੌਂਸਲ ਵਿਚ 17 ਮੈਂਬਰਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਤੋਂ ਇਲਾਵਾ ਯੋਜਨਾਬੰਦੀ ਕਮਿਸ਼ਨ ਨੂੰ ਸਲਾਹ ਦੇਣ ਲਈ ਕਈ ਪ੍ਰਕਾਰ ਦੀਆ ਸਲਾਹਕਾਰ ਕਮੇਟੀਆਂ ਵੀ ਗਠਿਤ ਕੀਤੀਆਂ ਹੋਈਆਂ ਹਨ। ਇਸ ਪਾਠ ਵਿਚ ਕੇਂਦਰੀ ਪੱਧਰ ਤੇ ਯੋਜਨਾਬੰਦੀ ਮਸ਼ੀਨਰੀ ਭਾਵ ਯੋਜਨਾਬੰਦੀ ਕਮਿਸ਼ਨ ਅਤੇ ਰਾਸ਼ਟਰੀ ਵਿਕਾਸ ਪਰਿਸ਼ਦ ਅਤੇ ਹੋਰ ਸਲਾਹਕਾਰ ਕਮੇਟੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ।

## (ਕ) ਯੋਜਨਾਬੰਦੀ ਕਮਿਸ਼ਨ ਦਾ ਆਲੋਚਨਾਤਮਕ ਮੁਲਾਂਕਣ (Critical Appraisal of Planning Commission)

ਇਸ ਵਿੱਚ ਕੋਈ ਸ਼ਕ ਨਹੀਂ ਕਿ ਇਹ ਕਮਿਸ਼ਨ ਦੇਸ਼ ਦੇ ਸਮੁੱਚੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਹੋਂਦ ਨੂੰ ਆਰਥਿਕ ਵਿਕਾਸ ਲਈ ਬਹੁਤ ਹੀ ਜ਼ਰੂਰੀ ਸਮਝਿਆ ਗਿਆ

* ਕੇਵਲ ਜਾਣਕਾਰੀ ਲਈ

ਹੈ।

ਜੇਕਰ ਯੋਜਨਾਬੰਦੀ ਕਮਿਸ਼ਨ ਦੇ ਕੰਮ ਕਰਨ ਦੇ ਤਰੀਕੇ ਦਾ ਆਲੋਚਨਾਤਮਕ ਨਿਰੀਖਣ ਕੀਤਾ ਜਾਏ ਤਾਂ ਸਸਾਡੇ ਸਾਹਮਣੇ ਕਈ ਗੱਲਾਂ ਆਉਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਔਗੁਣ ਜਾਂ ਦੋਸ਼ ਵੀ ਕਹਿ ਸਕਦੇ ਹਾਂ ਸਭ ਤੋਂ ਪਹਿਲਾਂ ਇਸ ਸੰਬੰਧ ਵਿਚ ਕਿਹ ਕਿਹਾ ਜਾ ਸਕਦਾ ਹੈ ਕਿ ਯੋਜਨਾਬੰਦੀ ਕਮਿਸ਼ਨ ਨੂੰ ਅਕਸਰ ਹੀ ਸੁਪਰ ਮੰਤਰੀ ਮੰਡਲ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦਾ ਚੇਅਰਮੈਨ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਔਗੁਣ ਦਾ ਇਹ ਅਧਾਰ ਹੈ ਕਿ ਸਰਕਾਰ ਹਮੇਸ਼ਾ ਹੀ ਹਿਸ ਦੇ ਨਿਰਣਿਆਂ ਨੂੰ ਪ੍ਰਵਾਨ ਕਰਦੀ ਹੈ। ਜੇਕਰ ਕਮਿਸ਼ਨ ਦਾ ਕੋਈ ਵਿਸ਼ਾ ਸਰਕਾਰ ਦੁਆਰਾ ਨਾ ਪ੍ਰਵਾਨ ਕੀਤਾ ਜਾਏ ਤਾਂ ਇਸ ਨੂੰ ਪ੍ਰਧਾਨ ਮੰਤਰੀ ਦੇ ਖਿਲਾਠ ਰਾਇ ਸਮਝਿਆ ਜਾਂਦਾ ਹੈ। ਪ੍ਰਧਾਨ ਮੰਤਰੀ ਤੋਂ ਇਲਾਵਾ ਹੋਰ ਪ੍ਰਭਾਵਸ਼ਾਲੀ ਰਾਜਨੀਤਿਕ ਆਗੂ ਜਿਵੇਂ ਕਿ ਮੰਤਰੀ ਵਗੈਰਾ ਵੀ ਇਸ ਵਿਚ ਸ਼ਾਮਿਲ ਹੁੰਦੇ ਹਨ। ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਵਾਰ ਕਮਿਸ਼ਨ ਦੁਆਰਾ ਆਰਥਿਕ ਫੈਸਲੇ, ਰਾਜਨੀਤਿਕ ਦਬਾਅ ਜਾਂ ਦਖਲ ਅੰਦਾਜ਼ੀ ਤੋਂ ਪ੍ਰਭਾਵਿਤ ਹੋ ਕੇ ਕੀਤੇ ਜਾਂਦੇ ਹਨ। ਸ੍ਰੀ ਅਸ਼ੋਕ ਚੰਦਾ ਦੇ ਸ਼ਬਦਾਂ ਵਿਚ, ''ਯੋਜਨਾਬੰਦੀ ਕਮਿਸ਼ਨ ਦੀ ਅਨਿਸ਼ਚਿਤ ਸਥਿਤੀ ਅਤੇ ਵਿਸਤ੍ਰਿਤ ਕਾਰਜ ਖੇਤਰ ਹੋਣ ਕਰਕੇ ਇਸ ਨਾ ਕੇਂਦਰ ਦਾ ਹੀ ਨਹੀਂ ਬਲਕਿ ਰਾਜਾਂ ਦੇ ਆਰਥਿਕ ਮੰਤਰੀ ਮੰਡਲ ਦਾ ਸਥਾਨ ਵੀ ਪ੍ਰਾਪਤ ਕਰ ਲਿਆ ਹੈ। ਕਮਿਸ਼ਨ ਨੇ ਆਪਣੀ ਸਥਿਤੀ ਇਤਨੀ ਮਜ਼ਬੂਤ ਕਰ ਲਈ ਹੈ ਕਿ ਉਹ ਸਭ ਕਾਰਜਾਂ ਅਤੇ ਜ਼ਿੰਮੇਵਾਰੀਆਂ ਜੋ ਪਰੰਪਰਾ ਦੇ ਅਨੁਸਾਰ ਇਕ ਸੰਵਿਧਾਨਕ ਸਰਕਾਰ ਨਾਲ ਸੰਬੰਧਿਤ ਹਨ, ਇਸਦੇ ਕਾਰਜ ਖੇਤਰ ਹੇਠ ਆ ਜਾਂਦੇ ਹਨ।'' ਭਾਵੇਂ ਸਮੇਂ ਸਮੇਂ ਸਿਰ ਇਸ ਦੋਸ਼ ਨੂੰ ਦੂਰ ਕਰਨ ਲਈ ਸਰਕਾਰ ਵੱਲੋਂ ਕਮਿਸ਼ਨ ਦਾ ਪੁਨਰਗਠਨ ਕਰਕੇ, ਕੋਸ਼ਿਸਾਂ ਕੀਤੀਆਂ ਗਈਆਂ ਪਰੰਤੂ ਅੱਜ ਵੀ ਕਮਿਸ਼ਨ ਵਿਚ ਇਹ ਦੋਸ਼ ਮੌਜੂਦ ਹੈ। ਜੇਕਰ ਕਹਿ ਲਿਆ ਜਾਵੇ ਕਿ ਕਮਿਸ਼ਨ, ਪੱਖਪਾਤ ਵਾਲੀ ਇਕ ਏਜੰਸੀ ਬਣ ਗਈ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਯੋਜਨਾਬੰਦੀ ਕਮਿਸ਼ਨ, ਬਜਾਏ ਇਸ ਦੇ ਕਿ ਨਿਰਪੱਖ ਹੋ ਕੇ ਸਮਾਜਿਕ ਅਤੇ ਆਰਥਿਕ ਲੋੜਾਂ ਨੂੰ ਸਨਮੁੱਖ ਰੱਖਦੇ ਹੋਏ ਫੈਸਲੇ ਕਰੇ, ਇਹ ਰਾਜਨੀਤਿਕ ਆਗੂਆਂ ਦੀ ਮੌਜਦੂਗੀ ਕਾਰਨ ਵਾਦ-ਵਿਵਾਦ ਵਾਲੀ ਸੰਸਥਾ ਬਣ ਗਈ ਹੈ। ਇਸ ਸੰਬੰਧ ਵਿਚ ਜ਼ਰੂਰਤ ਇਸ ਗੱਲ ਦੀ ਹੈ ਕਿ ਇਸ ਨੂੰ ਨਿਰਪੱਖ ਹੋਣਾ ਚਾਹੀਦਾ ਹੈ ਅਤੇ ਕੋਈ ਵੀ ਫੈਸਲਾ ਭਾਵੇਂ ਉਹ ਸਮਾਜਿਕ ਜਾਂ ਆਰਥਿਕ ਵਿਕਾਸ ਨਾਲ ਸੰਬੰਧਿਤ ਹੋਵੇ, ਰਾਜਨੀਤਿਕ ਦਬਾਅ ਹੇਠਾਂ ਆ ਕੇ ਨਹੀਂ ਲੈਣਾ ਚਾਹੀਦਾ। ਇਹ ਤਾਂ ਹੀ ਸੰਭਵ ਹੋ ਸਕਦਾ ਜੇਕਰ ਪ੍ਰਧਾਨ ਮੰਤਰੀ ਦੀ ਜਗ੍ਹਾ ਇਕ ਪੂਰੇ ਸਮੇਂ ਦਾ ਮੈਂਬਰ ਨਿਯੁਕਤ ਕਰਕੇ ਜੋ ਆਪਣੇ ਖੇਤਰ ਦਾ ਵਿਸ਼ੇਸ਼ਗ ਹੋਵੇ, ਉਸੇ ਨੂੰ ਕਮਿਸ਼ਨ ਦਾ ਚੇਅਰਮੈਨ ਬਣਾਇਆ ਜਾਵੇ। ਉਸ ਵਿਅਕਤੀ ਨੂੰ ਸੁਤੰਤਰਤਾ ਨਾਲ ਕੰਮ ਕਰਨਾ ਚਾਹੀਦਾ ਹੈ। ਦੇਸ਼ ਦਾ ਸੰਤੁਲਿਤ ਆਰਥਿਕ ਵਿਕਾਸ ਕਰਨ ਲਈ, ਯੋਜਨਾਬੰਦੀ ਕਮਿਸ਼ਨ ਦਾ ਸੁਤੰਤਰ ਅਤੇ ਨਿਰਪੱਖ ਹੋਣਾ ਬਹੁਤ ਜਰੂਰੀ ਹੈ।

ਦੂਸਰਾ ਕਈ ਵਾਰ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਕਮਿਸ਼ਨ ਦੇ ਜ਼ਿਆਦਾਤਰ ਕਰਮਚਾਰੀ ਦੂਸਰੇ ਵਿਭਾਗਾਂ ਤੋਂ ਡੈਪੂਟੇਸ਼ਨ ਤੇ ਆਏ ਹੋਏ ਹੁੰਦੇ ਹਨ। ਅਜਿਹੇ ਕਰਮਚਾਰੀਆਂ ਨੂੰ ਕਮਿਸ਼ਨ ਦੇ ਕਾਰਜਾਂ ਵਿਚ ਬਹੁਤੀ ਦਿਲਚਸਪੀ ਨਹੀਂ ਹੁੰਦੀ ਕਿਉਂਕਿ ਉਹ ਸੋਚਦੇ ਹਨ ਕਿ ਕੁਝ ਸਮਾਂ ਬੀਤਣ ਤੋਂ ਬਾਅਦ ਉਹਨਾਂ ਨੇ ਫਿਰ ਆਪਣੇ ਪੁਰਾਣੇ ਵਿਭਾਗਾਂ ਨੂੰ ਪਰਤ ਜਾਣਾ ਹੁੰਦਾ ਹੈ। ਅਜਿਹੇ ਕਰਮਚਾਰੀਆਂ ਆਪਣ ਕੰਮਾਂ ਅਤੇ ਜਿੰਮੇਵਾਰੀਆਂ ਨੂੰ ਉਤਸ਼ਾਹ (Zeal) ਅਤੇ ਸਮਰਪਤਾ (Dedication) ਨਾਲ ਨਹੀਂ ਨਿਭਾਉਂਦੇ। ਉਨ੍ਹਾ ਕਰਮਚਾਰੀਆਂ ਦੀਆਂ ਅਜਿਹੀਆਂ ਮਨੋਬਿਰਤੀਆਂ (Attitudes) ਦਾ ਕਮਿਸ਼ਨ ਦੇ ਕੰਮ ਕਾਜ ਤੇ ਸਿੱਧਾ ਅਸਰ ਪੈਂਦਾ ਹੈ। ਕਿਸੇ ਵੀ ਸੰਸਥਾ, ਜਾਂ ਸੰਗਠਨ ਦੀ ਸਫਲਤਾ ਜਾਂ ਅਸਫਲਤਾ, ਉਸ ਵਿਚ ਭਰਤੀ ਕੀਤੇ ਹੋਏ ਕਰਮਚਾਰੀਆਂ ਦੀ ਯੋਗਤਾ ਤੇ ਕੁਝ ਹੱਦ ਤੱਕ ਨਿਰਭਰ ਕਰਦੀ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਕਰਮਚਾਰੀ ਵਰਗ-ਪ੍ਰਸ਼ਾਸਨ ਦਾ ਮੂਲ ਤੱਤ ਹੁੰਦੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਗੱਲ ਯੋਜਨਾਬੰਦੀ ਕਮਿਸ਼ਨ ਲਈ ਵੀ ਪੂਰੀ ਤਰ੍ਹਾਂ ਢੁਕਵੀਂ ਹੈ। ਪਹਿਲੀ ਗੱਲ ਤਾਂ ਕਮਿਸ਼ਨ ਨੂੰ ਆਪਣੇ ਕਰਮਚਾਰੀ ਆਪਦੀ ਲੋੜਾਂ ਦੇ ਮੁਤਾਬਕ ਨਿਯੁਕਤ ਕਰਨੇ ਚਾਹੀਦੇ ਹਨ ਅਤੇ ਜੇਕਰ ਕੁਝ ਕਰਮਚਾਰੀ ਡੈਪੂਟੇਸ਼ਨ ਤੇ ਲੈਣੇ ਵੀ ਪੈ ਜਾਣ ਤਾਂ ਫਿਰ ਅਜਿਹੇ ਕਰਮਚਾਰੀਆਂ ਨੂੰ ਰੱਖਣਾ ਚਾਹੀਦਾ ਹੈ ਜਿਨ੍ਹਾਂ ਦਾ ਰੁਝਾਨ ਅਤੇ ਦਿਲਚਸਪੀ ਕਮਿਸ਼ਨ ਵਿਚ ਕੰਮ ਕਰਨ ਦੀ ਹੋਵੇ ਅਤੇ ਉਹਨਾਂ ਖੇਤਰਾਂ ਦਾ ਵਿਸ਼ੇਸ਼ ਗਿਆਨ ਰੱਖਦੇ ਹੋਣ, ਜਿਥੇ ਕੰਮ ਕਰਨ ਲਈ ਉਹਨਾਂ ਨੂੰ ਨਿਯੁੱਕਤ ਕੀਤਾ ਜਾਣਾ ਹੁੰਦਾ ਹੈ। ਸੋ ਇਹ ਜਰੂਰੀ ਹੈ ਕਿ ਯੋਜਨਾਬੰਦੀ ਕਮਿਸ਼ਨ ਦੇ ਕਰਮਚਾਰੀ ਭਰਤੀ ਕਰਨ ਵੇਲੇ ਉਪਰੋਕਤ ਗੱਲਾ ਦਾ ਧਿਆਨ ਰੱਖਿਆ ਜਾਵੇ।

ਤੀਜੇ, ਕਈ ਵਾਰ ਯੋਜਨਾਬੰਦੀ ਕਮਿਸ਼ਨ ਦੇ ਮੈਂਬਰਾਂ ਨੂੰ ਯੋਗਤਾ ਦੀ ਬਜਾਏ , ਰਾਜਨੀਤਿਕ ਹਿੱਤਾਂ ਦੇ ਆਧਾਰ ਨਾਮਜ਼ਦ ਕੀਤਾ ਜਾਦਾ ਹੈ। ਜਿਸ ਦੇ ਕਾਰਨ ਕਮਿਸ਼ਨ ਦੀ ਉੱਚੀ ਸਥਿਤੀ ਤੇ ਮਹੱਤਵਪੂਰਨ ਰੁਤਬੇ (important Status) ਤੇ ਬੁਰਾਂ ਪ੍ਰਭਾਵ ਪੈਂਦਾ ਹੈ। ਕਮਿਸ਼ਨ ਦੇ ਮੈਂਬਰਾਂ ਨੂੰ ਰਾਜਨੀਤਿਕ ਪ੍ਰਭਾਵ ਦੀ ਬਜਾਏ ਉਨ੍ਹਾਂ ਦੀ ਯੋਗਤਾ ਅਤੇ ਵਿਸ਼ੇਸ਼ ਗਿਆਨ (Expert Knowledge) ਦੇ ਆਧਾਰ ਤੇ ਨਿਯੁੱਕਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਵਿਅਕਤੀਆਂ ਨੂੰ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਨੂੰ ਆਰਥਿਕ ਖੇਤਰ, ਸਮਾਜਿਕ ਖੇਤਰ, ਉਦਯੋਗਿਕ ਖੇਤਰ, ਅਤੇ ਖੇਤੀਬਾੜੀ ਖੇਤਰ ਵਿਚ ਵਿਸ਼ੇਸ਼ ਮੁਹਾਰਤ ਹਾਸਲ ਹੋਵੇ। ਜੇਕਰ ਮੈਂਬਰ ਹੀ ਯੋਗ ਨਹੀਂ ਹੋਣਗੇ ਤਾਂ ਕਮਿਸ਼ਨ ਦਾ ਕੰਮ ਠੀਕ ਠਾਕ ਤਰੀਕੇ ਨਾਲ ਨਹੀਂ ਚਲ ਸਕਦਾ ਅਤੇ ਨਾ ਹੀ ਕਮਿਸ਼ਨ ਦੇਸ਼ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ। ਚੌਥੇ, ਭਾਵੇਂ ਯੋਜਨਾਬੰਦੀ ਦਾ ਕਾਰਜ ਕਰਨ ਲਈ ਸੁਤੰਤਰ ਰੂਪ ਵਿਚ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ, ਪਰੰਤੂ ਫਿਰ ਵੀ ਕਈ ਮਹੱਤਵਪੂਰਣ ਕਾਰਜਾਂ ਸੰਬੰਧੀ ਫੈਸਲਾ ਕਰਨ ਦੀ ਅਥਾਰਟੀ (Authority) ਕੇਂਦਰੀ ਜਾ ਰਾਜ ਸਰਕਾਰਾਂ ਦੇ ਮੰਤਰਾਲਿਆਂ ਨੂੰ ਸੌਂਪੀ ਹੋਈ ਹੈ। ਅਜਿਹਾ ਕਰਨ ਨਾਲ ਇਕ ਪਾਸੇ ਤਾਂ ਕਮਿਸ਼ਨ ਦੀ ਸੁਤੰਤਰਤਾ ਖਤਮ ਹੁੰਦੀ ਹੈ ਅਤੇ ਦੂਸਰੇ ਪਾਸੇ ਸ਼ਕਤੀ ਦਾ ਕੇਂਦਰੀਕਰਨ ਕਰਨ ਨਾਲ ਪ੍ਰਸ਼ਾਸ਼ਣ ਵਿਚ ਬੇਲੋੜੀ ਦੇਰ ਅਤੇ ਸੁਸਤੀ ਵੀ ਆਉਂਦੀ ਹੈ। ਜਿਥੋਂ ਤੀਕ ਹੋ ਸਕੇ, ਕਮਿਸ਼ਨ ਨੂੰ ਵਧ ਤੋਂ ਵੱਧ ਆਜ਼ਾਦੀ ਹੋਣੀ ਚਾਹੀਦੀ ਹੈ। ਪਰੰਤੂ ਇਸ ਦਾ ਮਤਲਬ ਇਹ ਹਰਗਿਜ ਨਹੀਂ ਕਿ ਕਮਿਸ਼ਨ ਸਰਕਾਰ ਨੂੰ ਜਵਾਵਦੇਹ ਹੋਣੀ ਚਾਹੀਦੀ ਹੈ।

ਪੰਜਵੇਂ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਕਈ ਵਾਰ ਕਮਿਸ਼ਨ ਵਿਕਾਸ ਯੋਜਨਾਵਾਂ ਦਾ ਨਿਰਮਾਣ ਕਰਦੇ ਸਮੇਂ ਰਾਜਾਂ ਦੀ ਬਜਾਏ ਕੇਂਦਰ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ। ਯੋਜਨਾਵਾਂ ਨੂੰ ਲਾਗੂ ਕਰਨ ਚੁੰਕਿ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਇਸ ਲਈ ਕੇਂਦਰ ਦੀ ਬਜਾਇ ਰਾਜਾਂ ਨੂੰ ਵਧੇਰੇ ਤਰਜੀਹ ਦਿੱਤੀ ਜਾਣੀ ਚਾਹਦੀ ਹੈ। ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਯੋਜਨਾਬੰਦੀ ਕਮਿਸ਼ਨ ਵਲੋਂ ਦੇਸ਼ ਦੇ ਸਾਰੇ ਰਾਜਾਂ ਲਈ ਤਕਰੀਬਨ ਇਕੋ ਜਿਹੀਆਂ ਹੀ ਵਿਕਾਸ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਪਰੰਤੂ ਹਰੇਕ ਰਾਜਾਂ ਦੀਆਂ ਸਮਾਜਿਕ ਅਤੇ ਆਰਕਿਥ ਸਮੱਸਿਆਵਾਂ ਵੱਖ-ਵੱਖ ਹੁੰਦੀਆਂ ਹਨ। ਕੋਈ ਰਾਜ ਖੁਸ਼ਹਾਲ ਹੁੰਦਾ ਹੈ ਅਤੇ ਕੋਈ ਆਰਥਿਕ ਤੌਰ ਤੇ ਪਛੜਿਆ ਹੋਇਆ। ਸੋ ਯੋਜਨਾਵਾਂ ਦਾ ਨਿਰਮਾਣ ਕਰਦੇ ਹੋਏ ਯੋਜਨਾਬੰਦੀ ਕਮਿਸ਼ਨ ਨੂੰ ਇਹ ਚਾਹੀਦਾ ਹੈ ਕਿ ਉਹ ਰਾਜ ਦੀਆਂ ਅਸਲ ਹਾਲਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਯੋਜਨਾਵਾਂ ਦਾ ਨਿਰਮਾਣ ਕਰੇ ਤਾਂ ਜੋ ਉਨ੍ਹਾਂ ਦੇ ਮਾਧਿਅਮ ਰਾਹੀ ਵੱਧ ਤੋਂ ਵੱਧ ਵਿਕਾਸ ਕੀਤਾ ਜਾ ਸਕੇ। ਯੋਜਨਾਬੰਦੀ ਕਮਿਸ਼ਨ ਅਤੇ ਰਾਜਾਂ ਦੇ ਯੋਜਨਾ ਬੋਰਡਾਂ ਵਿਚ ਪ੍ਰਸਪਰ ਤਾਲਮੇਲ ਹੋਣਾ ਚਾਹੀਦਾ ਹੈ ਤਾਂ ਹੀ ਯੋਜਨਾਵਾਂ ਠੀਕ ਤਰੀਕੇ ਨਾਲ ਲਾਗੂ ਕੀਤੀਆਂ ਜਾ ਸਕਦੀਆਂ ਹਨ। ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦੀਆਂ ਸਿਫਾਰਸ਼ਾ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਮੰਤਵ ਲਈ ਕੁਝ ਰਾਜਾਂ ਜਿਵੇਂ ਕਿ ਰਾਜਸਥਾਨ ਵਿਚ ਰਾਜ ਪੱਧਰ ਤੇ ਹੀ ਰਾਜ ਯੋਜਨਾਬੰਦੀ ਕਮਿਸ਼ਨ (State Planning Commission) ਦੀ ਸਥਾਪਨਾ ਕੀਤੀ ਗਈ।

ਛੇਵੇਂ, ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਯੋਜਨਾਵਾਂ ਸਹੀ ਢੰਗ ਨਾਲ ਲਾਗੂ ਨਾ ਹੋਣ ਕਰਕੇ ਬਹੁਤੀ ਕਾਮਯਾਬੀ ਹਾਸਲ ਨਹੀਂ ਕਰਦੀਆਂ। ਇਸ ਗੱਲ ਦਾ ਸਬੂਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਅਜ਼ਾਦੀ ਤੋਂ ਇਤਨੇ ਸਾਲ ਬੀਤਨ ਤੋਂ ਬਾਦ ਵੀ ਵਾਧੇ ਦੀ ਰਫਤਾਰ ਵਿਚ ਜਿੰਨੀ ਤੇਜ਼ੀ ਆਉਣੀ ਚਾਹੀਦੀ ਸੀ ਅਜੇ ਨਹੀਂ ਆਈ। ਇਸ ਲਈ ਜਿੰਮੇਵਾਰ ਭਾਵੇਂ ਕਈ ਤੱਤ ਹਨ ਪਰ ਯੋਜਨਾਵਾਂ ਲਾਗੂ ਕਰਨ ਵਿਚ ਕਮਜ਼ੋਰੀਆਂ ਵੀ ਮਹੱਤਵਪੂਰਣ ਤੱਤ ਹੈ ਜਿਸ ਨੂੰ ਜਲਦੀ ਤੋਂ ਜਲਦੀ ਦੂਰ ਕਰਨਾ ਚਾਹੀਦਾ ਹੈ। ਭਾਵੇਂ ਦੇਸ਼ ਦੀ ਆਰਥਿਕ ਵਿਕਾਸ ਕਰਨ ਲਈ 1952 ਵਿਚ ਜਦੋਂ ਪਹਿਲੀ ਪੰਜ ਸਾਲਾ ਯੋਜਨਾ ਹੋਂਦ ਵਿਚ ਆਈ ਸੀ, ਤੋਂ ਲੈ ਕੇ ਹੁਣ ਤੱਕ ਯੋਜਨਾਬੰਦੀ ਕਮਿਸ਼ਨ ਵਲੋਂ ਨਿਰੰਤਰ ਪੰਜ ਸਾਲਾ ਯੋਜਨਾਵਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਪਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਵੀ ਭਾਰਤੀ ਅਰਥ ਵਿਵਸਥਾ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਸਕਦੀ। ਇਯ ਸੰਬੰਧ ਵਿਚ ਪ੍ਰਸ਼ਾਸ਼ਕੀ ਸੁਧਾਰ ਕਮਿਸ਼ਨ (Administrative Reforms Commission) ਨੇ ਯੋਜਨਾਬੰਦੀ ਕਮਿਸ਼ਨ ਦੇ ਕਾਰਜਾਂ, ਬਣਤਰ ਅਤੇ ਸੰਗਠਨ ਦਾ ਨਿਰੀਖਣ ਕਰਨ ਤੋਂ ਬਾਅਦ ਹੇਠ ਲਿਖਿਆ ਸਿਫਾਰਸ਼ਾਂ (Recommendations) ਕੀਤੀਆ ਹਨ:

1. ਇਸ ਦੇ ਕੰਮਾਂ ਦਾ ਅਧਾਰ ਉਹੀ ਸਰਕਾਰ ਮਤਾ ਹੀ ਹੈ ਜਿਸ ਦੁਆਰਾ ਇਹ ਹੋਂਦ ਵਿਚ ਆਇਆ

ਭਾਵੇਂ ਉਸ ਵਿਚ ਥੋੜ੍ਹੀਆ ਬਹੁਤ ਤਬਦੀਲੀਆਂ ਕੀਤੀਆਂ ਗਈਆਂ ਹਨ। ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦੇ ਮੁਤਾਬਕ ਕਮਿਸ਼ਨ ਦਾ ਰੋਲ ਸਿਰਫ ਲੰਮੇ ਸਮੇਂ ਦੀ ਯੋਜਨਾ, ਸਲਾਨਾ ਯੋਜਨਾਵਾਂ ਅਤੇ ਪੰਜ ਸਾਲਾ ਯੋਜਨਾਵਾਂ ਦਾ ਨਿਰਮਾਣ ਕਰਨ ਤੱਕ ਅਤੇ ਇਹਨਾਂ ਦੇ ਮੁਲਾਂਕਣ ਤੱਥ ਹੀ ਸੀਮਤ ਹੋਣਾ ਚਾਹੀਦਾ ਹੈ। ਇਸ ਨੂੰ ਯੋਜਨਾਵਾਂ ਨੂੰ ਲਾਗੂ ਕਰਨ ਦੇ ਕੰਮ ਵਿਚ ਨਹੀਂ ਪੈਣਾ ਚਾਹੀਦਾ। ਇਹ ਕੰਮ ਰਾਜ ਸਰਕਾਰਾਂ ਲਈ ਹੀ ਰਹਿਣ ਦੇਣਾ ਚਾਹੀਦਾ ਹੈ।

2. ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਸੰਸਦ ਨੂੰ ਪੰਜ ਸਾਲਾਂ ਯੋਜਨਾਵਾਂ ਦੀ ਸਫਲਤਾ ਜਾਂ ਅਸਫਲਤਾ ਸੰਬੰਧੀ ਸਾਲਾਨਾ ਰਿਪੋਰਟਾਂ ਤਿਆਰ ਕਰਕੇ ਮਹੁੱਈਆਂ ਕਰਵਾਏ।
3. ਕਮਿਸ਼ਨ ਬੁਨਿਆਦੀ ਤੌਰ ਤੇ ਸਲਾਹਕਾਰ ਏਜੰਸੀ ਹੀ ਹੋਣੀ ਚਾਹੀਦੀ ਹੈ ਜਿਸ ਦੇ ਕੇਂਦਰੀ ਸਰਕਾਰ ਨਾਲ ਗੂੜ੍ਹਾ ਸੰਬੰਧ ਹੋਵੇ।
4. ਪ੍ਰਧਾਨ ਮੰਤਰੀ ਨੂੰ ਇਸ ਦਾ ਚੇਅਰਮੈਨ ਬਣਾਏ ਬਿਨ੍ਹਾਂ ਹੀ, ਕਮਿਸ਼ਨ ਨਾਲ ਸੰਬੰਧਤ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੂੰ ਇਹ ਖੁਲ ਹੋਣੀ ਚਾਹਦੀ ਹੈ ਕਿ ਉਹ ਜਦੋਂ ਵੀ ਚਾਹੇ ਕਮਿਸ਼ਨ ਦੀਆਂ ਬੈਠਕਾਂ ਵਿਚ ਭਾਗ ਲੈ ਸਕਦਾ ਹੋਵੇ ਅਤੇ ਜਿਹੜੀ ਵੀ ਜਾਣਕਾਰੀ ਉਹ ਲੈਣਾ ਚਾਹੁੰਦਾ ਹੈ, ਲੈ ਸਕਦਾ ਹੋਵੇ। ਪ੍ਰਧਾਨ ਮੰਤਰੀ ਦੀ ਸੂਰਤ ਵਿਚ ਕਮਿਸ਼ਨ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਦਾ ਕੰਮ ਵੀ ਉਸ ਨੂੰ ਹੀ ਸੌਂਪਣਾ ਚਾਹੀਦਾ ਹੈ।
5. ਵਿੱਤ ਮੰਤਰੀ ਨੂੰ ਕਮਿਸ਼ਨ ਦਾ ਮੈਂਬਰ ਬਣਾਏ ਬਗੈਰ ਹੀ ਕਮਿਸ਼ਨ ਨਾਲ ਜੋੜਨਾ ਚਾਹੀਦਾ ਹੈ ਉਸਨੂੰ ਕਮਿਸ਼ਨ ਦੀਆਂ ਮੀਟਿੰਗਾਂ ਵਿਚ ਭਾਗ ਲੈਣ ਦੀ ਵੀ ਪੂਰੀ ਖੁਲ੍ਹ ਦੇਣੀ ਚਾਹੀਦੀ ਹੈ ਤਾਂ ਜੋ ਉਸ ਦੀ ਲਿਆਕਤ ਜਾਂ ਯੋਗਤਾ ਦਾ ਫਾਇਦਾ ਕਮਿਸ਼ਨ ਨੂੰ ਹੋ ਸਕੇ।
6. ਕੇਂਦਰੀ ਸਰਕਾਰ ਦੇ ਕਿਸੇ ਵੀ ਮੰਤਰੀ ਨੂੰ ਕਮਿਸ਼ਨ ਦਾ ਮੈਂਬਰ ਨਹੀਂ ਨਿਯੁਕਤ ਕੀਤਾ ਜਾਣਾ ਚਾਹੀਦਾ।
7. ਪ੍ਰਧਾਨ ਮੰਤਰੀ ਜਾਂ ਵਿੱਤ ਮੰਤਰੀ ਵਲੋਂ ਕਮਿਸ਼ਨ ਨਾਲ ਸੰਬੰਧਿਤ ਸਿਰਫ ਪ੍ਰਸ਼ਾਸਨਿਕ ਮਸਲੇ ਹੀ ਨਜਿੱਠੇ ਜਾਣੇ ਚਾਹੀਦੇ ਹਨ ਜਿਨ੍ਹਾਂ ਲਈ ਉਹ ਸੰਸਦ ਨੂੰ ਜਵਾਬਦੇਹ ਹੋਣਗੇ।
8. ਕਮਿਸ਼ਨਰ ਦੇ ਮੈਬਰਾਂ ਦੀ ਗਿਣਤੀ 7 ਤੋਂ ਵੱਧ ਹੋਣੀ ਚਾਹੀਦੀ ਹੈ। ਉਹਨਾਂ ਨੂੰ ਉਹਨਾਂ ਦੀ ਤਕਨੀਕੀ ਯੋਗਤਾਂ ਅਤੇ ਮੈਰਿਟ ਦੇ ਅਧਾਰ ਤੇ ਹੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।
9. ਕਮਿਸ਼ਨ ਦੇ ਮੈਬਰਾਂ ਦੇ ਅਹੁਦੇ ਦੀ ਮਿਆਦ 5 ਸਾਲ ਹੋਣੀ ਚਾਹੀਦੀ ਹੈ। ਉਹਨਾਂ ਦੀ ਮਿਆਦ ਵਿਚ ਵਾਧਾ ਬਹੁਤ ਘੱਟ ਮੌਕਿਆਂ ਤੇ ਕੀਤਾ ਜਾਣਾ ਚਾਹੀਦਾ ਹੈ।
10. ਕਮਿਸ਼ਨ ਦੇ ਮੈਂਬਰਾਂ ਵਿਚਕਾਰ ਕੰਮਾਂ ਦੀ ਵੰਡ ਉਹਨਾਂ ਦੀ ਤਕਨੀਕੀ ਯੋਗਤਾਂ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ।
11. ਕਮਿਸ਼ਨ ਪ੍ਰਸ਼ਾਸਨਿਕ ਮੁੱਖੀ ਅਜਿਹਾ ਲਾਇਕ ਵਿਅਕਤੀ ਹੋਣਾ ਚਾਹੀਦਾ ਹੈ ਜੋ ਕਿ ਪ੍ਰਸ਼ਾਸਨਿਕ ਖੇਤਰ ਵਿਚ ਨਾਮਣਾ ਖੱਟ ਚੁੱਕਿਆ ਹੋਵੇ। ਕਮਿਸ਼ਨ ਦੇ ਕੰਮ ਕਰਨ ਦੇ ਢੰਗ ਅਤੇ ਤਰੀਕੇ ਬੜੇ ਸਰਲ ਅਤੇ ਸਿਧੇ ਹੋਣੇ ਚਹੀਦੇ ਹਨ ਤਾਂ ਜੋ ਸਮੁੱਚੇ ਪ੍ਰਸ਼ਾਸ਼ਨ ਵਿਚ ਫੁਰਤੀ ਅਤੇ ਚੁਸਤੀ ਲਿਆਂਦੀ ਜਾ ਸਕੇ।
12. ਕਮਿਸ਼ਨ ਵੱਲੋਂ ਭੇਜੀਆਂ ਹੋਈਆਂ ਸਾਰਜੀਆਂ ਤਜਵੀਜਾਂ (Proposals) ਨੂੰ ਕੈਬਨਿਟ ਵਲੋਂ ਗੰਭੀਰ ਵਿਚਾਰ ਵਟਾਂਦਰੇ ਤੋਂ ਬਾਦ ਹੀ ਪਾਸ ਕਰਨਾ ਚਾਹੀਦਾ ਹੈ। ਇਹ ਕੰਮ ਕੈਬਨਿਟ ਦੀ ਕਿਸੇ ਸਬ ਕਮੇਟੀ ਵੱਲੋਂ ਨਹੀਂ ਕੀਤਾ ਜਾਦਾ ਚਾਹੀਦਾ। ਸੋ ਇਹ ਬਹੁਤ ਜਰੂਰੀ ਹੈ ਕਿ ਯੋਜਨਾਬੰਦੀ ਕਮਿਸ਼ਨ ਨੂੰ ਦੋਸ਼ ਰਹਿਤ ਸੰਸਥਾ ਬਣਾਇਆ ਜਾਵੇ ਤਾਂ ਜੋ ਇਹ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਕਰਲ ਵਿਚ ਆਪਦਾ ਵੱਧ ਤੋਂ ਵੱਧ ਯੋਗਦਾਨ ਪਾ ਸਕੇ।

ਜੇਕਰ ਯੋਜਨਾਬੰਦੀ ਕਮਿਸ਼ਨ ਦੇ ਕੰਮ ਕਾਰ ਦੇ ਢੰਗ ਹੀ ਦੋਸ਼ ਪੂਰਣ ਹੋਣਗੇ ਤਾਂ ਇਹ ਗੱਲ ਸੁਭਾਵਿਕ ਹੈ ਕਿ ਯੋਜਨਾਬੰਦੀ ਕਮਿਸ਼ਨ ਉਨ੍ਹਾਂ ਉਮੀਦਾਂ ਤੇ ਪੂਰਾ ਨਹੀਂ ਉਤਰ ਸਕਦਾ ਜਿਨ੍ਹਾਂ ਲਈ ਉਸ ਨੂੰ ਕਾਈਮ ਕੀਤਾ ਗਿਆ ਸੀ। ਕਮਿਸ਼ਨ ਦੇ ਕੰਮ ਕਰਨ ਦੇ ਢੰਗ ਨੂੰ ਸੁਧਾਰਣ ਲਈ ਪ੍ਰਸ਼ਾਸ਼ਕੀ ਸੁਧਾਰ ਕਮਿਸ਼ਨ ਦੇ ਸੁਝਾਅ ਬੜੇ ਚੰਗੇ ਅਤੇ ਢੁੱਕਵੇਂ ਹਨ। ਜੇਕਰ ਇਹਨਾਂ ਸੁਝਾਵਾਂ ਨੂੰ ਹਕੀਕਤ ਵਿਚ ਅਪਣਾ ਲਿਆ ਜਾਏ ਤਾਂ ਨਿਸ਼ਚੇ ਹੀ ਇਹ ਕਮਿਸ਼ਨ ਦੋਸ਼-ਰਹਿਤ ਬਣ ਸਕਦਾ ਹੈ।

# ਰਾਜ ਪੱਧਰ ਤੇ ਨਿਯੋਜਨ ਮਸ਼ੀਨਰੀ
## (Planning Machinery at State Level)

**ਰੂਪ ਰੇਖਾ**

1.6.0 ਉਦੇਸ਼
1.6.1 ਭੂਮਿਕਾ
1.6.2 ਯੋਜਨਾਬੰਦੀ ਦੀ ਪ੍ਰੀਭਾਸ਼ਾ
1.6.3 ਯੋਜਨਾਬੰਦੀ ਦੀਆਂ ਕਿਸਮਾਂ
1.6.4 ਰਾਜ ਪੱਧਰ ਤੇ ਨਿਯੋਜਨ ਮਸ਼ੀਨਰੀ
1.6.5 ਰਾਜ ਯੋਜਨਾ ਬੋਰਡ
1.6:5.1 ਰਾਜ ਯੋਜਨਾ ਬੋਰਡ ਦੀ ਬਣਤਰ
1.6:5.2 ਰਾਜ ਯੋਜਨਾ ਬੋਰਡ ਦੇ ਕੰਮ
1.6:5.3 ਸਕੱਤਰੇਤ
1.6:5.4 ਕਾਰਜਵਿਧੀ
1.6.6 ਸੁਝਾਈ ਪੁਸਤਕਾਂ ਦੀ ਸੂਚੀ
1.6.7 ਸਵੈ-ਪਰਖ ਲਈ ਦਿਤੇ ਪ੍ਰਸ਼ਨਾਂ ਦੇ ਉੱਤਰ

**1.6.0 ਉਦੇਸ਼** :- ਇਸ ਪਾਠ ਦਾ ਅਧਿਐਨ ਕਰਨ ਤੋਂ ਬਾਅਦ ਤੁਸੀ ਯੋਜਨਾਬੰਦੀ ਦਾ ਅਰਥ ਅਤੇ ਕਿਸਮਾਂ ਦਸਣ ਦੇ ਯੋਗ ਹੋ ਜਾਵੋਗੇ।

ਰਾਜ ਪੱਧਰ ਤੇ ਰਾਜ ਯੋਜਨਾਬੰਦੀ ਬੋਰਡ ਦੀ ਬਣਤਰ, ਕੰਮ ਅਤੇ ਉਸਦੇ ਸਕੱਤਰੇਤ ਬਾਰੇ ਪੂਰੀ ਜਾਣਕਾਰੀ ਰਖਣ ਦੀ ਸਥਿਤੀ ਵਿਚ ਹੋ ਜਾਵੋਗੇ।

ਜਿਲਾ ਪੱਧਰ ਦੀ ਯੋਜਨਾਬੰਦੀ ਕਮੇਟੀ ਦੀ ਬਣਤਰ ਅਤੇ ਕਾਰਜਾਂ ਦਾ ਅਧਿਐਨ ਵੀ ਠੀਕ ਢੰਗ ਨਾਲ ਕਰ ਸਕੋਗੇ।

**1.6.1 ਭੂਮਿਕਾ** :- ਆਧੁਨਿਕ ਯੁਗ ਵਿਚ ਯੋਜਨਾਬੰਦੀ ਕੇਵਲ ਇਕ ਪ੍ਰਥਾ ਹੀ ਨਹੀਂ, ਸਗੋਂ ਇਕ ਰਿਵਾਜ ਬਣ ਗਿਆ ਹੈ। ਸੰਸਾਰ ਦਾ ਕੋਈ ਵੀ ਅਜਿਹਾ ਦੇਸ਼ ਨਹੀਂ ਹੈ, ਜਿਸ ਨੇ ਯੋਜਨਾਬੰਦੀ ਨੂੰ ਨਾਂ ਅਪਨਾਇਆ ਹੋਵੇ। ਵਿਕਸਤ ਦੇਸ਼ਾਂ ਲਈ ਯੋਜਨਾਬੰਦੀ ਵਰਦਾਨ ਸਿੱਧ ਹੋਈ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਇਸਦਾ ਅਪਨਾਉਣਾ ਅਤਿ ਜ਼ਰੂਰੀ ਹੋ ਗਿਆ ਹੈ। ਇਸਦੀ ਸਹਾਇਤਾ ਨਾਲ ਹੀ ਦੇਸ਼ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਵਿਕਾਸ ਲਈ ਕਰ ਸਕਦਾ ਹੈ। ਯੋਜਨਾਬੰਦੀ ਭਾਵੇਂ ਕਿੰਨੀ ਵੀ ਚੰਗੀ ਕਿਉਂ ਨਾ ਹੋਵੇ ਉਹ ਬਿਲਕੁਲ ਵਿਅਰਥ ਹੈ ਜੇਕਰ ਲੋਕ ਪ੍ਰਸ਼ਾਸਨ ਕਾਰਜ-ਕੁਸ਼ਲਤਾ ਨਾਲ ਆਪਣਾ ਕਾਰਜ ਨਹੀਂ ਕਰਦਾ ਹੈ।

**1.6.2 ਯੋਜਨਾਬੰਦੀ ਦੀ ਪ੍ਰੀਭਾਸ਼ਾ** :- ਸਾਧਾਰਨ ਸ਼ਬਦਾਂ ਵਿਚ ਯੋਜਨਾਬੰਦੀ ਦਾ ਅਰਥ ਹੈ ਕੰਮ ਨੂੰ ਅਰੰਭ ਕਰਨ ਤੋਂ ਪਹਿਲਾਂ ਉਸਦੀ ਯੋਜਨਾਬੱਧ ਤਿਆਰੀ ਹੈ। ਫਿਫਨਰ (Pfiffner) ਦੇ ਕਥਨ ਅਨੁਸਾਰ, "ਯੋਜਨਾਬੰਦੀ ਇਕ ਤਰਕਵਾਦੀ ਪ੍ਰਕਿਰਿਆ ਹੈ ਜੋ ਸਾਰੇ ਮਨੁੱਖੀ ਵਿਹਾਰ ਦਾ ਇਕ ਲੱਛਣ ਹੈ"[1] ਜੇ.ਡੀ. ਮਿਲੇਟ (J.D. Millet) ਦੇ ਅਨੁਸਾਰ, "ਯੋਜਨਾਬੰਦੀ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਪ੍ਰਸ਼ਾਸਕੀ ਕੋਸ਼ਿਸ਼ ਦੇ ਉਦੇਸ਼ ਨੂੰ ਨਿਸ਼ਚਤ ਕਰਨਾ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਲਈ ਯੋਗ ਸਾਧਨਾਂ ਦੀ ਵਰਤੋਂ ਕਰਨਾ ਹੈ। ਯੋਜਨਾਬੰਦੀ ਇਸੇ ਕੰਮ ਦੀ ਤਿਆਰੀ ਕਰਦੀ ਹੈ।"[1]

ਐਲ.ਡੀ. ਵਾਈਟ (L.D. White) ਦੇ ਕਥਨ ਅਨੁਸਾਰ, "ਯੋਜਨਾਬੰਦੀ ਪ੍ਰਸ਼ਾਸਨ ਵਿਚ ਮੁਢਲੀ ਨੀਤੀ ਬਾਰੇ ਫੈਸਲਾ ਕਰਨ ਦੇ

1. According to Pfiffner and Presthus, "Planning is a rational process characteristic of all human behaviour."

ਸਮਾਨ ਨਹੀਂ ਹੈ। ਪ੍ਰਸ਼ਾਸਨ ਦੇ ਸੰਬੰਧ ਵਿਚ ਯੋਜਨਾਬੰਦੀ ਉਥੇ ਸ਼ੁਰੂ ਹੁੰਦੀ ਹੈ ਜਿਥੇ ਆਮ ਨੀਤੀ ਖਤਮ ਹੁੰਦੀ ਹੈ। ਇਸਦਾ ਸੰਬੰਧ ਸਾਧਨਾਂ ਨਾਲ ਹੈ ਜਿਨ੍ਹਾਂ ਦੁਆਰਾ ਉਦੇਸ਼ਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ।"[2] ਪੀਟਰ ਡਰੱਕਰ (Peter Drucker) ਦੇ ਵਿਚਾਰ ਅਨੁਸਾਰ, "ਯੋਜਨਾਬੰਦੀ ਵਰਤਮਾਨ ਵਿਚ ਭਵਿੱਖ ਦੇ ਲਈ ਨਿਰਣਾ ਕਰਨ ਦੀ ਲਗਾਤਾਰ ਪ੍ਰਕਿਰਿਆ ਹੈ। ਇਨ੍ਹਾਂ ਨਿਰਣਿਆਂ ਨੂੰ ਅਮਲੀ ਰੂਪ ਦੇਣ ਦੇ ਲਈ ਯਤਨਾਂ ਦਾ ਕ੍ਰਮ ਅਨੁਸਾਰ ਸੰਗਠਨ ਕਰਨਾ ਹੈ ਅਤੇ ਇਨ੍ਹਾਂ ਨਿਰਣਿਆਂ ਦੇ ਸਿੱਟਿਆਂ ਦੀ ਉਮੀਦਾਂ ਦੀ ਤੁਲਨਾ ਵਿਚ ਲੜੀਵਾਰ ਸੰਗਠਿਤ ਮੁੜ ਨਿਵੇਸ਼ (Feedback) ਦੇ ਰੂਪ ਵਿਚ ਨਾਪ ਕਰਨਾ ਹੈ।"[3]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਿਸ਼ਚਤ ਰੂਪ ਵਿਚ ਦਰਸਾਏ ਗਏ ਮੰਤਵਾਂ ਦੀ ਪੂਰਤੀ ਲਈ ਸਭ ਤੋਂ ਚੰਗੇ ਮਾਰਗ ਦੀ ਚੋਣ ਕਰਨ ਅਤੇ ਉਸਨੂੰ ਵਿਕਸਤ ਕਰਨ ਦੀ ਸੁਚੇਤ ਪ੍ਰਕਿਰਿਆ ਨੂੰ ਹੀ ਯੋਜਨਾਬੰਦੀ ਕਿਹਾ ਜਾਂਦਾ ਹੈ।

ਯੋਜਨਾਬੰਦੀ ਦੇ ਭਾਵੇਂ ਅਨੇਕਾਂ ਪੱਖ ਹਨ ਪ੍ਰੰਤੂ ਆਰਥਿਕ-ਸਮਾਜਿਕ ਯੋਜਨਾਬੰਦੀ ਇਸਦਾ ਇਕ ਮਹੱਤਵਪੂਰਨ ਪੱਖ ਹੈ। ਆਰਥਿਕ ਯੋਜਨਾਬੰਦੀ ਸਰਕਾਰ ਨੂੰ ਇਸ ਗਲ ਦੇ ਲਈ ਪ੍ਰੇਰਿਤ ਕਰਦੀ ਹੈ ਕਿ ਉਹ ਵਧੇਰੇ ਮਹੱਤਤਾ ਵਾਲੇ ਆਰਥਿਕ ਪਦਾਰਥਾਂ ਦੀ ਪ੍ਰਾਪਤੀ ਲਈ ਦੇਸ਼ ਦੀਆਂ ਜ਼ਰੂਰਤਾਂ ਨੂੰ ਨਿਰਧਾਰਿਤ ਕਰੇ। ਇਸੇ ਤਰ੍ਹਾਂ ਦੇਸ਼ ਵਿਚ ਉਤਪਾਦਨ ਦੇ ਵਾਧੇ ਅਤੇ ਚੰਗੀ ਵੰਡ ਵਿਵਸਥਾ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਸ਼ਟਰੀ ਆਰਥਿਕ ਯੋਜਨਾਬੰਦੀ ਜ਼ਰੂਰੀ ਹੋ ਗਈ ਹੈ। ਅਜਿਹੀ ਯੋਜਨਾਬੰਦੀ ਹਮੇਸ਼ਾ ਕੁਝ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ ਜਿਵੇਂ ਪੂਰਨ ਰੋਜ਼ਗਾਰ ਦੀ ਵਿਵਸਥਾ ਕਰਨਾ, ਪ੍ਰਤੀ ਜੀਅ ਆਮਦਨ ਵਿਚ ਵਾਧਾ ਕਰਨਾ,ਰਹਿਣ ਅਰਥ ਵਿਵਸਥਾ ਸਹਿਣ ਦੇ ਪੱਧਰ ਨੂੰ ਉੱਚਾ ਕਰਨਾ, ਜ਼ਰੂਰੀ ਵਸਤਾਂ ਵਿਚ ਆਤਮ ਨਿਰਭਰਤਾ ਪ੍ਰਾਪਤ ਕਰਨਾ ਆਦਿ।ਸਮਾਜਿਕ ਅਤੇ ਆਰਥਿਕ ਯੋਜਨਾਬੰਦੀ ਆਮ ਤੌਰ ਤੇ ਦੇਸ਼ ਦੀ ਅਰਥ ਵਿਵਸਥਾ ਵਿਚ ਸਰਕਾਰ ਦੀ ਦਖਲ-ਅੰਦਾਜੀ ਦੀ ਮੰਗ ਕਰਦੀ ਹੈ। ਸੁਤੰਤਰ ਭਾਰਤ ਦੇ ਸਰਵ-ਪੱਖੀ ਵਿਕਾਸ ਲਈ ਸਮਾਜਿਕ ਅਤੇ ਆਰਥਿਕ ਯੋਜਨਾਬੰਦੀ ਅਪਨਾਈ ਗਈ ਹੈ।

ਜੀ.ਡੀ.ਐਚ. ਕੋਲ (G.D.H. Cole) ਦੇ ਕਥਨ ਅਨੁਸਾਰ, "ਇਕ ਆਰਥਿਕ ਯੋਜਨਾਬੰਦੀ ਦਾ ਸਾਰ ਹੈ.... ਉਪਜ ਦੇ ਸਾਧਨਾਂ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਵੰਡ ਕਰਨ ਦੀ ਯੋਜਨਾ।"[4] ਇਸੇ ਤਰ੍ਹਾਂ ਐਸ.ਈ. ਹੈਰਿਸ (S.E. Harris) ਦਾ ਕਹਿਣਾ ਹੈ, "ਆਮਦਨ ਅਤੇ ਕੀਮਤ ਦੇ ਸੰਦਰਭ ਦੀ ਗਤੀ ਵਿਚ ਸਾਧਨਾਂ ਦੀ ਵੰਡ ਨੂੰ ਆਮ ਤੌਰ ਤੇ ਯੋਜਨਾਬੰਦੀ ਕਹਿੰਦੇ ਹਨ।"[5] ਸਾਧਾਰਨ ਸ਼ਬਦਾਂ ਵਿਚ ਯੋਜਨਾਬੰਦੀ ਦਾ ਅਰਥ ਅਜਿਹੀ ਪ੍ਰਕਿਰਿਆ ਜਿਸ ਰਾਹੀਂ ਰਾਸ਼ਟਰੀ ਸਾਧਨਾਂ ਦੀ ਯੋਗ ਵਰਤੋਂ ਕਰਦੇ ਹੋਏ ਨਿਰਧਾਰਿਤ ਸਮੇਂ ਵਿਚ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਹੋਰ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੈ। ਸੰਖੇਪ ਵਿਚ ਯੋਜਨਾਬੰਦੀ ਕਿਸੇ ਨਿਸ਼ਚਤ ਪ੍ਰੋਗਰਾਮ ਦੀ ਸੰਗਠਿਤ ਰੂਪ ਵਿਚ ਪ੍ਰਾਪਤੀ ਦਾ ਨਾਮ ਹੈ।

**1.6.3 ਯੋਜਨਾਬੰਦੀ ਦੀਆਂ ਕਿਸਮਾਂ (Kinds of Planning) :-** ਯੋਜਨਾਬੰਦੀ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਕਿਸਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**1. ਨੀਤੀ ਸੰਬੰਧੀ ਯੋਜਨਾਬੰਦੀ (Policy Planning) :–** ਹਰ ਸਰਕਾਰ ਲੰਬੇ ਸਮੇਂ ਦੇ ਟੀਚਿਆਂ ਲਈ ਆਪਣੀ ਸਮਾਜਿਕ ਤੇ ਆਰਥਿਕ ਨੀਤੀ ਘੋਸ਼ਿਤ ਕਰਦੀ ਹੈ। ਯੋਜਨਾਬੰਦੀ ਨਾਲ ਸੰਬੰਧਿਤ ਨੀਤੀ ਦਾ ਨਿਰਮਾਣ ਕਰਨਾ ਮੁੱਖ ਤੌਰ ਤੇ ਵਿਧਾਨ ਮੰਡਲ ਦਾ ਕੰਮ ਹੁੰਦਾ ਹੈ ਪ੍ਰੰਤੂ ਮੰਤਰੀ ਮੰਡਲ ਦੇ ਮੈਂਬਰ ਅਤੇ ਵੱਖ-ਵੱਖ ਵਿਧਾਨਿਕ ਕਮੇਟੀਆਂ ਦੇ ਮੈਂਬਰ ਵਿਧਾਨ ਮੰਡਲ ਦੀ ਇਸ ਕੰਮ ਵਿਚ ਸਹਾਇਤਾ ਕਰਦੇ ਹਨ। ਵੱਖ-ਵੱਖ ਰਾਜਨੀਤਿਕ ਦਲ ਅਤੇ ਦਬਾਅ ਸਮੂਹ ਵੀ ਯੋਜਨਾਬੰਦੀ ਸੰਬੰਧੀ ਨੀਤੀ ਤੇ ਆਪਣਾ ਪ੍ਰਭਾਵ ਪਾਉਣ ਦਾ ਯਤਨ ਕਰਦੇ ਹਨ। ਈ.ਐਮ. ਮਾਰਕਸ

---

1. In the words of J.D. Millet, "Planning is a process of determining the objectives of administrative efforts and of devising the means calculated to achieve them. Planning is preparation for action."
2. According to L.D. White, "Planning in administration does not equate with decision making in fundamental policy. In relation to Administration Planning Starts where general policy ends. It is related with means by which the aims are put into operation."
3. In the words of Peter Drucker, "Planning is the continuous process of making present knowledge of their futurity, organising systematically the efforts needed to carryout their decisions and measuring the results of these decisions against the expectations through organised systematic feedback."
4. According to G.D.H. Cole, "An economic plan is in essence, a plan for securing a right distribution of the available resources of production."
5. In the words of S.E. Harris, "Planning generally substitutes allocation of resources in response to price and income movement."

(E.M. Marx) ਦੇ ਅਨੁਸਾਰ ਪਿਛਲੇ ਕੁਝ ਸਾਲਾਂ ਤੋਂ ਰਾਸ਼ਟਰੀ ਕਿਰਿਆ ਦੇ ਵਿਸ਼ਾਲ ਮੰਤਵਾਂ ਦੀ ਯੋਜਨਾਬੰਦੀ ਸਰਕਾਰ ਦੀ ਕਾਰਜਕਾਰੀ ਸ਼ਾਖਾ ਦਾ ਕੰਮ ਬਣ ਗਿਆ ਹੈ। ਵਿਧਾਨ ਮੰਡਲ ਤਾਂ ਕੇਵਲ ਉਸ ਤੇ ਆਪਣੀ ਨਜ਼ਰਸਾਨੀ ਕਰਦਾ ਹੈ, ਉਸਦੀ ਆਲੋਚਨਾ ਕਰਦਾ ਹੈ ਅਤੇ ਮੁੱਖ ਕਾਰਜਕਾਰੀ ਦੀ ਜ਼ਿੰਮੇਵਾਰੀ ਅਧੀਨ ਪ੍ਰਸ਼ਾਸਕੀ ਏਜੰਸੀਆਂ ਦੁਆਰਾ ਤਿਆਰ ਕੀਤੀਆਂ ਯੋਜਨਾਵਾਂ ਵਿਚ ਤਬਦੀਲ ਕਰਦਾ ਹੈ। ਪ੍ਰੰਤੂ ਪ੍ਰਵਾਨਗੀ ਜਾਂ ਅਪ੍ਰਵਾਨਗੀ ਸੰਬੰਧੀ ਅੰਤਿਮ ਅਧਿਕਾਰ ਵਿਧਾਨ ਮੰਡਲ ਕੋਲ ਹੈ।

2. **ਪ੍ਰੋਗਰਾਮ ਦੀ ਯੋਜਨਾਬੰਦੀ (Programme Planning) :–** ਪ੍ਰੋਗਰਾਮ ਯੋਜਨਾਬੰਦੀ ਤੋਂ ਭਾਵ ਨਿਰਧਾਰਿਤ ਨੀਤੀ ਦੇ ਆਧਾਰ ਤੇ ਕ੍ਰਿਆਵਾਂ ਨੂੰ ਤੈਅ ਕਰਨਾ ਹੈ। ਇਹ ਵਿਸ਼ੇਸ਼ ਵਿਭਾਗਾਂ ਵਿਚ ਉਲੀਕੇ ਗਏ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਵਿਸ਼ਾਲ ਯੋਜਨਾਬੰਦੀ ਹੁੰਦੀ ਹੈ। ਅਜਿਹੀ ਯੋਜਨਾਬੰਦੀ ਨੂੰ ਹੋਰ ਸਾਰੀਆਂ ਕਿਸਮਾਂ ਦੀ ਯੋਜਨਾਬੰਦੀ ਦਾ ਸੰਗ੍ਰਹਿ ਕਿਹਾ ਜਾਂਦਾ ਹੈ। ਦਰਅਸਲ, ਇਹ ਤਾਂ ਕੇਵਲ ਤਜਵੀਜ਼ ਕੀਤੇ ਪ੍ਰੋਗਰਾਮ ਦੀ ਸਮੁੱਚੀ ਨਜ਼ਰਸਾਨੀ ਕਰਦੀ ਹੈ। ਇਸ ਵਿਚ ਸ਼ਾਮਿਲ ਸੇਵਾਵਾਂ ਦੀ ਗਿਣਤੀ ਨਿਸ਼ਚਿਤ ਕਰਦੀ ਹੈ। ਵਿਅਕਤੀਆਂ ਅਤੇ ਵਿੱਤੀ ਸਰੋਤਾਂ ਦਾ ਅੰਦਾਜ਼ਾ ਲਾਉਂਦੀ ਹੈ, ਸਾਧਾਰਨ ਕਾਰਜਾਂ ਬਾਰੇ ਫੈਸਲਾ ਕਰਦੀ ਹੈ ਅਤੇ ਇਹ ਵੀ ਵੇਖਦੀ ਹੈ ਕਿ ਇਹਨਾਂ ਸਾਧਨਾਂ ਦੀ ਵਰਤੋਂ ਸੰਬੰਧੀ ਸੰਗਠਨ ਦਾ ਢਾਂਚਾ ਕਿਹੋ ਜਿਹਾ ਹੋਣਾ ਚਾਹੀਦਾ ਹੈ ਤਾਂ ਜੋ ਉਪਲਬਧ ਸਰੋਤਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ।

3. **ਕ੍ਰਿਆਤਮਕ ਯੋਜਨਾਬੰਦੀ (Operational Planning) :–** ਕ੍ਰਿਆਤਮਕ ਯੋਜਨਾਬੰਦੀ ਦਾ ਅਰਥ ਕਿਸੇ ਪ੍ਰੋਗਰਾਮ ਦਾ ਲੜੀਵਾਰ ਵਿਸ਼ਲੇਸ਼ਣ ਕਰਨਾ ਹੈ। ਇਹ ਸਮੁੱਚੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਵਿਸਤ੍ਰਿਤ ਰੂਪ ਨਾਲ ਤਰੀਕਿਆਂ ਬਾਰੇ ਜਾਣਕਾਰੀ ਇਕੱਤਰ ਕਰਦਾ ਹੈ। ਫਿਫਨਰ (Pfiffner) ਦੇ ਅਨੁਸਾਰ, "ਕ੍ਰਿਆਤਮਕ ਯੋਜਨਾਬੰਦੀ ਦਾ ਸੰਬੰਧ ਕਿਸੇ ਅਧਿਕਾਰਤ ਪ੍ਰੋਗਰਾਮ ਦੇ ਪ੍ਰਣਾਲੀਬੱਧ ਵਿਸ਼ਲੇਸ਼ਣ ਅਤੇ ਅਜਿਹੇ ਵਿਸਤ੍ਰਿਤ ਸਾਧਨ ਨਿਸ਼ਚਿਤ ਕਰਨ ਨਾਲ ਹੈ ਜਿਹੜੇ ਇਸ ਨੂੰ ਸਿਰੇ ਚਾੜਨ ਲਈ ਜ਼ਰੂਰੀ ਹਨ।" ਡਿਵੀਜ਼ਨਾਂ ਅਤੇ ਸੈਕਸ਼ਨਾਂ ਦੇ ਮੁੱਖੀ ਇਸ ਗੱਲ ਲਈ ਜ਼ਿੰਮੇਵਾਰ ਹਨ ਕਿ ਉਦੇਸ਼ ਨਿਰਧਾਰਿਤ ਹੋਣ ਤੋਂ ਬਾਅਦ ਉਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸਰੋਤਾਂ ਅਤੇ ਤਰੀਕਿਆਂ ਦਾ ਪਤਾ ਲਗਾਉਣ। ਉਹਨਾਂ ਦਾ ਇਹ ਵੀ ਕਰਤੱਵ ਹੈ ਕਿ ਉਹ ਅਜਿਹੀਆਂ ਖਾਸ ਕਾਰਜਵਿਧੀਆਂ ਨੂੰ ਨਿਰਧਾਰਿਤ ਕਰਨ ਜਿਸ ਨਾਲ ਉਤਪਾਦਨ ਵਧੇ, ਸਮੇਂ ਦੀ ਬੱਚਤ ਹੋਵੇ ਅਤੇ ਤਰੱਕੀ ਹੋਵੇ। ਕ੍ਰਿਆਤਮਕ ਇਕਾਈਆਂ ਨੂੰ ਸੌਂਪੇ ਗਏ ਵੱਖ-ਵੱਖ ਕਾਰਜਾਂ ਦੀ ਸਮੇਂ-ਸਮੇਂ ਜਾਂਚ ਹੁੰਦੀ ਹੈ ਜਿਸਨੂੰ 'ਵਰਕਸ਼ਾਪ ਸਟੇਜ' (Workshop Stage) ਕਿਹਾ ਜਾਂਦਾ ਹੈ।

4. **ਪ੍ਰਸ਼ਾਸਕੀ ਯੋਜਨਾਬੰਦੀ (Administrative Planning) :–** ਪ੍ਰਸ਼ਾਸਕੀ ਯੋਜਨਾਬੰਦੀ ਦੇ ਮਾਧਿਅਮ ਰਾਹੀਂ ਪ੍ਰਸ਼ਾਸਕ ਵਰਗ ਪਿਛਲੇ ਤਜਰਬਿਆਂ ਨੂੰ ਧਿਆਨ ਵਿਚ ਰਖਦੇ ਹੋਏ ਭਵਿੱਖ ਦੇ ਪ੍ਰਗੋਰਾਮਾਂ ਦਾ ਨਿਰਮਾਣ ਕਰਦੇ ਹਨ। ਸਰਕਾਰ ਦੇ ਹਰ ਸੰਗਠਨ ਵਿਚ ਕ੍ਰਿਆਵਾਂ ਦੀ ਯੋਗ ਢੰਗ ਨਾਲ ਯੋਜਨਾਬੰਦੀ ਕੀਤੀ ਜਾਂਦੀ ਹੈ ਅਤੇ ਸੰਗਠਨ ਦੇ ਨਿਰਧਾਰਿਤ ਉਦੇਸ਼ਾਂ ਦੀ ਪ੍ਰਾਪਤੀ ਲਈ ਕਾਰਜ ਵਿਧੀਆਂ ਅਤੇ ਕਾਰਜ ਪੱਧਤੀਆਂ ਤੈਹ ਕੀਤੀਆਂ ਜਾਂਦੀਆਂ ਹਨ। ਇਹ ਇਕ ਅਟੱਲ ਸੱਚਾਈ ਹੈ ਕਿ ਯੋਜਨਾਬੰਦੀ ਤੋਂ ਬਿਨਾਂ ਕੋਈ ਪ੍ਰਸ਼ਾਸਨ ਕੁਸ਼ਲ ਨਹੀਂ ਹੋ ਸਕਦਾ। ਪ੍ਰਸ਼ਾਸਕੀ ਯੋਜਨਾਬੰਦੀ ਦਾ ਮੁੱਖ ਆਧਾਰ ਖੋਜ ਅਤੇ ਤੱਥ ਹੁੰਦੇ ਹਨ। ਕਿਸੇ ਕਾਰਜ ਦੀ ਯੋਜਨਾਬੰਦੀ ਕਰਨ ਤੋਂ ਪਹਿਲਾਂ ਉਸ ਨਾਲ ਸੰਬੰਧਿਤ ਤੱਥ ਅਤੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ। ਇਸ ਤਰ੍ਹਾਂ ਸੰਗਠਨ ਦੇ ਨਿਰਧਾਰਿਤ ਉਦੇਸ਼ਾਂ ਨੂੰ ਧਿਆਨ ਵਿਚ ਰਖਦੇ ਹੋਏ, ਉਤਪੰਨ ਹੋਣ ਵਾਲੇ ਸਿੱਟਿਆਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਯੋਗ ਪ੍ਰਸ਼ਾਸਕੀ ਯੋਜਨਾਬੰਦੀ ਦਾ ਨਿਰਮਾਣ ਮੁੱਖ ਕਾਰਜਪਾਲਿਕਾ ਦੁਆਰਾ ਵਿਭਾਗਾਂ ਦੇ ਮੁੱਖੀਆਂ ਦੀ ਸਲਾਹ ਨਾਲ ਕੀਤਾ ਜਾਂਦਾ ਹੈ।

5. **ਸਮਾਜਿਕ ਅਤੇ ਆਰਥਿਕ ਯੋਜਨਾਬੰਦੀ (Social and Economic Planning) :–** ਆਰਥਿਕ ਯੋਜਨਾਬੰਦੀ ਸਰਕਾਰ ਨੂੰ ਇਸ ਗੱਲ ਲਈ ਪ੍ਰੇਰਿਤ ਕਰਦੀ ਹੈ ਕਿ ਉਹ ਵਧੇਰੇ ਮਹੱਤਤਾ ਵਾਲੇ ਆਰਥਿਕ ਪਦਾਰਥਾਂ ਦੀ ਪ੍ਰਾਪਤੀ ਲਈ ਦੇਸ਼ ਦੀਆਂ ਜ਼ਰੂਰਤਾਂ ਨੂੰ ਨਿਰਧਾਰਿਤ ਕਰੇ। ਇਸੇ ਤਰ੍ਹਾਂ ਦੇਸ਼ ਵਿਚ ਉਤਪਾਦਨ ਦੇ ਵਾਧੇ ਅਤੇ ਚੰਗੀ ਵੰਡ ਵਿਵਸਥਾ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰਖਦੇ ਹੋਏ ਰਾਸ਼ਟਰੀ ਆਰਥਿਕ ਯੋਜਨਾਬੰਦੀ ਜ਼ਰੂਰੀ ਹੋ ਗਈ ਹੈ। ਅਜਿਹੀ ਯੋਜਨਾਬੰਦੀ ਹਮੇਸ਼ਾਂ ਕੁਝ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ ਜਿਵੇਂ- ਪੂਰਣ ਰੋਜ਼ਗਾਰ ਦੀ ਵਿਵਸਥਾ ਕਰਨਾ, ਪ੍ਰਤੀ ਜੀਅ ਆਮਦਨ ਵਿਚ ਵਾਧਾ ਕਰਨਾ, ਰਹਿਣ-ਸਹਿਣ ਦੇ ਪੱਧਰ ਨੂੰ ਉੱਚਾ ਕਰਨਾ, ਜ਼ਰੂਰੀ ਵਸਤਾਂ ਵਿਚ ਆਤਮ-ਨਿਰਭਰਤਾ ਪ੍ਰਾਪਤ ਕਰਨਾ ਆਦਿ। ਸਮਾਜਿਕ ਅਤੇ ਆਰਥਿਕ ਯੋਜਨਾਬੰਦੀ ਆਮ ਤੌਰ ਤੇ ਦੇਸ਼ ਦੀ ਅਰਥ ਵਿਵਸਥਾ ਵਿਚ ਸਰਕਾਰ ਦੀ ਦਖਲ-ਅੰਦਾਜ਼ੀ ਦੀ ਮੰਗ ਕਰਦੀ ਹੈ। ਸੁਤੰਤਰ ਭਾਰਤ ਦੇ ਸਰਵ-ਪੱਖੀ ਵਿਕਾਸ ਲਈ ਸਮਾਜਿਕ ਅਤੇ ਆਰਥਿਕ ਯੋਜਨਾਬੰਦੀ ਅਪਨਾਈ ਗਈ ਹੈ।ਹੁਣ ਤੱਕ ਭਾਰਤ ਵਿਚ ਨੌਂ ਪੰਜ ਸਾਲਾ ਯੋਜਨਾਵਾਂ ਸਫ਼ਲਤਾ ਪੂਰਵਕ ਲਾਗੂ ਕੀਤੀਆਂ ਗਈਆਂ ਹਨ ਅਤੇ ਦਸਵੀਂ ਪੰਜ ਸਾਲਾ ਯੋਜਨਾ ਲਾਗੂ ਹੋ ਚੁੱਕੀ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਆਧੁਨਿਕ ਸਮੇਂ ਵਿਚ ਯੋਜਨਾਬੰਦੀ ਨੂੰ ਕੇਵਲ ਦੇਸ਼ ਦੀਆਂ ਸੀਮਾਵਾਂ ਤੱਕ ਹੀ ਸੀਮਿਤ ਨਹੀਂ ਰਖਿਆ ਜਾ ਸਕਦਾ, ਸਗੋਂ ਇਸ ਦਾ ਪ੍ਰਭਾਵ ਦੂਸਰੇ ਦੇਸ਼ਾਂ ਤੇ ਵੀ ਪੈਂਦਾ ਹੈ।

6. **ਭੌਤਿਕ ਯੋਜਨਾਬੰਦੀ (Physical Planning) :–** ਸ਼ਹਿਰੀ ਅਤੇ ਦਿਹਾਤੀ ਯੋਜਨਾਬੰਦੀ ਅਤੇ ਕੁਦਰਤੀ ਸਾਧਨਾਂ ਦੀ ਯੋਜਨਾਬੰਦੀ ਨੂੰ ਭੌਤਿਕ ਯੋਜਨਾਬੰਦੀ ਕਿਹਾ ਜਾਂਦਾ ਹੈ। ਸ਼ਹਿਰੀ ਯੋਜਨਾਬੰਦੀ ਦਾ ਅਰਥ ਹੈ ਕਿ ਹਰ ਸ਼ਹਿਰ ਦੀਆਂ ਲੋੜਾਂ ਦਾ ਅਨੁਮਾਨ ਲਾਉਣਾ ਅਤੇ ਉਹਨਾਂ ਲਈ ਯੋਗ ਪ੍ਰਬੰਧ ਕਰਨਾ। ਸ਼ਹਿਰੀ ਵਿਕਾਸ ਲਈ ਅਜਿਹੀ ਯੋਜਨਾਬੰਦੀ ਦਾ ਕਾਫ਼ੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਸ਼ਹਿਰੀ ਕੇਂਦਰਾਂ,

ਜਲ ਸਪਲਾਈ, ਢੋ-ਢੁਆਈ ਪ੍ਰਣਾਲੀ, ਬਿਜਲੀ, ਜਲ ਨਿਕਾਸ, ਪਾਰਕਾਂ ਆਦਿ ਨਾਲ ਇਸ ਯੋਜਨਾਬੰਦੀ ਦਾ ਸੰਬੰਧ ਹੁੰਦਾ ਹੈ। ਸ਼ਹਿਰ ਵਾਸੀਆਂ ਦੀਆਂ ਸਿੱਖਿਆ ਅਤੇ ਡਾਕਟਰੀ ਸਹੂਲਤਾਂ, ਉਦਯੋਗਾਂ ਅਤੇ ਵਪਾਰ ਦੀ ਉੱਨਤੀ ਸਮਾਜਿਕ ਯੋਜਨਾਬੰਦੀ ਕਹਾਉਂਦੀ ਹੈ। ਸ਼ਹਿਰੀ ਯੋਜਨਾਬੰਦੀ ਦੇ ਨਾਲ-ਨਾਲ ਦਿਹਾਤੀ ਖੇਤਰਾਂ ਦੀ ਯੋਜਨਾਬੰਦੀ ਵੀ ਜ਼ਰੂਰੀ ਹੈ। ਦਿਹਾਤੀ ਯੋਜਨਾਬੰਦੀ ਵਿਚ ਖੇਤੀਬਾੜੀ, ਖਣਿਜਾਂ, ਘਰੇਲੂ ਉਦਯੋਗਾਂ ਆਦਿ ਦੇ ਵਿਕਾਸ ਲਈ ਦਿਹਾਤੀ ਇਲਾਕਿਆਂ ਵਿਚ ਜ਼ਮੀਨ ਦੀ ਠੀਕ ਵਰਤੋਂ ਸ਼ਾਮਿਲ ਹੈ। ਭਾਰਤ ਵਿਚ ਕੁਦਰਤੀ ਸਾਧਨਾਂ ਅਤੇ ਵਿਗਿਆਨਕ ਖੋਜ ਦਾ ਇਕ ਵਿਸ਼ੇਸ਼ ਮੰਤਰਾਲਾ ਹੈ ਜੋ ਦੇਸ਼ ਦੀਆਂ ਖਾਣਾਂ ਅਤੇ ਖਣਿਜਾਂ ਦੀ ਉੱਨਤੀ ਲਈ ਜ਼ਿੰਮੇਵਾਰ ਹੈ। ਇਸੇ ਤਰ੍ਹਾਂ ਸਿੰਚਾਈ ਅਤੇ ਬਿਜਲੀ ਸ਼ਕਤੀ ਮੰਤਰਾਲਾ ਵੀ ਅੰਤਰ-ਰਾਜੀ ਦਰਿਆ ਘਾਟੀਆਂ ਅਤੇ ਬਿਜਲੀ ਦੇ ਉਤਪਾਦਨ ਨੂੰ ਨਿਯਮਤ ਕਰਨ ਅਤੇ ਉਸਦੇ ਵਿਕਾਸ ਕਰਨ ਲਈ ਜ਼ਿੰਮੇਵਾਰ ਹੈ।

**1.6.4 ਰਾਜ ਪੱਧਰ ਤੇ ਨਿਯੋਜਨ ਮਸ਼ੀਨਰੀ (Planning Machinery at the State Level) :-**

ਸਾਡੇ ਦੇਸ਼ ਵਿਚ ਸੰਘਾਤਮਕ ਪ੍ਰਣਾਲੀ ਅਪਣਾਏ ਜਾਣ ਕਰਕੇ ਕੇਂਦਰ ਅਤੇ ਰਾਜਾਂ ਵਿੱਚ ਵਿਸ਼ਿਆਂ ਦੀ ਵੰਡ ਕੀਤੀ ਗਈ ਹੈ। ਆਰਥਿਕ ਅਤੇ ਸਮਾਜਿਕ ਯੋਜਨਾ ਦਾ ਵਿਸ਼ਾ ਸਮਵਰਤੀ ਸੂਚੀ ਵਿੱਚ ਰਖਿਆ ਗਿਆ ਹੈ ਜਿਸ ਦਾ ਮਤਲਬ ਕੇਂਦਰ ਅਤੇ ਰਾਜ ਦੋਵੇਂ ਹੀ ਆਪੋ ਆਪਣੇ ਖੇਤਰ ਵਿੱਚ ਯੋਜਨਾਵਾਂ ਬਣਾ ਸਕਦੇ ਹਨ। ਵਿਕੇਂਦਰੀਕਰਣ ਲੋਕਤੰਤਰ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਕੇਂਦਰੀਕਰਣ ਨਿਯੋਜਨ ਤੇ ਜ਼ਿਆਦਾ ਜ਼ੋਰ ਦਿੱਤਾ ਜਾਣ ਲਗ ਪਿਆ ਹੈ। ਇਸ ਨਾਲ ਰਾਜਾਂ ਦੀ ਜ਼ਿੰਮੇਵਾਰੀ ਤੇ ਮਹੱਤਤਾ ਹੋਰ ਵੀ ਵੱਧ ਗਈ ਹੈ। ਰਾਜ ਪੱਧਰ ਤੇ ਨਿਯੋਜਨ ਨਿਰਮਾਣ ਅਤੇ ਲਾਗੂ ਕਰਨ ਲਈ ਰਾਜ ਯੋਜਨਾ ਸੰਗਠਨ ਦੀ ਹੇਠ ਲਿਖੇ ਕਾਰਨਾਂ ਕਰਕੇ ਬਹੁਤ ਜ਼ਰੂਰਤ ਹੈ :-

1. ਹਰ ਇਕ ਰਾਜ ਦੀਆਂ ਆਪਣੀਆਂ ਔਕੜਾਂ ਹੁੰਦੀਆਂ ਹਨ ਅਤੇ ਹਰ ਇਕ ਰਾਜ ਦੇ ਵਿਕਾਸ ਦਾ ਪੱਧਰ ਵੀ ਵੱਖ-ਵੱਖ ਹੁੰਦਾ ਹੈ। ਸਾਰੇ ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਮਾਮਲਿਆਂ ਵਿੱਚ ਬਹੁਤ ਜ਼ਿਆਦਾ ਫਰਕ ਹੈ। ਇਸ ਲਈ ਕੋਈ ਵੀ ਯੋਜਨਾ ਕੇਂਦਰ ਸਰਕਾਰ ਵੱਲੋਂ ਸਾਰੇ ਰਾਜਾਂ ਲਈ ਇੱਕੋ ਜਿਹੀ ਲਾਗੂ ਨਹੀਂ ਕੀਤੀ ਜਾ ਸਕਦੀ।
2. ਰਾਜ ਸਰਕਾਰਾਂ ਵੱਲੋਂ ਕੇਂਦਰ ਵੱਲੋਂ ਬਣਾਈਆਂ ਗਈਆਂ ਸਾਰੀਆਂ ਯੋਜਨਾਵਾਂ ਨੂੰ ਲਾਗੂ ਕੀਤਾ ਜਾਂਦਾ ਹੈ। ਜੇ ਰਾਜ ਪੱਧਰ ਤੇ ਹੀ ਯੋਜਨਾਵਾਂ ਦਾ ਨਿਰਮਾਣ ਕੀਤਾ ਜਾਵੇ ਤਾਂ ਸਥਾਨਕ ਹਾਲਤਾਂ, ਲੋੜਾਂ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰਖਿਆ ਜਾ ਸਕਦਾ ਹੈ।
3. ਕੋਈ ਵੀ ਯੋਜਨਾ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਲਾਗੂ ਨਹੀਂ ਹੋ ਸਕਦੀ। ਇਸ ਸੰਬੰਧ ਵਿਚ ਲੋਕ ਤਾਂ ਹੀ ਸਹਿਯੋਗ ਦੇਣਗੇ ਜੇਕਰ ਉਹਨਾਂ ਦੀਆਂ ਸਥਾਨਕ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਕੇ ਯੋਜਨਾਵਾਂ ਬਣਾਈਆਂ ਜਾਣ।
4. ਯੋਜਨਾਵਾਂ ਤੋਂ ਹੋਣ ਵਾਲੇ ਲਾਭ ਨਾਲ ਸੰਬੰਧਤ ਵਿਅਕਤੀ ਰਾਜਾਂ ਦੇ ਜ਼ਿਆਦਾ ਨੇੜੇ ਹੁੰਦੇ ਹਨ ਜਿਹੜੇ ਕਿ ਆਰਥਿਕ ਹਿੱਤਾਂ ਦੀ ਬਜਾਏ ਰਾਜ ਨਾਲ ਭਾਵਨਾਤਮਕ ਤੌਰ ਤੇ ਜ਼ਿਅਦਾ ਜੁੜੇ ਹੋਏ ਹੁੰਦੇ ਹਨ।

ਰਾਜ ਪੱਧਰ ਤੇ ਯੋਜਨਾ ਤਿਆਰ ਕਰਨ ਦੀ ਜ਼ਿੰਮੇਵਾਰੀ ਰਾਜ ਯੋਜਨਾ ਵਿਭਾਗ ਦੀ ਹੁੰਦੀ ਹੈ ਜਿਹੜਾ ਕਿ ਮੁੱਖ ਮੰਤਰੀ ਦੀ ਦੇਖ ਰੇਖ ਵਿੱਚ ਕੰਮ ਕਰਦਾ ਹੈ। ਯੋਜਨਾ ਵਿਭਾਗ ਯੋਜਨਾ ਕਮਿਸ਼ਨ ਅਤੇ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਇਕ ਕੜੀ ਦਾ ਕੰਮ ਕਰਦਾ ਹੈ। ਯੋਜਨਾ ਕਮਿਸ਼ਨ ਰਾਜ ਯੋਜਨਾ ਵਿਭਾਗ ਵਲੋਂ ਦਿੱਤੀ ਗਈ ਜ਼ਰੂਰਤਾਂ ਦੀ ਸੂਚੀ ਨੂੰ ਕੇਂਦਰੀ ਤਰਜੀਹਾਂ ਦੇ ਆਧਾਰ ਤੇ ਤਿਆਰ ਕੀਤੀ ਯੋਜਨਾ ਵਿੱਚ ਸ਼ਾਮਿਲ ਕਰ ਲੈਂਦਾ ਹੈ। ਰਾਜ ਯੋਜਨਾ ਮਸ਼ੀਨਰੀ ਯੋਜਨਾ ਕਮਿਸ਼ਨ ਅਤੇ ਰਾਜ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੋਜਨਾ ਤਿਆਰ ਕਰਦੀ ਹੈ। ਰਾਜ ਯੋਜਨਾ ਵਿਭਾਗ ਵੱਖ-ਵੱਖ ਵਿਭਾਗਾਂ ਅਤੇ ਜ਼ਿਲਾ ਪੱਧਰ ਤੇ ਬਣਾਈਆਂ ਗਈਆਂ ਸਲਾਹਕਾਰੀ ਸੰਸਥਾਵਾਂ ਦੀ ਸਲਾਹ ਨਾਲ ਰਾਜ ਪੱਧਰ ਦੀ ਯੋਜਨਾ ਨੂੰ ਸਿਰੇ ਚਾੜਦਾ ਹੈ। ਬਹੁਤ ਸਾਰੇ ਰਾਜਾਂ ਨੇ ਰਾਜ ਪੱਧਰ ਤੇ ਯੋਜਨਾ ਬੋਰਡ ਬਣਾ ਲਏ ਹਨ।

**1.6.5 ਰਾਜ ਯੋਜਨਾ ਬੋਰਡ (State Planning Board) :–** ਮਾਰਚ 1962 ਵਿੱਚ ਯੋਜਨਾ ਕਮਿਸ਼ਨ ਨੇ ਸਾਰੇ ਰਾਜਾਂ ਨੂੰ ਰਾਜ ਯੋਜਨਾ ਬੋਰਡ ਸਥਾਪਿਤ ਕਰਨ ਦਾ ਸੁਝਾਅ ਦਿੱਤਾ ਸੀ। ਇਸਦੀ ਰਚਨਾ ਯੋਜਨਾ ਕਮਿਸ਼ਨ ਦੀ ਰਚਨਾ ਤੇ ਆਧਾਰਿਤ ਰਖਣ ਦੀ ਸਲਾਹ ਦਿੰਦੇ ਹੋਏ ਕਿਹਾ ਸੀ ਕਿ ਇਸ ਦਾ ਪ੍ਰਧਾਨ ਮੁਖ ਮੰਤਰੀ ਅਤੇ ਵਿਤ ਮੰਤਰੀ ਇਸਦਾ ਮੈਂਬਰ ਹੋਣਾ ਚਾਹੀਦਾ ਹੈ। ਦੋ ਜਾਂ ਤਿੰਨ ਮਾਹਿਰ ਪੂਰਨਕਾਲੀ ਮੈਂਬਰ ਹੋਣੇ ਚਾਹੀਦੇ ਹਨ। ਯੋਜਨਾ ਕਮਿਸ਼ਨ ਦਾ ਵਿਚਾਰ ਸੀ ਕਿ ਵੱਖ-ਵੱਖ ਵਿਭਾਗਾਂ ਨਾਲੋਂ ਯੋਜਨਾ ਬੋਰਡ ਯੋਜਨਾ ਬਣਾਉਣ ਦਾ ਕੰਮ ਜ਼ਿਆਦਾ ਵਿਸਥਾਰ ਨਾਲ ਕਰ ਸਕਦਾ ਹੈ।

1966 ਵਿੱਚ ਪ੍ਰਸ਼ਾਸਕੀ ਸੁਧਾਰ ਕਮਿਸ਼ਨ (Administrative Reforms Commission) ਨੇ ਪੰਜ ਸਾਲਾ ਯੋਜਨਾਵਾਂ ਬਣਾਉਣ ਅਤੇ ਯੋਜਨਾ ਦਾ ਮੁਲਅੰਕਣ ਕਰਨ ਲਈ ਇਹੋ ਜਿਹੇ ਬੋਰਡ ਬਣਾਉਣ ਦੀ ਸਿਫ਼ਾਰਸ਼ ਕੀਤੀ ਸੀ। ਇਹਨਾਂ ਬੋਰਡਾਂ ਦੇ ਕੰਮਾਂ ਨੂੰ ਠੀਕ ਤਰ੍ਹਾਂ ਨਿਭਾਉਣ ਲਈ ਕਮਿਸ਼ਨ ਨੇ ਇਹਨਾਂ ਦੇ ਵੱਖਰੇ ਸਕਤਰੇਤ ਦੀ ਵੀ ਸਿਫਾਰਸ਼ ਕੀਤੀ। ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਿਹਾਰ, ਗੁਜਰਾਤ, ਜੰਮੂ-ਕਸ਼ਮੀਰ, ਉੜੀਸਾ, ਪੰਜਾਬ, ਕੇਰਲਾ, ਰਾਜਸਥਾਨ ਅਤੇ ਪੱਛਮੀ ਬੰਗਾਲ ਆਦਿ ਅੱਠ ਰਾਜਾਂ ਨੇ ਆਪੋ ਆਪਣੇ ਰਾਜਾਂ ਵਿੱਚ ਯੋਜਨਾ ਬੋਰਡ ਸਥਾਪਿਤ ਕਰ ਲਏ ਹਨ। ਕਮਿਸ਼ਨ ਅਨੁਸਾਰ, "ਇਹਨਾਂ ਬੋਰਡਾਂ ਦੀ ਨਿਯੁਕਤੀ ਨੇ ਪ੍ਰਾਂਤਕ ਯੋਜਨਾ ਮਸ਼ੀਨਰੀ ਅਤੇ ਯੋਜਨਾ ਦੇ ਕੰਮਾਂ ਵਿੱਚ ਪ੍ਰਾਂਤਕ ਪੱਧਰ ਤੇ ਬੜੀ ਸਹਾਇਤਾ ਕੀਤੀ ਹੈ।" ਪ੍ਰਸ਼ਾਸਕੀ ਸੁਧਾਰ ਕਮਿਸ਼ਨ ਤੇ ਇਸ ਦੀ ਅਧਿਐਨ ਕਮੇਟੀ ਦੀਆਂ ਸਿਫਾਰਸ਼ਾਂ ਤੇ ਯੋਜਨਾ ਕਮਿਸ਼ਨ ਨੇ

ਸਾਰੇ ਰਾਜਾਂ ਨੂੰ ਯੋਜਨਾ ਬੋਰਡ ਬਣਾਉਣ ਤੇ ਯੋਜਨਾ ਮਸ਼ੀਨਰੀ ਨੂੰ ਮਜ਼ਬੂਤ ਕਰਨ ਲਈ ਹਦਾਇਤਾਂ ਦਿੱਤੀਆਂ।

ਸਿੱਟੇ ਵਜੋਂ ਬਹੁਤੇ ਰਾਜਾਂ ਵਿਚ ਯੋਜਨਾ ਬੋਰਡ ਸਥਾਪਿਤ ਕੀਤੇ ਗਏ ਅਤੇ ਛੋਟੀਆਂ ਯੋਜਨਾ ਸੰਸਥਾਵਾਂ ਮਜ਼ਬੂਤ ਕੀਤਾ ਗਿਆ। ਉੜੀਸਾ ਅਤੇ ਗੁਜਰਾਤ ਸਭ ਤੋਂ ਪਹਿਲੇ ਰਾਜ ਨੂੰ ਵੀ ਸਨ ਜਿਹਨਾਂ ਨੇ 1962 ਵਿੱਚ ਰਾਜ ਯੋਜਨਾ ਏਜੰਸੀਆਂ ਸਥਾਪਿਤ ਕੀਤੀਆਂ ਸਨ। ਕੁਝ ਹੋਰ ਰਾਜਾਂ ਨੇ ਛੇਵੇਂ ਦਹਾਕੇ ਦੇ ਅਖੀਰ ਵਿੱਚ ਜਾਂ ਸਤਵੇਂ ਦਹਾਕੇ ਦੇ ਸ਼ੁਰੂ ਵਿੱਚ ਯੋਜਨਾ ਏਜੰਸੀਆਂ ਸਥਾਪਿਤ ਕੀਤੀਆਂ।

**1.6.5.1 ਰਾਜ ਯੋਜਨਾ ਬੋਰਡ ਦੀ ਬਣਤਰ** :– ਰਾਜ ਯੋਜਨਾ ਬੋਰਡ ਦਾ ਇਕ ਪ੍ਰਧਾਨ, ਇਕ ਉਪ-ਪ੍ਰਧਾਨ ਅਤੇ ਕੁਝ ਹੋਰ ਮੈਂਬਰ ਹੁੰਦੇ ਹਨ। ਕੇਂਦਰੀ ਯੋਜਨਾ ਕਮਿਸ਼ਨ ਵਿੱਚ ਪ੍ਰਧਾਨ ਮੰਤਰੀ ਦੀ ਤਰ੍ਹਾਂ ਰਾਜ ਯੋਜਨਾ ਬੋਰਡ ਦਾ ਪ੍ਰਧਾਨ ਮੁੱਖ ਮੰਤਰੀ ਹੁੰਦਾ ਹੈ। ਰਾਜ ਦਾ ਵਿੱਤ ਮੰਤਰੀ ਇਸ ਦਾ ਉਪ-ਪ੍ਰਧਾਨ ਹੁੰਦਾ ਹੈ।

ਰਾਜ ਯੋਜਨਾ ਬੋਰਡ ਦੇ ਮੈਂਬਰਾਂ ਦੀ ਗਿਣਤੀ ਸਾਰੇ ਰਾਜਾਂ ਵਿੱਚ ਵੱਖ-ਵੱਖ ਹੈ। ਵੱਖ-ਵੱਖ ਰਾਜਾਂ ਵਿੱਚ ਬੋਰਡ ਦੇ ਮੈਂਬਰਾਂ ਦੀ ਗਿਣਤੀ ਇਕ ਤੋਂ ਚਾਲੀ ਦੇ ਵਿਚਕਾਰ ਹੈ। ਬਹੁਤੇ ਰਾਜਾਂ ਦੇ ਬੋਰਡਾਂ ਵਿਚ ਵਿਸ਼ੇਸ਼ਗ ਮੈਂਬਰ ਵੀ ਹੁੰਦੇ ਹਨ ਜਿਹਨਾਂ ਵਿਚ ਵਿਗਿਆਨੀ, ਅਰਥ ਸ਼ਾਸਤਰੀ ਅਤੇ ਸਿਖਿਆ ਸ਼ਾਸਤਰੀ ਆਦਿ ਹੁੰਦੇ ਹਨ। ਵਿਸ਼ੇਸ਼ਗ ਅਤੇ ਸਰਕਾਰੀ ਮੈਂਬਰਾਂ ਦੀ ਗਿਣਤੀ ਵੀ ਸਾਰੇ ਰਾਜਾਂ ਵਿੱਚ ਇੱਕੋ ਜਿਹੀ ਨਹੀਂ ਹੁੰਦੀ। ਆਮ ਤੌਰ ਤੇ ਮੁੱਖ ਸਕੱਤਰ, ਵਿੱਤ ਸਕੱਤਰ, ਯੋਜਨਾ ਸਕੱਤਰ, ਖੇਤੀ ਤੇ ਬਿਜਲੀ ਸਕੱਤਰ, ਮੁੱਖ ਮੰਤਰੀ ਦਾ ਮੁੱਖ ਸਕੱਤਰ ਆਦਿ ਇਸ ਦੇ ਪਦ ਅਧਿਕਾਰੀ ਮੈਂਬਰ (Ex-officio) ਹੁੰਦੇ ਹਨ।

**1.6.5.2 ਰਾਜ ਯੋਜਨਾ ਬੋਰਡ ਦੇ ਕੰਮ (Functions of State Planning Board) :–** ਰਾਜ ਯੋਜਨਾ ਬੋਰਡ ਦੇ ਮੁੱਖ ਕੰਮ ਹੇਠ ਲਿਖੇ ਅਨੁਸਾਰ ਹਨ :-

1. ਰਾਜ ਵਿੱਚ ਭੌਤਿਕ, ਆਰਥਿਕ ਅਤੇ ਮਨੁੱਖੀ ਸਾਧਨਾਂ ਦਾ ਮੁਲਅੰਕਣ ਕਰਕੇ ਇਹਨਾਂ ਨੂੰ ਸਹੀ ਤੇ ਸੰਤੁਲਿਤ ਰੂਪ ਵਿੱਚ ਵਰਤੋਂ ਕਰਨ ਲਈ ਯੋਜਨਾਵਾਂ ਬਣਾਉਣਾ।
2. ਰਾਜ ਵਿੱਚ ਘੱਟ ਸਮੇਂ ਅਤੇ ਲੰਮੇ ਸਮੇਂ ਦੀਆਂ ਤਰਜੀਹਾਂ ਨੂੰ ਨਿਸ਼ਚਿਤ ਕਰਨਾ। ਇਹ ਤਰਜੀਹਾਂ ਨਿਸ਼ਚਿਤ ਕਰਨ ਸਮੇਂ ਰਾਸ਼ਟਰੀ ਤਰਜੀਹਾਂ ਨੂੰ ਧਿਆਨ ਵਿੱਚ ਰੱਖਣਾ।
3. ਵਿਕਾਸੀ ਯੋਜਨਾਵਾਂ ਬਣਾਉਣ ਵਿੱਚ ਜ਼ਿਲਾ ਅਧਿਕਾਰੀਆਂ ਦੀ ਮਦਦ ਕਰਨਾ ਅਤੇ ਰਾਜ ਯੋਜਨਾਵਾਂ ਦੇ ਨਾਲ ਇਹਨਾਂ ਦਾ ਤਾਲਮੇਲ ਰਖਣਾ।
4. ਰਾਜ ਵਿੱਚ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਘੱਟ ਕਰਨ ਵਾਲੇ ਤੱਤਾਂ ਦੀ ਜਾਂਚ ਕਰਨੀ ਅਤੇ ਯੋਜਨਾਵਾਂ ਨੂੰ ਸਫ਼ਲਤਾ ਪੂਰਵਕ ਲਾਗੂ ਕਰਨ ਲਈ ਦਿਸ਼ਾਵਾਂ ਨਿਰਧਾਰਿਤ ਕਰਨੀਆਂ।
5. ਯੋਜਨਾਵਾਂ ਨੂੰ ਲਾਗੂ ਕਰਨ ਸੰਬੰਧੀ ਪ੍ਰੋਗਰਾਮਾਂ ਦੀ ਜਾਂਚ-ਪੜਤਾਲ ਕਰਨੀ ਅਤੇ ਲੋੜ ਅਨੁਸਾਰ ਉਹਨਾਂ ਵਿੱਚ ਤਬਦੀਲੀ ਕਰਨ ਲਈ ਸੁਝਾਅ ਦੇਣਾ।
6. ਰਾਜ ਸਰਕਾਰ ਵਲੋਂ ਸੌਂਪੇ ਗਏ ਕਿਸੇ ਵੀ ਵਿਸ਼ੇ ਤੇ ਸਲਾਹ ਦੇਣਾ।

**ਅਭਿਆਸ ਲਈ ਪ੍ਰਸ਼ਨ – ।**

1) ਰਾਜ ਯੋਜਨਾ ਬੋਰਡ ਦੀ ਬਣਤਰ ਬਾਰੇ ਲਿਖੋ ।

ਉਤਰ : ------------------------------------------------------------------------

------------------------------------------------------------------------

------------------------------------------------------------------------

------------------------------------------------------------------------

------------------------------------------------------------------------

------------------------------------------------------------------------

2) ਰਾਜ ਯੋਜਨਾ ਬੋਰਡ ਦੇ ਕੋਈ ਚਾਰ ਕਾਰਜਾਂ ਦਾ ਉਲੇਖ ਕਰੋ ।

ਉਤਰ : ------------------------------------------------------------------------

------------------------------------------------------------------------

------------------------------------------------------------------------

------------------------------------------------------------------------

------------------------------------------------------------------------

------------------------------------------------------------------------

**1.6.5.3 ਸਕੱਤਰੇਤ (Secretariat) :–** ਬਹੁਤ ਸਾਰੇ ਰਾਜਾਂ ਵਿਚ ਯੋਜਨਾ ਬੋਰਡਾਂ ਕੋਲ ਵੱਖਰੇ ਸਕੱਤਰੇਤ ਨਹੀਂ ਹਨ। ਇਹਨਾਂ ਰਾਜਾਂ ਵਿਚ ਯੋਜਨਾ ਵਿਭਾਗ ਇਹਨਾਂ ਨੂੰ ਲੋੜੀਂਦੀ ਸਹਾਇਤਾ ਦਿੰਦਾ ਹੈ। ਪੰਜਾਬ, ਕੇਰਲਾ, ਬਿਹਾਰ, ਆਸਾਮ ਅਤੇ ਤਾਮਿਲਨਾਡੂ ਆਦਿ ਰਾਜਾਂ ਵਿਚ ਇਹਨਾਂ ਬੋਰਡਾਂ ਕੋਲ ਆਪਣੇ ਵੱਖਰੇ ਸਕੱਤਰੇਤ ਹਨ। ਯੋਜਨਾ ਸਕੱਤਰ ਆਪਣੇ ਅਹੁਦੇ ਕਾਰਨ ਇਸਦਾ ਸਕੱਤਰ ਹੁੰਦਾ ਹੈ। ਪੰਜਾਬ ਵਿੱਚ ਯੋਜਨਾ ਬੋਰਡ ਦੇ ਦਫ਼ਤਰ ਨੂੰ ਅਗੇ 14 ਡਵੀਜ਼ਨਾਂ ਵਿੱਚ ਵੰਡਿਆ ਗਿਆ ਹੈ। ਇਹ ਡਵੀਜ਼ਨਾਂ ਇਸ ਪ੍ਰਕਾਰ ਹਨ :-

1. ਯੋਜਨਾ ਤਾਲਮੇਲ ਡਿਵੀਜ਼ਨ, 2. ਆਰਥਿਕ ਡਿਵੀਜ਼ਨ, 3. ਖੇਤਰੀ ਯੋਜਨਾ ਡਿਵੀਜ਼ਨ, 4. ਖੇਤੀਬਾੜੀ ਅਤੇ ਪੇਂਡੂ ਵਿਕਾਸ ਡਿਵੀਜ਼ਨ, 5. ਰੁਜ਼ਗਾਰ ਅਤੇ ਮਨੁੱਖੀ ਸ਼ਕਤੀ ਡਿਵੀਜ਼ਨ, 6. ਸਿੰਚਾਈ ਡਿਵੀਜ਼ਨ, ਨਿਕਾਸ ਪ੍ਰਬੰਧ ਅਤੇ ਹੜ੍ਹ ਕੰਟਰੋਲ ਡਿਵੀਜ਼ਨ, 7. ਉਰਜਾ ਡਿਵੀਜ਼ਨ, 8. ਵਪਾਰ ਅਤੇ ਆਵਾਜਾਈ ਡਿਵੀਜ਼ਨ, 9. ਕਾਰਖਾਨੇ ਅਤੇ ਖਨਿਜ ਪਦਾਰਥ ਡਿਵੀਜ਼ਨ, 10. ਹਾਊਸਿੰਗ ਅਤੇ ਸ਼ਹਿਰੀ ਵਿਕਾਸ, 11. ਖਾਸ ਪਛੜਿਆ ਇਲਾਕਾ ਡਿਵੀਜ਼ਨ 12. ਸਮਾਜਿਕ ਸੇਵਾਵਾਂ ਡਿਵੀਜ਼ਨ, 13. ਯੋਜਨਾ ਅਤੇ ਨਿਰੀਖਣ ਡਿਵੀਜ਼ਨ, 14. ਖਾਸ ਤੱਤ ਯੋਜਨਾ ਡਿਵੀਜ਼ਨ।

ਕੁਝ ਰਾਜਾਂ ਵਿਚ ਯੋਜਨਾ ਬੋਰਡ ਦੇ ਨਾਲ-ਨਾਲ ਯੋਜਨਾ ਵਿਭਾਗ ਦੀ ਵੀ ਵਿਵਸਥਾ ਕੀਤੀ ਗਈ ਹੈ। ਪੰਜਾਬ ਵਿੱਚ ਵੀ ਯੋਜਨਾ ਵਿਭਾਗ ਦੀ ਸਥਾਪਨਾ ਕੀਤੀ ਗਈ ਹੈ। ਯੋਜਨਾ ਮੰਤਰੀ ਇਸ ਦਾ ਰਾਜਨੀਤਕ ਮੁਖੀ ਹੁੰਦਾ ਹੈ ਅਤੇ ਯੋਜਨਾ ਕਮਿਸ਼ਨਰ ਇਸ ਦਾ ਪ੍ਰਸ਼ਾਸਕੀ ਮੁੱਖੀ ਹੁੰਦਾ ਹੈ। ਇਸ ਵਿਭਾਗ ਦਾ ਕੰਮ ਸਾਲਾਨਾ ਅਤੇ ਪੰਜ ਸਾਲਾ ਯੋਜਨਾਵਾਂ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਨਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਹੈ। ਵਿਕਾਸ ਸੰਬੰਧੀ ਸਾਰੀਆਂ ਯੋਜਨਾਵਾਂ ਅਤੇ ਪ੍ਰੋਗਰਾਮਾਂ ਵਿਚ ਤਾਲਮੇਲ ਕਾਇਮ ਕਰਨਾ ਤੇ ਉਨ੍ਹਾਂ ਦਾ ਮੁਲਅੰਕਣ ਕਰਨਾ ਵੀ ਇਸੇ ਵਿਭਾਗ ਦਾ ਕੰਮ ਹੈ। ਇਸ ਤੋਂ ਇਲਾਵਾ ਰਾਜਾਂ ਵਿੱਚ ਰਾਜ ਵਿਕਾਸ ਬੋਡਰ ਵੀ ਸਥਾਪਿਤ ਕੀਤੇ ਗਏ ਹਨ। ਬਹੁਤ ਸਾਰੇ ਰਾਜਾਂ ਵਿੱਚ ਰਾਜ ਯੋਜਨਾ ਬੋਰਡ ਸਲਾਹਕਾਰੀ ਸੰਸਥਾਵਾਂ ਵਜੋਂ ਕੰਮ ਕਰਦੇ ਹਨ ਜਦੋਂ ਕਿ ਯੋਜਨਾ ਵਿਭਾਗ ਕਾਰਜਕਾਰੀ ਵਿਭਾਗ ਹਨ ਜਿਹੜੇ ਕਿ ਯੋਜਨਾ ਨਿਰਮਾਣ, ਲਾਗੂ ਕਰਨ, ਨਿਰੀਖਣ ਅਤੇ ਮੁਲਅੰਕਣ ਦੇ ਕੰਮ ਲਈ ਜ਼ਿੰਮੇਵਾਰ ਹੁੰਦੇ ਹਨ।

**1.6.5.4 ਕਾਰਜਵਿਧੀ (Working) :–** ਰਾਜ ਪੱਧਰ ਤੇ ਯੋਜਨਾ ਮਸ਼ੀਨਰੀ ਦਾ ਸਮੁੱਚਾ ਪ੍ਰਬੰਧ ਤਸੱਲੀਬਖਸ਼ ਨਹੀਂ ਹੈ। ਯੋਜਨਾ ਕਮਿਸ਼ਨ ਅਤੇ ਪ੍ਰਬੰਧਕੀ ਸੁਧਾਰ ਕਮਿਸ਼ਨ ਨੇ ਇਹ ਸਿਫਾਰਿਸ਼ ਕੀਤੀ ਹੈ ਕਿ ਯੋਜਨਾ ਕਮਿਸ਼ਨ ਦੇ ਨਮੂਨੇ ਦੇ ਆਧਾਰ ਤੇ ਰਾਜਾਂ ਵਿਚ ਯੋਜਨਾ ਸੰਗਠਨ ਬਣਾਉਣੇ ਚਾਹੀਦੇ ਹਨ। ਪਰ ਅਜੇ ਵੀ ਕਈ ਰਾਜਾਂ ਨੇ ਯੋਜਨਾ ਬੋਰਡ ਸਥਾਪਿਤ ਨਹੀਂ ਕੀਤੇ। ਜਿਹਨਾਂ ਰਾਜਾਂ ਨੇ ਬੋਰਡ ਸਥਾਪਿਤ ਕੀਤੇ ਹਨ, ਉਹਨਾਂ ਨੂੰ ਸੰਸਥਾਤਮਕ ਮਦਦ ਨਹੀਂ ਦਿੱਤੀ ਗਈ ਜਿਸ ਕਾਰਨ ਉਹਨਾਂ ਕੋਲ ਗੈਰ-ਤਸੱਲੀਬਖਸ਼ ਅਤੇ ਅਣ-ਸਿਖਿਅਤ ਸਟਾਫ ਹੈ।

ਹਰ ਇੱਕ ਰਾਜ ਦੀ ਯੋਜਨਾ ਕੇਂਦਰ ਅਤੇ ਰਾਜ ਵਿਚਕਾਰ ਇੱਕ ਸਮਝੌਤੇ ਦੀ ਉਪਜ ਹੁੰਦੀ ਹੈ। ਯੋਜਨਾ ਮੂਲ ਰੂਪ ਵਿੱਚ ਰਾਜ ਦੁਆਰਾ ਬਣਾਈ ਜਾਂਦੀ ਹੈ ਪਰ ਯੋਜਨਾ ਕਮਿਸ਼ਨ ਨਾਲ ਵਿਚਾਰ ਕਰਨ ਤੋਂ ਬਾਦ ਇਸ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਰਾਸ਼ਟਰੀ ਵਿਕਾਸ ਕੌਂਸਲ ਆਉਣ ਵਾਲੀ ਯੋਜਨਾ ਦਾ ਖੇਤਰ, ਉਦੇਸ਼ ਅਤੇ ਤਰਜੀਹਾਂ ਦਾ ਫੈਸਲਾ ਕਰਦੀ ਹੈ। ਯੋਜਨਾ ਕਮਿਸ਼ਨ ਕੇਂਦਰੀ ਅਤੇ ਰਾਜ ਦੋਨਾਂ ਖੇਤਰਾਂ ਬਾਰੇ ਵਿਸਥਾਰ ਪੂਰਵਕ ਵਿਚਾਰ ਕਰਕੇ ਯੋਜਨਾਵਾਂ ਨੂੰ, ਸੰਬੰਧਤ ਰਾਜ ਸਰਕਾਰਾਂ ਤਕ ਪਹੁੰਚਾਉਂਦਾ ਹੈ। ਰਾਜ ਪੱਧਰ ਤੇ ਹਰੇਕ ਵਿਭਾਗ ਜ਼ਿਲਿਆਂ ਤੋਂ ਆਈਆਂ ਤਜ਼ਵੀਜ਼ਾਂ ਦੇ ਆਧਾਰ ਤੇ ਅਸਥਾਈ ਯੋਜਨਾ ਤਿਆਰ ਕਰਦਾ ਹੈ ਅਤੇ ਮੰਤਰੀ ਅਤੇ ਸਕੱਤਰ ਉਹਨਾਂ ਤੇ ਵਿਚਾਰ ਕਰਦੇ ਹਨ। ਵਿਚਾਰ ਤੋਂ ਬਾਦ ਯੋਜਨਾ ਦਾ ਖਰੜਾ ਕੈਬਨਿਟ ਉਪ ਕਮੇਟੀ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਫਿਰ ਰਾਜ ਯੋਜਨਾ ਬੋਰਡ ਵੱਲੋਂ ਉਸ ਉੱਤੇ ਵਿਚਾਰ ਕੀਤਾ ਜਾਂਦਾ ਹੈ। ਇਸਦੀ ਪ੍ਰਵਾਨਗੀ ਤੋਂ ਬਾਅਦ ਯੋਜਨਾ ਦੀ ਰੂਪ-ਰੇਖਾ ਤਿਆਰ ਹੋ ਜਾਂਦੀ ਹੈ ਅਤੇ ਇਸ ਦੀਆਂ ਕਾਪੀਆਂ ਕੇਂਦਰੀ ਮੰਤਰਾਲੇ ਅਤੇ ਯੋਜਨਾ ਕਮਿਸ਼ਨ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ। ਇਸ ਤ੍ਹੋ ਬਾਅਦ ਰਾਜ ਦੇ ਪ੍ਰਤੀਨਿਧ ਮੁੱਖ ਮੰਤਰੀ, ਯੋਜਨਾ ਤੇ ਵਿੱਤ ਮੰਤਰੀ ਨੂੰ ਖਰੜਾ ਯੋਜਨਾ ਤੇ ਵਿਚਾਰ ਕਰਨ ਲਈ ਬੁਲਾਇਆ ਜਾਂਦਾ ਹੈ। ਇਸ ਤਰ੍ਹਾਂ ਅੰਤਿਮ ਯੋਜਨਾ ਕੇਂਦਰ ਅਤੇ ਰਾਜਾਂ ਵਿਚਕਾਰ ਹੋਏ ਸਮਝੌਤੇ ਦਾ ਸਿੱਟਾ ਹੁੰਦੀ ਹੈ। ਰਾਜ ਮੰਤਰੀ ਮੰਡਲ ਅਤੇ ਵਿਧਾਨ ਸਭਾਵਾਂ ਦੀ ਮਨਜ਼ੂਰੀ ਤੋਂ ਬਾਅਦ ਯੋਜਨਾ ਬੰਧਨਕਾਰੀ ਹੋ ਜਾਂਦੀ ਹੈ। ਯੋਜਨਾ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਰਾਜ ਦੀ ਹੁੰਦੀ ਹੈ।

ਇਕ ਪੰਜ ਸਾਲਾ ਯੋਜਨਾ ਨੂੰ ਤਿਆਰ ਕਰਨ ਦੇ ਸਾਰੇ ਅਮਲ ਵਿੱਚ, ਰਾਜ ਯੋਜਨਾ ਬੋਰਡ ਵੱਲੋਂ ਨਿਭਾਇਆ ਗਿਆ ਰੋਲ ਬਹੁਤ ਮਹੱਤਵਪੂਰਣ ਹੁੰਦਾ ਹੈ। ਇਹ ਰਾਜ ਦੀ ਆਰਥਿਕ ਹਾਲਤ ਉੱਤੇ ਵਿਚਾਰ ਕਰਦਾ ਹੈ, ਆਪਣੇ ਸੋਮਿਆਂ ਦਾ ਅਨੁਮਾਨ ਲਗਾਉਂਦਾ ਹੈ, ਕਾਰਜਕਾਰੀ ਗਰੁੱਪ ਬਣਾਉਂਦਾ ਹੈ, ਉਹਨਾਂ ਦੀ ਅਗਵਾਈ ਕਰਦਾ ਹੈ ਅਤੇ ਉਹਨਾਂ ਦੀ ਚਰਚਾ ਉੱਤੇ ਬਹਿਸ ਵਿੱਚ ਹਿੱਸਾ ਲੈਂਦਾ ਹੈ। ਯੋਜਨਾ ਵਿਭਾਗ ਜਾਂਚ-ਪੜਤਾਲ ਕਰਦਾ ਹੈ ਅਤੇ ਤਜਵੀਜ਼ਾਂ ਨੂੰ ਅੰਤਿਮ ਰੂਪ ਦਿੰਦਾ ਹੈ।

**ਅਭਿਆਸ ਲਈ ਪ੍ਰਸ਼ਨ – ।।**

1) ਪੰਜਾਬ ਦੇ ਵਿਚ ਯੋਜਨਾ ਬੋਰਡ ਦੇ ਦਫਤਰ ਦੀਆਂ ਚਾਰ ਡਵੀਜਨਾਂ ਲਿਖੋ ।

ਉਤਰ : ------------------------------------------------------------------------

------------------------------------------------------------------------

---------------------------------------------------------------------------------------
---------------------------------------------------------------------------------------
---------------------------------------------------------------------------------------
---------------------------------------------------------------------------------------

2) ਪੰਜਾਬ ਰਾਜ ਦੀ ਯੋਜਨਾਬੰਦੀ ਮਸ਼ੀਨਰੀ ਦੀ ਕਾਰਜਵਿਧੀ ਸਬੰਧੀ ਚਾਰ ਪੰਜ ਲਾਈਨਾਂ ਲਿਖੋ ।

ਉਤਰ : ---------------------------------------------------------------------------------------
---------------------------------------------------------------------------------------
---------------------------------------------------------------------------------------
---------------------------------------------------------------------------------------
---------------------------------------------------------------------------------------
---------------------------------------------------------------------------------------

### 1.6.6 ਸੁਝਾਈ ਪੁਸਤਕਾਂ ਦੀ ਸੂਚੀ

1. ਸਾਹਿਬ ਸਿੰਘ - ਸਵਿੰਦਰ ਸਿੰਘ ਭਾਰਤ ਵਿਚ ਵਿਕਾਸ ਪ੍ਰਸ਼ਾਸਨ
2. ਕੇ. ਕੇ. ਪੁਰੀ ਭਾਰਤ ਵਿਚ ਵਿਕਾਸ ਪ੍ਰਸ਼ਾਸਨ
3. ਹਰਬੀਰ ਸਿੰਘ ਭਾਰਤ ਵਿਚ ਵਿਕਾਸ ਪ੍ਰਸ਼ਾਸਨ

**ਸਵੈ-ਪਰਖ ਲਈ ਦਿਤੇ ਦਿਤੇ ਪ੍ਰਸ਼ਨ**

1) ਰਾਜ ਯੋਜਨਾਬੰਦੀ ਬੋਰਡ ਦੀ ਬਣਤਰ ਅਤੇ ਕਾਰਜਾਂ ਦੀ ਚਰਚਾ ਕਰੋ ।

### 1.6.7 ਸਵੈ-ਪਰਖ ਲਈ ਦਿਤੇ ਪ੍ਰਸ਼ਨਾਂ ਦੇ ਉੱਤਰ

ਪਹਿਲੇ ਪ੍ਰਸ਼ਨ ਦੇ ਉੱਤਰ ਵਿਚ ਯੋਜਨਾਬੰਦੀ ਦੀ ਪ੍ਰੀਭਾਸ਼ਾ ਅਤੇ ਉਸਦੀਆਂ ਵੱਖ-ਵੱਖ ਪ੍ਰੀਭਾਸ਼ਾਵਾਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ ।

ਰਾਜ ਪੱਧਰ ਤੇ ਯੋਜਨਾਬੰਦੀ ਮਸ਼ੀਨਰੀ ਵਿਚ ਰਾਜ ਯੋਜਨਾਬੰਦੀ ਬੋਰਡ ਦੀ ਬਣਤਰ ਕਾਰਜ ਅਤੇ ਸ਼ਕਤੀਆਂ ਆਪਣੇ ਉਤਰ ਵਿਚ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ

TYPE SETTING :
DEPARTMENT OF DISTANCE EDUCATION, PUNJABI UNIVERSITY PATIALA.